New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਕਿਸੇ ਪ੍ਰਕਾਰ ਦੀ ਵੀ ਇੰਸ਼ੋਰੈਂਸ ਸਬੰਧੀ ਜਾਣਕਾਰੀ ਲਵੋ।
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 18 27 December, 2024 C ੧੩ ਪੋਹ ਨਾਨਕਸ਼ਾਹੀ ਸੰਮਤ ੫੫੬
Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

## ਸਰਕਾਰ ਵਲੋਂ ਬਦਲੇ ਨਿਯਮਾਂ ਕਾਰਨ ਕੈਨੇਡਾ ’ਚ ਪ੍ਰਵਾਸੀਆਂ ਦਾ ਪੱਕੇ ਹੋਣਾ ਹੋਇਆ ਮੁਸ਼ਕਿਲ

**ਸਰੀ, (ਸਿਮਰਨਜੀਤ ਸਿੰਘ):** ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰਾਲੇ ਵਲੋਂ ਆਉਂਦੇ ਨਵੇਂ ਸਾਲ 2025 ਦੌਰਾਨ ਕੈਨੇਡਾ ਵਿਚ ਪੱਕੇ ਹੋਣ ਲਈ ਨਿਯਮਾਂ 'ਚ ਬਦਲਾਅ ਕਰਨ ਹੋ ਰਿਹਾ ਹੈ ਅਤੇ ਇਹ ਤਬਦੀਲੀ ਫਰਵਰੀ 2025 ਵਿੱਚ ਲਾਗੂ ਹੋਵੇਗੀ। ਜਿਸ ਕਾਰਨ ਕੈਨੇਡਾ ਵਿੱਚ ਆ ਕੇ ਵਸਣ ਦੇ ਇਛੁੱਕ ਪਰਵਾਸੀਆਂ ਲਈ ਨਵੇਂ ਇਮੀਗ੍ਰੇਸ਼ਨਾਂ ਨਿਯਮਾਂ ਵਿੱਚ ਕੀਤੇ ਬਦਲਾਅ ਨਾਲ ਪੱਕੇ ਹੋਣ ਦਾ ਰਾਹ ਹੁਣ ਔਖਾ ਹੋ ਗਿਆ ਹੈ। ਸਭ ਤੋਂ ਪਹਿਲਾ ਸਰਕਾਰ ਐਕਸਪ੍ਰੈੱਸ ਐਂਟਰੀ ਸਿਸਟਮ ਵਿੱਚ ਬਦਲਾਅ ਕਰਨ ਜਾ ਕਰਨ ਜਾ ਰਹੀ ਹੈ। ਇਸ ਸਬੰਧੀ ਕੈਨੇਡਾ ਸਰਕਾਰ ਨੇ ਆਪਣੀ ਅਧਿਕਾਰਤ ਵੈੱਬਸਾਈਟ ਉਪਰ ਬਿਆਨ ਜਾਰੀ



ਕਰ ਕੇ ਕੀਤੀਆਂ ਨਵੀਆਂ ਤਬਦੀਲੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਅਨੁਸਾਰ ਹੁਣ ਐਕਸਪ੍ਰੈਸ ਐਂਟਰੀ ਉਮੀਦਵਾਰਾਂ ਨੂੰ ਨੌਕਰੀ ਦੀ ਪੇਸ਼ਕਸ਼ ਹੋਣ ਲਈ ਵਾਧੂ ਅੰਕ ਨਹੀਂ ਮਿਲਣਗੇ।

ਜ਼ਿਕਰਯੋਗ ਹੈ ਕਿ ਜੇਕਰ ਉਮੀਦਵਾਰਾਂ ਕੋਲ ਐਲ.ਐਮ.ਆਈ.ਏ. ਹੁੰਦੀ ਸੀ ਉਨ੍ਹਾਂ ਉਮੀਦਵਾਰਾਂ ਨੂੰ 50 ਅੰਕ ਵਧੇਰੇ ਮਿਲਦੇ ਸੀ। ਸਰਕਾਰ ਵੱਲੋਂ ਜਾਰੀ ਕੀਤੇ ਗਏ ਬਿਆਨ ਮੁਤਾਬਕ ਇੰਮੀਗ੍ਰੇਸ਼ਨ ਪ੍ਰਣਾਲੀ ਵਿੱਚ ਹੋ ਰਹੀ ਧੋਖਾਧੜੀ ਨੂੰ ਰੋਕਣ ਅਤੇ ਘਟਾਉਣ ਲਈ ਚੱਲ ਰਹੇ ਯਤਨਾਂ ਦੇ ਹਿੱਸੇ ਵਜੋਂ ਇਹ ਕਦਮ ਚੁੱਕਿਆ ਗਿਆ ਹੈ।


ਸਰਕਾਰ ਵਲੋਂ ਕਿਹਾ ਗਿਆ ਹੈ ਕਿ ਅਸਥਾਈ ਮਾਪਦੰਡ ਲੇਬਰ ਮਾਰਕਿਟ ਇਮਪੈਕਟ ਅਸੈਸਮੈਂਟ (ਐੱਲਐੱਮਆਈਏ) ਨੂੰ ਗੈਰ-ਕਾਨੂੰਨੀ ਤੌਰ 'ਤੇ ਖਰੀਦਣ ਜਾਂ ਵੇਚਣ ਲਈ ਹੋ

◆ ਬਾਕੀ ਸਫ਼ਾ 31 ‘ਤੇ

## ਕੀ ਅਮਰੀਕਾ ਵਲੋਂ ਲਗਾਏ ਟੈਰਿਫ਼ (ਚੂੰਗੀ) ਦਾ ਨੁਕਸਾਨ ਸਿਰਫ਼ ਕੈਨੇਡਾ ਨੂੰ ਹੋਵੇਗਾ?

**ਸਰੀ, (ਸਿਮਰਨਜੀਤ ਸਿੰਘ):** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ ਵਾਰ ਵਾਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ 'ਤੇ ਤੰਜ ਕਸੇ ਜਾ ਰਹੇ ਹਨ ਅਤੇ ਹੁਣ ਦੁਬਾਰਾ ਇੱਕ ਵਾਰ ਫਿਰ ਕ੍ਰਿਸਮਿਸ ਮੌਕੇ ਟਰੰਪ ਵਲੋਂ ਵਧਾਈ ਦਿੰਦੇ ਹੋਏ ਜਸਟਿਨ ਟਰੂਡੋ ਨੂੰ ਅਮਰੀਕਾ ਦੀ 51ਵੀਂ ਸਟੇਟ ਦਾ ਗਵਰਨਰ ਕਿਹਾ ਹੈ। ਕੈਨੇਡੀਅਨ ਨਾਗਰੀਕਾਂ ਨੂੰ " ਕੈਨੇਡਾ ਦੇ ਗਵਰਨਰ ਜਸਟਿਨ ਟਰੂਡੋ ਦੇ ਨਾਗਰਿਕਾਂ ਨੂੰ ਬਹੁਤ ਜ਼ਿਆਦਾ ਟੈਕਸ ਦੇਣਾ ਪੈ ਰਿਹਾ ਹੈ। ਪਰ ਜੇਕਰ ਕੈਨੇਡਾ ਅਮਰੀਕਾ ਦਾ 51ਵਾਂ ਰਾਜ ਬਣ ਜਾਂਦਾ ਹੈ ਤਾਂ ਉੱਥੇ 60 ਫੀਸਦੀ ਤੋਂ ਵੱਧ ਟੈਕਸ ਕਟੌਤੀ ਹੋ ਸਕਦੀ ਹੈ।"

ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੇ ਸ਼ੋਸ਼ਲ ਮੀਡੀਆ ਅਕਾਊਂਟ ਤੇ ਕੈਨੇਡਾ ਦੇ ਸਾਬਕਾ ਆਈਸ-ਹਾਕੀ ਖਿਡਾਰੀ ਵੇਨ




ਗ੍ਰੇਟਜ਼ਕੀ ਨੂੰ ਚੋਣ ਲੜਨ ਲਈ ਕਿਹਾ ਹੈ।

ਜ਼ਿਕਰਯੋਗ ਹੈ ਕਿ ਟਰੰਪ ਨਵੰਬਰ ਵਿੱਚ ਚੋਣਾਂ ਜਿੱਤਣ ਤੋਂ ਬਾਅਦ ਤੋਂ ਹੀ ਕੈਨੇਡਾ ਦੀ ਸਿਆਸਤ ਨੂੰ ਖੁੱਲ੍ਹੀ ਚੁਣੌਤੀ ਦੇ ਰਹੇ ਹਨ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਇਸ ਦੇ ਜਵਾਬ ਵਿੱਚ ਕਿਹਾ ਹੈ ਕਿ

"ਟਰੰਪ ਨੂੰ ਅਮਰੀਕਾ ਦੇ ਲੋਕਾਂ ਨੇ ਵੋਟ ਇਸ ਲਈ ਦਿੱਤਾ ਕਿਉਂਕਿ ਉਨ੍ਹਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਅਤੇ ਮਹਿੰਗਾਈ ਤੋਂ ਛੁਟਕਾਰਾ ਦਿਵਾਉਣ ਦਾ ਵਾਅਦਾ ਕੀਤਾ ਸੀ।"

"ਜੇਕਰ ਅਮਰੀਕਾ ਕੈਨੇਡਾ 'ਚ ਹਰ ਚੀਜ਼ 'ਤੇ 25 ਫੀਸਦੀ ਟੈਕਸ ਲਗਾ ਦਿੰਦਾ ਹੈ ਤਾਂ ਅਮਰੀਕਾ ਦੀ ਦੱਖਣੀ ਸਰਹੱਦ 'ਤੇ ਰਹਿਣ ਵਾਲੇ ਲੋਕਾਂ ਦਾ ਜੀਵਨ ਮੁਸ਼ਕਿਲ ਹੋ ਜਾਵੇਗਾ। ਟੈਰਿਫ

◆ ਬਾਕੀ ਸਫ਼ਾ 31 ‘ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ਼ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਆਪ ਸਭ ਨੂੰ ਨਵੇਂ ਸਾਲ 2025 ਦੀਆਂ ਲੱਖ ਲੱਖ ਵਧਾਈਆਂ
FAST SERVICE AND COMPETITIVE RATES
S&S INSURANCE SERVICE
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

JAS ARORA NOTARY CORPORATION
ਅਸੀਂ ਲਾਈਫ਼ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

PEST CONTROL
RESIDENTIAL & COMMERCIALS
SAFE EFFECTIVE SOLUTIONS
Rats, Mice
Ant, Fire Brats
House Flies
Termites
Spider | Fleas
Bed Bugs
Cockroaches
Silver Fish
ALL SERVICES GUARANTEED
ਅਸੀਂ ਘਰਾਂ ਅਤੇ ਕਮਰਸ਼ੀਅਲ ਥਾਵਾਂ 'ਤੇ ਬਹੁਤ ਹੀ ਵਾਜਿਬ ਕੀਮਤਾਂ 'ਤੇ ਸਰਵਿਸ ਦਿੰਦੇ ਹਾਂ।
Randhir (Randy)
nppestcontrol05@gmail.com
778-683-8964, 778-895-6655

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਕੈਨੇਡਾ ਵੱਲੋਂ ਅਮਰੀਕਾ ਦੀ ਸਰਹੱਦ ਤੋਂ ਵੀਜ਼ਾ ਸਹੂਲਤ ਅਧਿਕਾਰਿਕ ਤੌਰ 'ਤੇ ਹੋਈ ਬੰਦ

ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਬੋਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਨੇ ਐਲਾਨ ਕੀਤਾ ਹੈ ਕਿ ਸੋਮਵਾਰ ਰਾਤ 12 ਵਜੇ ਤੋਂ ਕੈਨੇਡਾ ਵੱਲੋਂ ਅਮਰੀਕਾ ਦੀ ਸਰਹੱਦ ਤੋਂ ਵੀਜ਼ਾ ਸਹੂਲਤ ਜੋ ਕਿ 'ਫਲੈਗਪੋਲਿੰਗ' ਦੇ ਨਾਂਅ ਨਾਲ ਜਾਣੀ ਜਾਂਦੀ ਹੈ ਨੂੰ ਅਧਿਕਾਰਿਕ ਤੌਰ 'ਤੇ ਖਤਮ ਕਰ ਦਿੱਤਾ ਗਿਆ ਹੈ। ਸੀਬੀਐਸਏ ਨੇ ਇਸ ਸਬੰਧੀ ਪ੍ਰੈਸ ਰਿਲੀਜ਼ ਜਾਰੀ ਕਰਦੇ ਹੋਏ ਕਿਹਾ ਕਿ 23 ਦਸੰਬਰ ਰਾਤ 11:59 ਵਜੇ ਤੋਂ ਇਹ ਨਵਾਂ ਨਿਯਮ ਲਾਗੂ ਹੋ ਗਿਆ।

ਇਹ ਨਵਾਂ ਨਿਯਮ ਬਹੁਤ ਸਾਰੇ ਵਿਜ਼ਿਟਰਾਂ ਅਤੇ ਵਰਕ ਪਰਮਿਟ ਹੋਲਡਰਾਂ ਲਈ ਚਿੰਤਾ ਦਾ ਕਾਰਨ ਬਣ ਗਿਆ ਹੈ। ਕਿਉਂਕਿ ਫ਼ਲੈਗਪੋਲਿੰਗ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਕਿਰਿਆ ਦਾ ਇੱਕ ਅਹਿਮ ਹਿੱਸਾ ਹੈ। ਇਸ ਤਹਿਤ, ਵਿਜ਼ਿਟਰ ਜਾਂ ਵਰਕ ਪਰਮਿਟ ਲੈਣ ਦੇ ਇਚੱਛੁਕ ਵਿਅਕਤੀ ਕੈਨੇਡਾ-ਅਮਰੀਕਾ ਸਰਹੱਦ 'ਤੇ ਜਾ ਕੇ 24 ਘੰਟਿਆਂ ਦੇ ਅੰਦਰ ਮੁੜ ਕੈਨੇਡਾ ਦਾਖ਼ਲ ਹੁੰਦੇ ਹਨ। ਇਹ ਵਿਧੀ ਪੂਰੀ ਤਰ੍ਹਾਂ ਕਾਨੂੰਨੀ ਹੈ ਅਤੇ ਇਸ ਨਾਲ ਅਰਜ਼ੀ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਪੂਰਾ ਕੀਤਾ ਜਾ ਸਕਦਾ ਹੈ। ਫ਼ਲੈਗਪੋਲਿੰਗ ਦੇ ਮੱਦਦ ਨਾਲ, ਅਰਜ਼ੀਕਰਤਾ ਨੂੰ ਉਸੇ ਦਿਨ ਵਰਕ ਪਰਮਿਟ ਜਾਰੀ ਕੀਤਾ ਜਾਂਦਾ ਹੈ, ਜੋ ਕਿ ਔਨਲਾਈਨ ਪ੍ਰਕਿਰਿਆ ਨਾਲੋਂ ਕਈ ਗੁਣਾ ਤੇਜ਼ ਹੈ।



ਫ਼ਲੈਗਪੋਲਿੰਗ ਦੀ ਬੰਦਸ਼ ਕਾਰਨ ਵਿਜ਼ਿਟਰ ਹੁਣ ਸਰਹੱਦ ਰਾਹੀਂ ਵਰਕ ਪਰਮਿਟ ਲੈਣ ਯੋਗ ਨਹੀਂ ਰਹਿਣਗੇ। ਜੇਕਰ ਸਰਕਾਰ ਕੋਈ ਨਵੀਂ ਪਾਲਿਸੀ ਨਹੀਂ ਲਿਆਉਂਦੀ, ਤਾਂ ਇਹ ਵਿਜ਼ਿਟਰਾਂ ਲਈ ਮੁਸ਼ਕਲਾਂ ਪੈਦਾ ਕਰ ਸਕਦੀ ਹੈ। ਫ਼ਲੈਗਪੋਲਿੰਗ ਨਾਲ ਜਿੱਥੇ ਸਮੇਂ ਦੀ ਬੱਚਤ ਹੁੰਦੀ ਸੀ, ਉਥੇ ਔਨਲਾਈਨ ਅਰਜ਼ੀਆਂ 'ਤੇ ਫ਼ਿਰ ਤੋਂ ਜ਼ੋਰ ਪੈਣ ਕਾਰਨ ਇਹ ਪ੍ਰਕਿਰਿਆ ਲੰਮੀ ਹੋ ਸਕਦੀ ਹੈ।

ਹੁਣ, 'ਫਲੈਗਪੋਲਿੰਗ' ਰਾਹੀਂ ਕੰਮ ਜਾਂ ਅਧਿਐਨ ਦੀ ਆਗਿਆ ਲਈ ਬੋਰਡਰ 'ਤੇ ਅਰਜ਼ੀਆਂ ਨੂੰ ਪ੍ਰਕਿਰਿਆਸ਼ੀਲ ਨਹੀਂ ਕੀਤਾ ਜਾਵੇਗਾ। ਇਸ ਦੇ ਬਦਲੇ, ਉਮੀਦਵਾਰਾਂ ਨੂੰ ਆਪਣੀ ਬੇਨਤੀ ਕੈਨੇਡਾ ਦੇ ਆਵਾਸਾਈ ਅਧਿਕਾਰੀਆਂ ਨੂੰ ਜਮ੍ਹਾਂ ਕਰਵਾਉਣੀ ਪਵੇਗੀ।

ਸਰਕਾਰ ਵੱਲੋਂ ਅਗਸਤ 2024 ਵਿੱਚ ਹੀ ਔਨਲਾਈਨ ਵਰਕ ਪਰਮਿਟ ਦੇ ਅਰਜ਼ੀਆਂ 'ਤੇ ਰੋਕ ਲਗਾਈ ਗਈ ਸੀ। ਹੁਣ ਫ਼ਲੈਗਪੋਲਿੰਗ ਬੰਦ ਕਰਨ ਨਾਲ, ਕਈ ਵਿਜ਼ਿਟਰਾਂ ਲਈ ਕੈਨੇਡਾ ਵਿੱਚ ਰਹਿਣ ਅਤੇ ਕੰਮ ਕਰਨ ਦੇ ਰਾਹ ਅਧੂਰੇ ਹੋ ਸਕਦੇ ਹਨ।

ਫ਼ਲੈਗਪੋਲਿੰਗ ਦੀ ਸ਼ੁਰੂਆਤ 2020 ਵਿੱਚ ਕੋਵਿਡ-19 ਮਹਾਮਾਰੀ ਦੌਰਾਨ ਹੋਈ ਸੀ, ਜਦੋਂ ਉਡਾਨਾਂ ਬੰਦ ਹੋਣ ਕਾਰਨ ਕਈ ਵਿਜ਼ਿਟਰਾਂ ਲਈ ਆਪਣੇ ਮੁਲਕਾਂ ਵਾਪਸੀ ਸੰਭਵ ਨਹੀਂ ਸੀ। ਇਸ ਵਿਧੀ ਨਾਲ, ਵਿਜ਼ਿਟਰਾਂ ਨੂੰ ਔਨਲਾਈਨ ਰਾਹੀਂ ਵੀ ਵਰਕ ਪਰਮਿਟ ਲੈਣ ਦੀ ਇਜਾਜ਼ਤ ਦਿੱਤੀ ਗਈ ਸੀ। ਇਹ ਪਾਲਿਸੀ 28 ਫ਼ਰਵਰੀ 2025 ਤੱਕ ਚੱਲਣੀ ਸੀ, ਪਰ ਇਸਨੂੰ ਪਹਿਲਾਂ ਹੀ ਖਤਮ ਕਰ ਦਿੱਤਾ ਗਿਆ ਹੈ।

ਸੀਬੀਐਸਏ ਦੇ ਅੰਕੜਿਆਂ ਅਨੁਸਾਰ, 2021 ਵਿੱਚ ਕੋਵਿਡ-19 ਮਹਾਮਾਰੀ ਦੌਰਾਨ 34% ਦੀ ਗਿਰਾਵਟ ਹੋਣ ਤੋਂ ਬਾਅਦ, 2022 ਵਿੱਚ 32,394 ਲੋਕਾਂ ਨੇ ਫਲੈਗਪੋਲਿੰਗ ਕੀਤੀ। 2023 ਵਿੱਚ ਇਸ ਗਿਣਤੀ ਵਿੱਚ 90% ਵਾਧਾ ਹੋਇਆ, ਜਿਸ ਨਾਲ ਇਹ ਅੰਕੜਾ 61,561 ਤੱਕ ਪਹੁੰਚ ਗਿਆ ਸੀ। This report was written by Simranjit Singh as part of the Local Journalism Initiative.

# ਬੀ.ਸੀ. ਕੋਰਟ ਆਫ਼ ਅਪੀਲ ਵੱਲੋਂ ਕਿਤਸਿਲਾਨੋ ਹਾਊਸਿੰਗ ਪ੍ਰੋਜੈਕਟ ਨੂੰ ਲੈ ਕੇ ਸੂਬਾਈ ਕਾਨੂੰਨ ਗੈਰ-ਸੰਵਿਧਾਨਕ ਕਰਾਰ

ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਅਦਾਲਤ ਨੇ ਸੂਬਾਈ ਸਰਕਾਰ ਵੱਲੋਂ ਕਿਤਸਿਲਾਨੋ ਖੇਤਰ ਵਿੱਚ ਹਾਊਸਿੰਗ ਪ੍ਰੋਜੈਕਟ ਦੇ ਵਿਰੋਧ ਨੂੰ ਰੋਕਣ ਲਈ ਪਾਸ ਕੀਤੇ ਕਾਨੂੰਨ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ ਹੈ। ਸੂਬਾਈ ਸਰਕਾਰ ਨੇ 2023 ਵਿੱਚ ਵੈਨਕੂਵਰ ਸ਼ਹਿਰ ਦੀ ਬੇਨਤੀ 'ਤੇ ਕਿਤਸਿਲਾਨੋ ਦੇ ਅਰਬਿਊਟਸ ਸਟ੍ਰੀਟ 'ਤੇ 12 ਮੰਜ਼ਿਲਾ ਹਾਊਸਿੰਗ ਪ੍ਰੋਜੈਕਟ ਲਈ ਕਾਨੂੰਨ ਪਾਸ ਕੀਤਾ ਸੀ। ਇਹ ਪ੍ਰੋਜੈਕਟ ਘੱਟ ਆਮਦਨ ਵਾਲੇ ਰਿਹਾਇਸ਼ੀ ਲੋਕਾਂ ਲਈ ਸੀ। ਇਸ ਪ੍ਰੋਜੈਕਟ ਨੂੰ ਕਿਤਸਿਲਾਨੋ ਕੋਆਲੀਸ਼ਨ ਫੋਰ ਚਿਲਡਰਨ ਐਂਡ ਫੈਮਿਲੀ ਸੇਫਟੀ ਸਸਾਇਟੀ ਵੱਲੋਂ ਵਿਰੋਧ ਦਾ ਸਾਹਮਣਾ ਕਰਨਾ ਪਿਆ, ਜਿਸ ਨੇ ਸ਼ਹਿਰ ਨੂੰ ਇਸ ਪ੍ਰੋਜੈਕਟ ਲਈ ਜ਼ਮੀਨ ਦੀ ਜ਼ੋਨਿੰਗ ਬਦਲਣ ਦੀ ਮਨਜ਼ੂਰੀ ਦੇਣ ਲਈ ਅਦਾਲਤ ਵਿੱਚ ਚੁਨੌਤੀ ਦਿੱਤੀ ਸੀ। ਸੋਮਵਾਰ ਨੂੰ ਸੁਣਾਏ ਗਏ ਫ਼ੈਸਲੇ ਅਨੁਸਾਰ ਸੂਬਾਈ ਸਰਕਾਰ ਨੇ ਕਾਨੂੰਨੀ ਕਾਰਵਾਈ ਕਾਰਨ ਹੋਣ ਵਾਲੇ ਸੰਭਾਵਿਤ ਦੇਰੀ ਨੂੰ ਰੋਕਣ ਲਈ Muinicpal Enabilng and Vaildaitng Act ਪਾਸ



ਕੀਤਾ। ਇਸ ਕਾਨੂੰਨ ਦੇ ਮੱਦੇਨਜ਼ਰ, ਸੂਬਾ ਸਰਕਾਰ ਨੇ ਸ਼ਹਿਰ ਨੂੰ ਇਸ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਕਾਨੂੰਨੀ ਰੁਕਾਵਟਾਂ ਨੂੰ ਦਰਕਿਨਾਰ ਕਰਨ ਦਾ ਸਾਧਨ ਦਿੱਤਾ। ਅਦਾਲਤ ਨੇ ਕਿਹਾ ਕਿ ਇਹ ਕੇਸ ਇਸ ਗੱਲ 'ਤੇ ਆਧਾਰਿਤ ਨਹੀਂ ਹੈ ਕਿ ਕੀ ਹਾਊਸਿੰਗ ਸੰਕਟ ਦੇ ਹੱਲ ਲਈ ਇਹ ਪ੍ਰੋਜੈਕਟ ਲੋੜੀਂਦਾ ਹੈ ਜਾਂ ਨਹੀਂ। ਇਸ ਦਾ ਮੁੱਖ ਮੁੱਦਾ ਇਹ ਸੀ ਕਿ ਕੀ ਸੂਬਾ ਸਰਕਾਰ ਨੇ ਅਦਾਲਤ ਦੀ ਨਿਗਰਾਨੀ ਭੂਮਿਕਾ ਨੂੰ ਗੰਭੀਰਤਾ ਨਾਲ ਨਹੀਂ ਲਿਆ। ਫ਼ੈਸਲੇ ਵਿੱਚ ਕਿਹਾ ਗਿਆ, "ਇਹ ਕਾਨੂੰਨ ਅਦਾਲਤ ਦੇ ਨਿਰਣਾਇਕ ਭੂਮਿਕਾ ਵਿੱਚ ਹਸਤੀਖ਼ੋਰ ਸੀ।" ਪਿਛਲੇ ਸਾਲ ਨਵੰਬਰ ਵਿੱਚ, ਬੀ.ਸੀ. ਸੁਪਰੀਮ ਕੋਰਟ ਨੇ ਇਸ ਕਾਨੂੰਨ ਨੂੰ ਕਾਇਮ ਰੱਖਿਆ ਸੀ। ਪਰ ਕਮਿਊਨਟੀ ਗਰੁੱਪ ਨੇ ਅਪੀਲ ਕੀਤੀ ਅਤੇ ਦਲੀਲ ਦਿੱਤੀ ਕਿ ਇਹ ਕਾਨੂੰਨ ਅਦਾਲਤ ਦੇ ਸੰਵਿਧਾਨਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। This report was written by Simranjit Singh as part of the Local Journalism Initiative.


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

BHUPINDER OBEROI
ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit # 105, 12568-72 Ave, Surrey
FREE
SIGHT TEST



ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ

MONEY
BACK LIFE
INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

TRUTH IS THE HIGHEST OF ALL THINGS: HIGHER STILL IS TRUTHFUL LIVING-GURU NANAK DEV JI

ੴ ਸਤਿਗੁਰ ਪ੍ਰਸਾਦਿ

# AKALI SINGH SIKH SOCIETY

ਦੇਗ ਤੇਗ ਫਤਹਿ 1890 - SKEENA STREET, VANCOUVER, B.C., CANADA Phone: (604) 254-2117 Fax: (604) 254-5309 ਪੰਥ ਕੀ ਜੀਤ

ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

## ਅਕਾਲੀ ਸਿੰਘ ਗੁਰਦੁਆਰਾ ਸਾਹਿਬ ਵਿਖੇ ਨਵੇਂ ਸਾਲ ਦੀ ਆਮਦ ’ਤੇ ਪ੍ਰੋਗਰਾਮ

31 ਦਸੰਬਰ, ਦਿਨ ਮੰਗਲਵਾਰ ਸ਼ਾਮ ਨੂੰ 7 ਵਜੇ ਤੋਂ 12 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ ਅਤੇ ਰਾਤ 12:00 ਵਜੇ ਕੀਰਤਨ ਨੂੰ ਵਿਰਾਮ ਦੇ ਕੇ ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿੱਚ 5 ਜੈਕਰੇ ਛੱਡੇ ਜਾਣਗੇ ਅਤੇ ਉਪਰੰਤ ਪ੍ਰਬੰਧਕਾਂ ਵਲੋਂ ਸੰਗਤ ਨੂੰ ਵਧਾਈ ਦਿੱਤੀ ਜਾਵੇਗੀ।

ਰਾਗੀ ਸਿੰਘ ਇਕ ਸ਼ਬਦ ਅਤੇ ਅਨੰਦ ਸਾਹਿਬ ਦੇ ਪਾਠ ਕਰਨਗੇ ਤੇ ਫਿਰ ਅਰਦਾਸ ਹੋਵੇਗੀ। ਦੇਗ ਦਾ ਵਰਤਾਉਣ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੱਖ ਆਸਨ ਕੀਤੇ ਜਾਣਗੇ ਅਤੇ ਨਾਲ ਹੀ ਨਵੇਂ ਸਾਲ ਦੇ ਕੈਲੰਡਰ ਦਿੱਤੇ ਜਾਣਗੇ। ਸੰਗਤਾਂ ਨੂੰ ਬੇਨਤੀ ਹੈ ਕਿ ਇਸ ਸਮੇਂ 'ਤੇ ਜ਼ਰੂਰ ਆਉਣ ਦੀ ਕ੍ਰਿਪਾ ਕਰਨੀ ਜੀ। ਸ਼ਰਧਾਲੂ ਪਰਿਵਾਰਾਂ ਵਲੋਂ ਸ਼ਾਮ ਦੇ ਸਾਰੇ ਲੰਗਰ ਦੀ ਸੇਵਾ ਹੋਵੇਗੀ। ਪਹਿਲੀ ਜਨਵਰੀ ਦਿਨ ਬੁੱਧਵਾਰ ਸਵੇਰੇ 7:00 ਵਜੇ ਤੋਂ 9:00 ਵਜੇ ਤੱਕ ਸੰਪੂਰਨ ਆਸਾ ਦੀ ਵਾਰ ਦੇ ਕੀਰਤਨ ਹੋਣਗੇ ਅਤੇ ਇਸ ਸਮੇਂ ਸ਼ਰਧਾਲੂ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ ਅਤੇ 10:00 ਵਜੇ ਤੋਂ ਸ਼ਾਮ 8:00 ਵਜੇ ਤੱਕ ਕੀਰਤਨ ਅਤੇ ਕਥਾ ਹੋਵੇਗੀ ਅਤੇ ਸਾਰੇ ਦਿਨ ਲੰਗਰ ਦੀ ਸੇਵਾ ਸੰਗਤਾਂ ਵਲੋਂ ਹੋਵੇਗੀ।

**ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਇਆ ਜਾਵੇਗਾ।**

ਸੰਗਤਾਂ ਦੇ ਦਾਸ, ਪ੍ਰਬੰਧਕ ਕਮੇਟੀ

ਅਕਾਲੀ ਸਿੰਘ ਸਿੱਖ ਸੁਸਾਇਟੀ, 1890 ਸਕੀਨਾ ਸਟਰੀਟ, ਵੈਨਕੂਵਰ

ਗੁਰਦੁਆਰਾ ਸਾਹਿਬ ਦਾ ਫੋਨ ਨੰਬਰ : 604-254-2117

# ਟਰੂਡੋ ਵਲੋਂ ਕੈਬਨਿਟ 'ਚ ਫੇਰਬਦਲ, ਰੂਬੀ ਸਹੋਤਾ ਕੈਨੇਡਾ ਦੇ ਕੈਬਿਨੇਟ ਵਿੱਚ ਸ਼ਾਮਲ ਹੋਣ




ਸਰੀ, (ਸਿਮਰਨਜੀਤ ਸਿੰਘ): ਬਰੈਂਪਟਨ ਨੌਰਥ ਤੋਂ ਤੀਜੀ ਵਾਰ ਚੋਣ ਜਿੱਤ ਕੇ ਸੰਸਦ ਮੈਂਬਰ ਬਣੀ ਰੂਬੀ ਸਹੋਤਾ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਦੀ ਫੈਡਰਲ ਕੈਬਿਨੇਟ ਵਿੱਚ ਸ਼ਾਮਲ ਕੀਤਾ। ਰੂਬੀ ਸਹੋਤਾ ਨੂੰ ਜਮਹੂਰੀ ਸੰਸਥਾਵਾਂ ਦੀ ਮੰਤਰੀ ਅਤੇ ਦੱਖਣੀ ਓਨਟਾਰੀਓ ਵਿੱਚ ਆਰਥਿਕ ਵਿਕਾਸ ਏਜੰਸੀ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਇਸ ਖੁਸ਼ੀ ਵਿੱਚ ਰੂਬੀ ਸਹੋਤਾ ਦੇ ਜੱਦੀ ਪਿੰਡ ਜੰਡਾਲੀ ਕਲਾਂ, ਜਿਲ੍ਹਾ ਮਲੇਰਕੋਟਲਾ ਵਿੱਚ ਵੱਡੇ ਪੱਧਰ ‘ਤੇ ਜਸ਼ਨ ਮਨਾਇਆ ਗਿਆ। ਪਿੰਡ ਵਾਸੀਆਂ ਨੇ ਲੱਡੂ ਵੰਡੇ ਅਤੇ ਰੂਬੀ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ।

ਜਸਟਿਨ ਟਰੂਡੋ ਨੇ ਕੈਨੇਡਾ ਦੇ ਕੈਬਿਨੇਟ ਵਿੱਚ ਕਈ ਹੋਰ ਤਬਦੀਲੀਆਂ ਕੀਤੀਆਂ। ਕ੍ਰਿਸਟੀਆ ਫ੍ਰੀਲੈਂਡ ਦੇ ਅਸਤੀਫ਼ੇ ਤੋਂ ਬਾਅਦ ਟਰੂਡੋ ਨੇ ਕਈ ਨਵੇਂ ਚਿਹਰਿਆਂ ਨੂੰ ਮੌਕਾ ਦਿੱਤਾ। ਅਨੀਤਾ ਅਨੰਦ ਨੂੰ ਟਰਾਂਸਪੋਰਟ ਅਤੇ ਅੰਦਰੂਨੀ ਵਪਾਰ ਦੀ ਜ਼ਿੰਮੇਵਾਰੀ ਸੌਂਪੀ ਗਈ, ਜਦਕਿ ਗੈਰੀ ਅਨੰਦਾ ਨੂੰ ਇੰਡੀਜੀਨਸ ਸਬੰਧ ਅਤੇ ਕੈਨੇਡੀਅਨ ਆਰਥਿਕ ਵਿਕਾਸ ਦਾ ਮਹਿਕਮਾ ਦਿੱਤਾ ਗਿਆ।

ਰੂਬੀ ਸਹੋਤਾ ਦੇ ਪਿਤਾ ਹਰਬੰਸ ਸਿੰਘ ਜੰਡਾਲੀ ਨੇ ਪਹਿਲਾਂ ਪਿੰਡ ਦੇ ਸਰਪੰਚ ਵਜੋਂ ਸੇਵਾ ਨਿਭਾਈ ਹੈ ਅਤੇ ਬਾਅਦ ਵਿੱਚ ਕੈਨੇਡਾ ਵਿੱਚ ਸਿੱਖ ਗੁਰਦੁਆਰਾ ਕੌਂਸਲ ਦੇ ਪ੍ਰਧਾਨ ਵਜੋਂ ਭੂਮਿਕਾ ਨਿਭਾਈ। ਉਨ੍ਹਾਂ ਨੇ ਕਿਹਾ ਕਿ ਇਹ ਸਿਰਫ਼ ਪਰਿਵਾਰ ਲਈ ਹੀ ਨਹੀਂ, ਸਗੋਂ ਪੂਰੇ ਪੰਜਾਬ ਲਈ ਮਾਣ ਦੀ ਗੱਲ ਹੈ। ਪਿੰਡ ਦੇ ਸਰਪੰਚ ਬਲਜੀਤ ਕੌਰ, ਸਾਬਕਾ ਸਰਪੰਚ ਬਾਬਾ ਜੰਡਾਲੀ, ਰਾਜਿੰਦਰ ਸਿੰਘ ਬਾਠ ਅਤੇ ਦਰਸ਼ਨ ਸਿੰਘ ਪੰਧੇਰ ਸਮੇਤ ਕਈ ਹੋਰ ਨਗਰ ਨਿਵਾਸੀਆਂ ਨੇ ਵੀ ਵਧਾਈ ਸੰਦੇਸ਼ ਭੇਜੇ।

ਰੂਬੀ ਸਹੋਤਾ ਦੀ ਨਿਯੁਕਤੀ ਨਾਲ ਦੱਖਣੀ ਓਨਟਾਰੀਓ ਵਿੱਚ ਫੈਡਰਲ ਆਰਥਿਕ ਵਿਕਾਸ ਨੂੰ ਮਜ਼ਬੂਤੀ ਮਿਲੇਗੀ। ਇਹ ਪਹਿਲੀ ਵਾਰ ਹੈ ਕਿ ਕੈਨੇਡਾ ਦੀ ਫੈਡਰਲ ਕੈਬਿਨੇਟ ਵਿੱਚ ਦੱਖਣੀ ਏਸ਼ੀਆਈ ਮੂਲ ਦੇ ਛੇ ਮੰਤਰੀ ਹਨ। This report was written by Simranjit Singh as part of the Local Journalism Initiative.

idea immigration

Super Visas
PNPs

iccrc crcic
EXPRESS ENTRY
Canada's Express Entry immigration

ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ ‘ਚ ਅਪੀਲ
  ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ ‘ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620

Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com

# ਬੀ. ਸੀ. ਖਾਲਸਾ ਦਰਬਾਰ ਸੁਸਾਇਟੀ

7749 Prince Edward Street ,Vancouver ,B.C.V5X 0A3 604-325-2290 ,FAX :604-325-2260




## ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

# ਪ੍ਰਕਾਸ਼ ਪੁਰਬ

## ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ ਹੋਣ ਜੀ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਮਾਗਮ ਹੇਠ ਲਿਖੇ ਅਨੁਸਾਰ ਹੋਣਗੇ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ : 3 ਜਨਵਰੀ, ਸ਼ੁੱਕਰਵਾਰ ਸਵੇਰੇ 8:00 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ : 5 ਜਨਵਰੀ ਐਤਵਾਰ ਸਵੇਰੇ 9:00 ਵਜੇ**

ਉਪਰੰਤ ਦੁਪਹਿਰ 1:00 ਵਜੇ ਤੱਕ ਗੁਰਮਤਿ ਦੀਵਾਨ ਸੱਜਣਗੇ । ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਉਪਰੋਕਤ ਸਮਾਗਮਾਂ ਵਿੱਚ ਹਾਜ਼ਰੀਆਂ ਭਰੋ ਜੀ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

- 31 ਦਸੰਬਰ 2024 ਸ਼ਾਮ 6 ਵਜੇ ਤੋਂ ਲੈ ਕੇ ਰਾਤ 12 ਵਜੇ ਤੱਕ ਦੀਵਾਨ ਸਜਣਗੇ।
- 1 ਜਨਵਰੀ 2025 ਨਵੇਂ ਸਾਲ ਦੇ ਦਿਨ ਸਵੇਰ ਤੋਂ ਲੈ ਕੇ ਸ਼ਾਮ ਤੱਕ ਸਾਰਾ ਦਿਨ ਦੀਵਾਨ ਸਜਣਗੇ।
- ਹਰ ਮੰਗਲਵਾਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਦੇ ਜਥੇ ਵਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ।
- ਗੁਰਦੁਆਰਾ ਸਾਹਿਬ ਵਿਖੇ ਪੰਜਾਬੀ ਦੀਆਂ ਕਲਾਸਾਂ ਤੇ ਕੀਰਤਨ ਸਿਖਲਾਈ ਦੀਆਂ ਕਲਾਸਾਂ ਚੱਲ ਰਹੀਆਂ ਹਨ ਜੀ।
- ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ 10 ਤੋਂ 12 ਵਜੇ ਤੱਕ ਅਤੇ ਸ਼ਾਮ 5:00 ਤੋਂ 7:30 ਵਜੇ ਤੱਕ ਦੀਵਾਨ ਸਜਦੇ ਹਨ। ਸੰਗਤਾਂ ਨੂੰ ਬੇਨਤੀ ਹੈ ਵੱਧ ਤੋਂ ਵੱਧ ਹਾਜ਼ਰੀਆਂ ਭਰੋ ਜੀ।

**ਪ੍ਰੋਗਰਾਮ ਬੁੱਕ ਕਰਵਾਉਣ ਲਈ ਜਾਂ ਕੋਈ ਹੋਰ ਜਾਣਕਾਰੀ ਲੈਣ ਲਈ ਸੰਪਰਕ ਕਰੋ**

**ਗਿਆਨੀ ਸੁਖਵੰਤ ਸਿੰਘ : 236-688-7264, 604-325-2290**

**ਮੁੱਖ ਸੇਵਾਦਾਰ : ਸ. ਅਮਰਜੀਤ ਸਿੰਘ, 604-808-6224,**

**ਸਕੱਤਰ : ਸ: ਇੰਦਰਮੋਹਨ ਸਿੰਘ 604-725-9828**

# ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਿੱਤਾ ਕ੍ਰਿਸਮਿਸ ਸੰਦੇਸ਼: 'ਸਿਆਸਤ ਨੂੰ ਪਾਸੇ ਰੱਖ ਕੇ ਜੀਵਨ ਦੇ ਅਹਿਮ ਪੱਖਾਂ 'ਤੇ ਦਿਓ ਧਿਆਨ'

ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਸਲਾਨਾ ਕ੍ਰਿਸਮਸ ਸੰਦੇਸ਼ ਵਿੱਚ ਸੰਤੁਲਨ ਅਤੇ ਆਸ਼ਾਵਾਦੀ ਸੁਨੇਹਾ ਦਿੱਤਾ। ਇਹ ਸੰਦੇਸ਼ ਉਨ੍ਹਾਂ ਦੀ ਪਾਰਟੀ ਅਗਵਾਈ ਨੂੰ ਲੈ ਕੇ ਵੱਧ ਰਹੀਆਂ ਚਰਚਾਵਾਂ ਅਤੇ ਅਸਤੀਫੇ ਦੀਆਂ ਮੰਗਾਂ ਦੇ ਦਰਮਿਆਨ ਆਇਆ ਹੈ।

ਟਰੂਡੋ ਨੇ ਬੁਧਵਾਰ ਨੂੰ ਇੱਕ ਵੀਡੀਓ ਸੁਨੇਹਾ ਐਕਸ (ਪਹਿਲਾਂ ਟਵਿੱਟਰ) 'ਤੇ ਸਾਂਝਾ ਕੀਤਾ, ਜਿਸ ਵਿੱਚ ਉਨ੍ਹਾਂ ਨੇ ਸਭ ਨੂੰ ਕ੍ਰਿਸਮਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕੈਨੇਡੀਅਨਜ਼ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਆਸ-ਪਾਸ ਉਹਨਾਂ ਲੋਕਾਂ 'ਤੇ ਧਿਆਨ ਦੇਣ ਜਿਹੜੇ ਜੀਵਨ ਲਈ ਸੰਘਰਸ਼ ਕਰ ਰਹੇ ਹਨ।

ਉਨ੍ਹਾਂ ਕਿਹਾ, "ਇਹ ਸਮਾਂ ਹੈ ਹੋਲੀ ਚੱਲਣ ਦਾ, ਆਰਾਮ ਕਰਨ ਦਾ, ਅਤੇ ਉਹਨਾਂ ਨਾਲ ਸਮੇਂ ਬਿਤਾਉਣ ਦਾ ਜਿਨ੍ਹਾਂ ਨੂੰ ਤੁਸੀਂ ਸਭ ਤੋਂ ਜ਼ਿਆਦਾ ਪਿਆਰ ਕਰਦੇ ਹੋ। ਇਹ ਸਮਾਂ ਹੈ ਆਪਣੇ ਫੋਨ ਪਾਸੇ ਰੱਖਣ ਦਾ ਅਤੇ ਆਪਣੀ ਸਿਆਸਤ ਨੂੰ ਪਾਸੇ ਰੱਖਣ ਦਾ।" ਟਰੂਡੋ ਨੇ ਕਿਹਾ ਕਿ ਜਦੋਂ ਛੁੱਟੀਆਂ ਦਾ ਸਮਾਂ ਮਨਾਉਣ ਵਾਲਿਆਂ ਲਈ ਖੁਸ਼ੀ ਦਾ ਮੌਕਾ ਹੁੰਦਾ ਹੈ, ਉਸੇ ਸਮੇਂ ਕਈ ਲੋਕ ਦੁੱਖ, ਚਿੰਤਾ ਜਾਂ ਇਕੱਲੇਪਨ ਨਾਲ ਜੂਝ ਰਹੇ ਹੁੰਦੇ ਹਨ।

ਉਨ੍ਹਾਂ ਕਿਹਾ, "ਅਸਲੀਅਤ ਇਹ ਹੈ ਕਿ ਛੁੱਟੀਆਂ ਕਈ ਲੋਕਾਂ ਲਈ ਸਾਲ ਦਾ ਸਭ ਤੋਂ ਮੁਸ਼ਕਲ ਸਮਾਂ ਵੀ ਹੋ ਸਕਦੀਆਂ ਹਨ। ਆਓ ਆਪਣੇ ਆਸ-ਪਾਸ ਉਹਨਾਂ ਲੋਕਾਂ ਦੇ ਨਾਲ ਜੁੜੀਏ ਜਿਨ੍ਹਾਂ ਦਾ ਸਾਲ ਆਸਾਨ ਨਹੀਂ ਰਿਹਾ ਅਤੇ



ਜਿਨ੍ਹਾਂ ਨੂੰ ਸ਼ਾਇਦ ਸਾਡੇ ਸਹਿਯੋਗ ਦੀ ਲੋੜ ਹੈ।" ਉਨ੍ਹਾਂ ਨੇ ਕ੍ਰਿਸਮਸ ਦੀ ਆਦਰਸ਼ ਭਾਵਨਾ ਵੱਲ ਧਿਆਨ ਦਿਵਾਇਆ ਅਤੇ ਉਹਨਾਂ ਲੋਕਾਂ ਦਾ ਧੰਨਵਾਦ ਕੀਤਾ ਜਿਹੜੇ ਛੁੱਟੀਆਂ ਦੌਰਾਨ ਡਿਊਟੀ ਤੇ ਹਨ। ਇਸ ਵਿੱਚ ਫਸਟ ਰੀਸਪੌਂਡਰ, ਕੈਨੇਡੀਅਨ ਆਰਮੀ, ਸਿਹਤ ਸੇਵਾ ਕਰਮਚਾਰੀ ਅਤੇ ਹੋਰ ਜ਼ਰੂਰੀ ਸੇਵਾਵਾਂ ਦੇ ਕਰਮਚਾਰੀ ਸ਼ਾਮਲ ਹਨ। ਟਰੂਡੋ ਨੇ ਕਿਹਾ, "ਤੁਸੀਂ ਉਹ ਸਾਰਾ ਪ੍ਰਤੀਕ ਮੁਹੱਈਆ ਕਰਦੇ ਹੋ ਜੋ ਕ੍ਰਿਸਮਸ ਅਸਲ ਵਿੱਚ ਹੈ - ਭੋਜਨ ਅਤੇ ਸੇਵਾ ਭਾਵਨਾ। ਮੈਂ ਸਭ ਲਈ ਖੁਸ਼ੀਆਂ ਦੀ ਕਾਮਨਾ ਕਰਦਾ ਹਾਂ ਅਤੇ ਉਹਨਾਂ ਨੂੰ ਸਹਾਰਾ ਮਿਲੇ ਜੋ ਦੁੱਖੀ ਹਨ। ਮੈਂ ਆਸ ਕਰਦਾ ਹਾਂ ਕਿ ਤੁਹਾਨੂੰ ਨਵੇਂ ਸਾਲ ਲਈ ਰੋਸ਼ਨੀ ਅਤੇ ਆਸ ਮਿਲੇ। ਮੇਰੀ ਕ੍ਰਿਸਮਸ।" ਜ਼ਿਕਰਯੋਗ ਹੈ ਕਿ ਟਰੂਡੋ ਨੇ ਇਹ ਸੰਦੇਸ਼ ਇੱਕ ਐਸੀ ਸਥਿਤੀ ਵਿੱਚ ਜਾਰੀ ਕੀਤਾ ਜਿੱਥੇ ਲਿਬਰਲ ਪਾਰਟੀ ਵਿੱਚ ਕਾਫ਼ੀ ਹਲਚਲ ਚੱਲ ਰਹੀ ਹੈ। ਦਸੰਬਰ 16 ਨੂੰ, ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟਿਆ ਫ੍ਰੀਲੈਂਡ ਦੇ ਅਚਾਨਕ ਅਸਤੀਫੇ ਨੇ ਸਰਕਾਰ ਲਈ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਸੀ। ਫ੍ਰੀਲੈਂਡ ਦੇ ਅਸਤੀਫੇ ਦੇ ਕੁਝ ਦਿਨ ਬਾਅਦ, ਟਰੂਡੋ ਨੇ ਆਪਣੀ ਕੈਬਨਿਟ ਦਾ ਪੁਨਰਗਠਨ ਕੀਤਾ, ਜਿਸ ਵਿੱਚ 8 ਨਵੇਂ ਮੰਤਰੀਆਂ ਨੂੰ ਸ਼ਾਮਲ ਕੀਤਾ ਗਿਆ ਅਤੇ 4 ਹੋਰਾਂ ਦੇ ਅਹੁੱਦੇ ਵੀ ਵੰਡੇ ਗਏ। ਫ੍ਰੀਲੈਂਡ ਦੇ ਅਸਤੀਫੇ ਤੋਂ ਬਾਅਦ ਕਈ ਲਿਬਰਲ ਸੰਸਦ ਮੈਂਬਰਾਂ ਨੇ ਟਰੂਡੋ ਨੂੰ ਅਸਤੀਫਾ ਦੇਣ ਅਤੇ ਨਵੇਂ ਨੇਤਾ ਨੂੰ ਰਾਹ ਦੇਣ ਦੀ ਮੰਗ ਕੀਤੀ।

ਉਧਰ ਨਵੇਂ ਇਪਸੋਸ ਜਨਮਤ ਸਰਵੇਖਣ ਤੋਂ ਪਤਾ ਚਲਿਆ ਕਿ ਕੈਨੇਡਾ ਦੇ ਲਗਭਗ ਤਿੰਨ-ਚੌਥਾਈ ਲੋਕਾਂ ਨੇ ਟਰੂਡੋ ਦੇ ਅਸਤੀਫੇ ਦੀ ਮੰਗ ਕੀਤੀ। ਲਿਬਰਲ ਪਾਰਟੀ ਲਈ ਸਮਰਥਨ ਵੀ ਸਿਰਫ਼ 20 ਪ੍ਰਤੀਸ਼ਤ ਤੱਕ ਘੱਟ ਗਿਆ ਹੈ, ਜੋ ਇਕ ਇਤਿਹਾਸਕ ਹੈ। This report was written by Simranjit Singh as part of the Local Journalism Initiative.

# ਫਲੋਰੀਡਾ ਕਿਸ਼ਤੀ 'ਚ ਹੋਏ ਧਮਾਕੇ ਦੌਰਾਨ ਕੈਨੇਡੀਅਨ ਨਾਗਰਿਕ ਦੀ ਮੌਤ

ਸਰੀ, (ਸਿਮਨਰਜੀਤ ਸਿੰਘ): ਫਲੋਰੀਡਾ ਦੇ ਫੋਰਟ ਲੌਡਰਡੇਲ ਸ਼ਹਿਰ ਵਿੱਚ ਬੀਤੇ ਦਿਨੀਂ ਇੱਕ ਕਿਸ਼ਤੀ 'ਚ ਭਿਆਨ ਧਮਾਕਾ ਹੋਇਆ ਅਤੇ ਇਸ ਧਮਾਕੇ ਦੌਰਾਨ ਮਰਨ ਵਾਲੇ ਵਿਅਕਤੀ ਦੀ ਪਹਿਚਾਣ ਕਿਊਬੈਕ ਵਾਸੀ ਦੇ ਰੂਪ ਵਿੱਚ ਹੋਈ ਹੈ।

ਅਮਰੀਕੀ ਮੀਡੀਆ ਅਨੁਸਾਰ, 41 ਸਾਲਾਂ ਸੈਬਾਸਟਿਯਨ ਗੌਥੀਅਰ ਦੀ ਮੌਤ ਸੋਮਵਾਰ ਨੂੰ ਲੌਡਰਡੇਲ ਮਰੀਨਾ ਵਿੱਚ ਧਮਾਕੇ ਕਾਰਨ ਹੋਈ। ਫਲੋਰੀਡਾ ਫਿਸ਼ ਐਂਡ ਵਾਈਲਡਲਾਈਫ ਕਨਜ਼ਰਵੇਸ਼ਨ ਕਮਿਸ਼ਨ ਵੱਲੋਂ ਇਹ ਜਾਣਕਾਰੀ ਸਥਾਨਕ ਮੀਡੀਆ ਨਾਲ ਸਾਂਝੀ ਕੀਤੀ ਗਈ ਹੈ। ਧਮਾਕੇ ਤੋਂ ਬਾਅਦ, ਰੈਸਕਿਊ ਟੀਮਾਂ ਨੇ ਪੰਜ ਜ਼ਖ਼ਮੀ ਲੋਕਾਂ ਨੂੰ ਨਜ਼ਦੀਕੀ ਹਸਪਤਾਲਾਂ ਵਿੱਚ ਪਹੁੰਚਾਇਆ, ਜਿਨ੍ਹਾਂ ਵਿੱਚੋਂ ਤਿੰਨ ਗੰਭੀਰ ਜ਼ਖਮੀ ਹਨ। ਇਸ ਤੋਂ ਇਲਾਵਾ ਇੱਕ ਵਿਅਕਤੀ ਪਾਣੀ ਵਿੱਚ ਲਾਪਤਾ ਹੋ ਗਿਆ ਜਿਸ ਨੂੰ



ਲੰਬੇ ਸਮੇਂ ਦੀ ਖੋਜ ਤੋਂ ਬਾਅਦ ਮ੍ਰਿਤਕ ਪਾਇਆ ਗਿਆ।

ਫੋਰਟ ਲੌਡਰਡੇਲ ਫਾਇਰ ਰੈਸਕਿਊ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਸ ਘਟਨਾ ਦੀ ਪੁਸ਼ਟੀ ਕੀਤੀ। ਕੈਨੇਡਾ ਦੇ ਗਲੋਬਲ ਅਫ਼ੇਅਰਜ਼ ਵਿਭਾਗ ਨੇ ਵੀ ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮਾਇਮੀ ਵਿੱਚ ਇੱਕ ਕੈਨੇਡੀਅਨ ਨਾਗਰਿਕ ਦੀ ਮੌਤ ਹੋਈ ਹੈ। ਵਿਭਾਗ ਨੇ ਕਿਹਾ ਕਿ ਮਿਆਮੀ ਵਿੱਚ ਅਧਿਕਾਰੀ ਪਰਿਵਾਰ ਨਾਲ ਸੰਪਰਕ ਵਿੱਚ ਹਨ ਅਤੇ ਜ਼ਰੂਰੀ ਮਦਦ ਪ੍ਰਦਾਨ ਕਰ ਰਹੇ ਹਨ। ਹਾਲਾਂਕਿ, ਇਸ ਤੋਂ ਇਲਾਵਾ ਹੋਰ ਵਾਧੂ ਜਾਣਕਾਰੀ ਸਾਂਝੀ ਕਰਨ ਤੋਂ ਅਧਿਕਾਰੀਆਂ ਨੇ ਫਿਲਹਾਲ ਇਨਕਾਰ ਕੀਤਾ ਹੈ। ਉਧਰ ਇਹ ਘਟਨਾ ਵਾਪਰਨ ਪਿੱਛੇ ਕੀ ਕਰਨ ਸਨ ਇਸ ਸਬੰਧੀ ਹਾਲੇ ਤੱਕ ਕੋਈ ਪੱਕੀ ਜਾਣਕਾਰੀ ਨਹੀਂ ਮਿਲੀ। ਅਧਿਕਾਰੀਆਂ ਨੇ ਕਿਹਾ ਕਿ ਉਹ ਇਸ ਦੀ ਜਾਂਚ ਕਰ ਰਹੇ ਹਨ। ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੇ ਗਏ ਵੀਡੀਓ ਵਿੱਚ ਦਿਖਾਇਆ ਗਿਆ ਕਿ ਬੋਟ ਪੂਰੀ ਤਰ੍ਹਾਂ ਅੱਗ ਦੀ ਲਪੇਟ ਵਿੱਚ ਹੈ ਅਤੇ ਕਾਲੇ ਧੂੰਏ ਦੇ ਗੁਬਾਰੇ ਅਸਮਾਨ ਵਿੱਚ ਉਠ ਰਹੇ ਹਨ। This report was written by Simranjit Singh as part of the Local Journalism Initiative.






# ਬੀ.ਸੀ. ਦੇ ਕੈਂਸਰ ਸਰਵਾਈਵਰ ਦਾ ਖ਼ੂਨ ਦਾਨ ਕਰ ਲੋਕਾਂ ਨੂੰ ਦਿੱਤਾ ਪ੍ਰੇਰਨਾਦਾਇਕ ਸੰਦੇਸ਼

## ਕੈਨੇਡਾ 'ਚ ਜ਼ਰੂਰਤ ਨੂੰ ਪੂਰਾ ਕਰਨ ਲਈ ਰੋਜ਼ਾਨਾ 400 ਤੋਂ ਵੱਧ ਖ਼ੂਨਦਾਨੀਆਂ ਦੀ ਲੋੜ : ਕੈਨੇਡੀਆਨ ਬਲੱਡ ਸਰਵਿਸਿਜ਼

**ਸਰੀ, (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਦੇ ਇੱਕ ਕੈਂਸਰ ਸਰਵਾਈਵਰ ਨੇ ਕ੍ਰਿਸਮਸ ਮੌਕੇ ਖ਼ੂਨ ਦਾਨ ਕਰਕੇ ਲੋਕਾਂ ਨੂੰ ਪ੍ਰੇਰਨਾਦਾਇਕ ਸੰਦੇਸ਼ ਦਿੱਤਾ ਅਤੇ ਦੂਜਿਆਂ ਨੂੰ ਵੀ ਇਹੀ ਕਰਨ ਲਈ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕੀਤੀ। ਐਲਵਿਨ ਚਿਨ, ਉਸਦੀ ਮਾਂ ਅਤੇ ਬਹਨ ਨੇ ਵੈਨਕੂਵਰ ਦੇ ਓਕ ਸਟ੍ਰੀਟ ਕੈਨੇਡੀਅਨ ਬਲੱਡ ਸਰਵਿਸ ਸੈਂਟਰ ਵਿੱਚ ਖ਼ੂਨ ਦਾਨ ਕੀਤਾ। ਉਨ੍ਹਾਂ ਦਾ ਉਦੇਸ਼ ਕੈਨੇਡਾ ਭਰ ਵਿੱਚ ਖ਼ੂਨ ਦਾਨ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਣਾ ਹੈ। ਐਲਵਿਨ ਚਿਨ ਨੇ ਕੈਨੇਡੀਆਨ ਬਲੱਡ ਸਰਵਿਸਿਜ਼ ਦੇ '450 ਚੈਲੈਂਜ' ਵਿੱਚ ਵੀ ਲੋਕਾਂ ਨੂੰ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਇਸ ਮੁਹਿੰਮ ਦਾ ਉਦੇਸ਼ ਦੇਸ਼ ਭਰ ਵਿੱਚ 450 ਨਵੇਂ ਖ਼ੂਨ ਕਰਨ ਵਾਲਿਆਂ ਨੂੰ ਜੋੜਨਾ ਹੈ, ਜੋ ਕੈਨੇਡਾ ਵਿੱਚ ਵਧ ਰਹੀ ਖ਼ੂਨ ਅਤੇ ਪਲਾਜ਼ਮਾ ਦੀ ਮੰਗ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ।

ਐਲਵਿਨ ਚਿਨ ਨੂੰ ਨਵੰਬਰ 2022 ਵਿੱਚ ਨੈਸੋਫਾਰਿੰਗੀਅਲ ਕੈਂਸਰ ਹੋਣ ਦੀ ਪਛਾਣ ਹੋਈ ਸੀ। 2023 ਦੇ ਜਨਵਰੀ ਵਿੱਚ ਉਨ੍ਹਾਂ ਨੇ ਤਿੰਨ ਮਹੀਨਿਆਂ ਦੀ ਰੇਡੀਏਸ਼ਨ ਅਤੇ ਕੈਮੋਥੈਰੇਪੀ ਲਈ। ਇਸ ਤੋਂ ਬਾਅਦ, ਉਨ੍ਹਾਂ ਨੂੰ ਸਤੰਬਰ




ਵਿੱਚ ਕੈਂਸਰ-ਮੁਕਤ ਘੋਸ਼ਿਤ ਕੀਤਾ ਗਿਆ। ਮੀਡੀਆ ਨਾਲ ਗੱਲਬਾਤ ਕਰਨਦੇ ਹੋਏ ਐਲਵਿਨ ਚਿਨ ਨੇ ਕਿਹਾ, "ਇਹ ਤੁਹਾਡੀ ਮਾਨਸਿਕ ਅਤੇ ਸ਼ਾਰੀਰੀਕ ਦੋਨੋ ਪੱਖਾਂ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਮੁਸ਼ਕਲ ਸਮਾਂ ਸੀ, ਪਰ ਇਸ ਸੰਘਰਸ਼ ਨੇ ਮੈਨੂੰ ਬਿਹਤਰ ਬਣਾਇਆ। ਹੁਣ ਜ਼ਿੰਦਗੀ ਨੂੰ ਇੱਕ ਨਵੇਂ ਨਜ਼ਰੀਏ ਨਾਲ ਦੇਖਦਾ ਹਾਂ। ਇਸੇ ਕਾਰਨ ਮੈਂ ਖ਼ੂਨਦਾਨ ਕਰਕੇ ਸਮਾਜ ਨੂੰ ਵਾਪਸ ਕੁਝ ਦੇਣਾ ਚਾਹੁੰਦਾ ਹਾਂ।"

ਕੈਨੇਡੀਆਨ ਬਲੱਡ ਸਰਵਿਸਿਜ਼ ਦੇ ਅੰਕੜਿਆਂ ਮੁਤਾਬਕ, ਦੇਸ਼ ਭਰ ਵਿੱਚ ਹਰ ਰੋਜ਼ ਲਗਭਗ 230 ਨਵੇਂ ਦਾਨੀ ਬਣ ਰਹੇ ਹਨ। ਹਾਲਾਂਕਿ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ ਇਹ ਗਿਣਤੀ ਦੁੱਗਣੀ ਹੋਣੀ ਚਾਹੀਦੀ ਹੈ। ਸੰਸਥਾ ਦੀ ਕਮਿਊਨਿਟੀ ਡਿਵੈਲਪਮੈਂਟ ਮੈਨੇਜਰ ਐਨੀਕਾ ਮੈਕਡੋਨਾਲਡ ਨੇ ਕਿਹਾ, "ਇਹ ਟੀਚਾ ਹਾਸਲ ਕੀਤਾ ਜਾ ਸਕਦਾ ਹੈ। ਸਾਨੂੰ ਜ਼ਰੂਰਤ ਹੈ ਕਿ ਲੋਕ ਇਸ ਬਾਰੇ ਗੱਲਬਾਤ ਕਰਨ। ਖਾਸਕਰ ਸਰਦੀਆਂ ਦੇ ਸਮੇਂ, ਜਦੋਂ ਲੋਕ ਪਰਿਵਾਰ ਅਤੇ ਦੋਸਤਾਂ ਨਾਲ ਵਿਅਸਤ ਹੁੰਦੇ ਹਨ। ਜਦੋਂ ਤੁਸੀਂ ਦਾਨ ਕਰਨ ਆਓ, ਆਪਣੇ ਨਾਲ ਇੱਕ ਦੋਸਤ ਜਾਂ ਪਰਿਵਾਰਕ ਮੈਂਬਰ ਨੂੰ ਵੀ ਲਿਆਓ। ।" ਖ਼ੂਨ ਦਾਨ ਸਿਰਫ਼ ਇੱਕ ਜੀਵਨ ਬਚਾਉਣ ਵਾਲਾ ਕੰਮ ਨਹੀਂ ਹੈ, ਸਗੋਂ ਸਮਾਜਿਕ ਜ਼ਿੰਮੇਵਾਰੀ ਵੀ ਹੈ। ਕੈਂਸਰ ਸਰਵਾਈਵਰ ਐਲਵਿਨ ਚਿਨ ਵਰਗੇ ਲੋਕਾਂ ਦੇ ਪ੍ਰੇਰਣਾਦਾਇਕ ਕਹਾਣੀਆਂ ਦੱਸਦੀਆਂ ਹਨ ਕਿ ਕਿਵੇਂ ਦਾਨੀ ਵਿਅਕਤੀਆਂ ਦੇ ਸਮਰਥਨ ਨਾਲ ਜੀਵਨ ਬਚਾਇਆ ਜਾ ਸਕਦਾ ਹੈ। ਚਿਨ ਦੀ ਕਹਾਣੀ ਸਾਨੂੰ ਦੱਸਦੀ ਹੈ ਕਿ ਦਾਨੀ ਬਣਨਾ ਛੋਟਾ ਪਰ ਬਹੁਤ ਮਹੱਤਵਪੂਰਨ ਕਦਮ ਹੈ। This report was written by Simranjit Singh as part of the Local Journalism Initiative.

# ਕਲੋਵਰਡੇਲ 'ਚ ਵਾਪਰੇ ਭਿਆਨਕ ਸੜਕ ਹਾਦਸੇ 'ਚ ਮਹਿਲਾ ਦੀ ਮੌਤ

**ਸਰੀ, (ਸਿਮਰਨਜੀਤ ਸਿੰਘ):** ਕਲੋਵਰਡੇਲ ਵਿੱਚ ਕ੍ਰਿਸਮਸ ਦੀ ਸਵੇਰੇ ਇੱਕ ਭਿਆਨਕ ਸੜਕ ਹਾਦਸੇ ਵਿਚ ਇੱਕ ਮਹਿਲਾ ਦੀ ਮੌਤ ਹੋ ਗਈ। ਇਹ ਦੁਰਘਟਨਾ ਬੁੱਧਵਾਰ ਸਵੇਰੇ ਲਗਭਗ 11:15 ਵਜੇ 176ਵੀਂ ਸਟਰੀਟ ਅਤੇ ਹਾਈਵੇ 10 ਦੇ ਚੌਂਕ 'ਤੇ ਹੋਈ। ਸਰੀ ਪੁਲਿਸ ਦੋ ਕਾਰਾਂ ਦੀ ਟੱਕਰ, ਜਿਸ ਵਿੱਚ ਇੱਕ ਟੈਕਸੀ ਵੀ ਸ਼ਾਮਲ ਹੈ, ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ। ਜਾਣਕਾਰੀ ਅਨੁਸਾਰ ਟੈਕਸੀ ਵਿਚ ਸਵਾਰ ਇੱਕ ਵੱਡੀ ਉਮਰ ਦੀ ਮਹਿਲਾ ਦੀ ਮੌਤ ਮੌਕੇ 'ਤੇ ਹੀ ਹੋ ਗਈ। ਪੈਰਾਮੈਡੀਕਸ ਵੱਲੋਂ ਉਸ ਨੂੰ ਬਚਾਉਣ ਦੇ ਪੂਰੇ ਯਤਨ ਕੀਤੇ ਗਏ, ਪਰ ਮਹਿਲਾ ਨੂੰ ਬਚਾਇਆ ਨਹੀਂ ਜਾ ਸਕਿਆ। ਪੁਲਿਸ ਦੇ ਮੁਤਾਬਕ, ਦੋਨੋਂ ਕਾਰਾਂ ਦੇ ਡਰਾਈਵਰ ਪੁਲਿਸ ਨਾਲ ਘਟਨਾ ਦੀ ਜਾਂਚ ਵਿਚ ਪੂਰਾ ਸਹਿਯੋਗ ਦੇ ਰਹੇ ਹਨ।



ਇਸ ਹਾਦਸੇ ਦੀ ਪੜਚੋਲ ਲਈ ਅਪਰਾਧਿਕ ਦੁਰਘਟਨਾ ਜਾਂਚ ਟੀਮ ਅਤੇ ਇੰਟਿਗ੍ਰੇਟਡ ਕਾਲੀਜਨ ਐਨਾਲਿਸਿਸ ਐਂਡ ਰੀਕੰਸਟ੍ਰੱਕਸ਼ਨ ਸੇਵਾ ਨੂੰ ਜ਼ਿੰਮਾ ਸੌਂਪਿਆ ਗਿਆ ਹੈ। ਅਧਿਕਾਰੀਆਂ ਨੇ ਹਾਦਸੇ ਦੇ ਕਾਰਨ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ। ਦੁਰਘਟਨਾ ਕਾਰਨ ਹਾਈਵੇ 10 ਦੀ ਪੂਰਬ ਵੱਲ ਜਾਣ ਵਾਲੀ ਟ੍ਰੈਫਿਕ ਦੁਪਹਿਰ 12:30 ਵਜੇ ਤੱਕ ਬੰਦ ਰਹੀ ਜਿਸ ਕਾਰਨ ਲੋਕਾਂ ਨੂੰ ਟ੍ਰੈਫਿਕ ਸਮਾਸਿਆ ਦਾ ਕਈ ਘੰਟੇ ਸਾਹਮਣਾ ਕਰਨਾ ਪਿਆ। ਸਰੀ ਪੁਲਿਸ ਸੇਵਾ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਿਸ ਕੋਲ ਡੈਸ਼ਕੈਮ ਫੁਟੇਜ ਹੋਵੇ, ਉਹ 604-599-0502 'ਤੇ ਸੰਪਰਕ ਕਰ ਪੁਲਿਸ ਨਾਲ ਸਹਿਯੋਗ ਕਰ ਸਕਦੇ ਹਨ। This report was written by Simranjit Singh as part of the Local Journalism Initiative.

Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

JOB AND FAIR
owned by L.S Fair Enterprise

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning » One Off Deep Cleaning
» After Builder Cleaning » Appliances Cleaning Incl. Oven
» Commercial Cleaning » Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

# ਕੈਨੇਡਾ ਪੋਸਟ ਹੜ੍ਹਤਾਲ ਲੱਗਾ ਬੈਕਲੌਗ ਬਰਕਰਾਰ, ਪਾਸਪੋਰਟਾਂ ਦੀ ਦੇਰੀ ਕਾਰਨ ਲੋਕ ਪ੍ਰੇਸ਼ਾਨ




ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਪੋਸਟ ਦੀ ਹੜ੍ਹਤਾਲ ਕਾਰਨ ਲੱਗੇ ਵੱਡੇ ਬੈਕਲੌਗ ਕਾਰਨ ਸਿਰਫ਼ ਛੁੱਟੀਆਂ ਦੇ ਤੋਹਫ਼ਿਆਂ ਦੀ ਦੇਰੀ ਹੀ ਨਹੀਂ ਹੋਈ, ਸਗੋਂ ਹਜ਼ਾਰਾਂ ਕੈਨੇਡੀਅਨ ਲੋਕ ਆਪਣੇ ਪਾਸਪੋਰਟਾਂ ਦੀ ਅਜੇ ਵੀ ਉਡੀਕ ਕਰ ਰਹੇ ਹਨ । ਸਸਕਾਟੂਨ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਹ ਇਸ ਸਮੱਸਿਆ ਨਾਲ ਜੂਝ ਰਹੇ ਹਨ, ਜਿਨ੍ਹਾਂ ਨੂੰ ਛੇ ਹਫ਼ਤਿਆਂ ਤੋਂ ਪਾਸਪੋਰਟ ਦੀ ਉਡੀਕ ਹੈ। ਇਸ ਪਰਿਵਾਰ ਦੇ ਮੈਂਬਰ ਬਰਟਨ ਨੇ ਕਿਹਾ ਕਿ ਜਨਵਰੀ 2 ਨੂੰ ਆਪਣੇ ਪਰਿਵਾਰ ਨਾਲ ਮੈਕਸੀਕੋ ਜਾ ਰਹੇ ਹਨ, ਪਰ ਉਨ੍ਹਾਂ ਦੇ ਪਾਸਪੋਰਟ ਦਾ ਅਜੇ ਤੱਕ ਕੋਈ ਪਤਾ ਨਹੀਂ। ਕੈਨੇਡਾ ਪੋਸਟ ਵੱਲੋਂ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਉਨ੍ਹਾਂ ਦਾ ਪਾਸਪੋਰਟ 27 ਦਸੰਬਰ ਤੱਕ ਮਿਲ ਜਾਣਾ ਚਾਹੀਦਾ ਹੈ, ਪਰ ਬਰਟਨ ਨੂੰ ਚਿੰਤਾ ਹੈ ਕਿ ਸ਼ਾਇਦ ਇਹ ਸਮੇਂ 'ਤੇ ਨਹੀਂ ਆਵੇਗਾ ਅਤੇ ਉਨ੍ਹਾਂ ਵਲੋਂ ਉਲੀਕਿਆ ਗਿਆ ਸਾਰਾ ਪ੍ਰੋਗਰਾਮ ਵਿਅਰਥ ਹੋ ਸਕਦਾ ਹੈ।

ਉਨ੍ਹਾਂ ਕਿਹਾ, "ਮੈਂ ਆਸ ਕਰ ਰਿਹਾ ਹਾਂ ਕਿ ਉਹ ਮੈਨੂੰ ਅਸਥਾਈ ਪਾਸਪੋਰਟ ਜਾਂ ਕੋਈ ਹੋਰ ਦਸਤਾਵੇਜ਼ ਦੇ ਸਕਣ, ਜਿਸ ਨਾਲ ਮੈਂ ਆਪਣੀ ਯਾਤਰਾ ਕਰ ਸਕਾਂ।"

ਕੈਨੇਡਾ ਪੋਸਟ ਨੇ ਇੱਕ ਬਿਆਨ ਵਿੱਚ ਕਿਹਾ ਕਿ 16 ਦਸੰਬਰ ਤੋਂ ਪਾਸਪੋਰਟਾਂ ਨੂੰ ਗਾਹਕਾਂ ਨੂੰ ਭੇਜਿਆ ਜਾ ਰਿਹਾ ਹੈ, ਪਰ ਇਸ 'ਤੇ ਦੇਰੀ ਦੀ ਸੰਭਾਵਨਾ ਅਜੇ ਵੀ ਬਰਕਰਾਰ ਹੈ। 12 ਤੋਂ 16 ਦਸੰਬਰ ਦੇ ਦਰਮਿਆਨ ਕੁਝ ਪਾਸਪੋਰਟ ਕੈਨੇਡਾ ਪੋਸਟ ਦੇ ਦਫ਼ਤਰਾਂ ਤੱਕ ਪਹੁੰਚਾ ਕੇ ਲੋਕਾਂ ਨੂੰ ਤੁਰੰਤ ਸਪੁਰਦ ਕਰਨ ਦੀ ਵਿਵਸਥਾ ਵੀ ਕੀਤੀ ਗਈ ਹੈ। ਇਸ ਨਾਲ ਪ੍ਰਭਾਵਿਤ ਗਾਹਕਾਂ ਨੂੰ ਫ਼ੋਨ ਕਰਕੇ ਦੱਸਿਆ ਗਿਆ ਕਿ ਉਹ ਆਪਣੇ ਪਾਸਪੋਰਟ ਆ ਕੇ ਲੈ ਸਕਦੇ ਹਨ।

ਜ਼ਿਕਰਯੋਗ ਹੈ ਕਿ ਕੈਨੇਡਾ ਪੋਸਟ ਵਲੋਂ ਹੜ੍ਹਤਾਲ ਦੌਰਾਨ ਰੋਕੇ ਗਏ ਪਾਰਸਲ ਪ੍ਰੋਸੈਸ ਕੀਤੇ ਜਾ ਰਹੇ ਹਨ ਅਤੇ ਕ੍ਰਿਸਮਸ ਤੋਂ ਪਹਿਲਾਂ ਬਹੁਤ ਸਾਰੀਆਂ ਚੀਜ਼ਾਂ ਡਿਲੀਵਰ ਹੋਣ ਦੀ ਸੰਭਾਵਨਾ ਹੈ। ਇਹ ਵੀ ਕਿਹਾ ਗਿਆ ਹੈ ਕਿ ਦੇਰੀ ਨੂੰ ਪੂਰਾ ਕਰਨ ਲਈ ਵਰਕਰ ਇਸ ਹਫ਼ਤੇ ਦੇ ਸ਼ਨੀਵਾਰ ਅਤੇ ਐਤਵਾਰ ਨੂੰ ਵੀ ਕੰਮ ਕਰ ਰਹੇ ਹਨ। ਹਾਲਾਂਕਿ, ਲੋਕ ਜਨਵਰੀ ਦੇ ਸ਼ੁਰੂ ਤੱਕ ਸਮਾਨ ਦੇਰੀ ਨਾਲ ਮਿਲਣ ਦੀ ਸੰਭਾਵਨਾ ਬਰਕਰਾਰ ਹੈ।

ਹੜਤਾਲ ਕਾਰਨ ਨਾ ਸਿਰਫ਼ ਲੋਕਾਂ ਦੀਆਂ ਯਾਤਰਾਵਾਂ ਦੀਆਂ ਯੋਜਨਾਵਾਂ ਪ੍ਰਭਾਵਿਤ ਹੋ ਰਹੀਆਂ ਹਨ ਸਗੋਂ ਕਾਰੋਬਾਰ, ਪੜ੍ਹਾਈ ਅਤੇ ਹੋਰ ਮਹੱਤਵਪੂਰਨ ਕੰਮਾਂ ਵਿੱਚ ਵੀ ਰੁਕਾਵਟ ਪੈਦਾ ਹੋ ਰਹੀ ਹੈ। ਹਜ਼ਾਰਾਂ ਲੋਕ ਆਪਣੇ ਦਸਤਾਵੇਜ਼ਾਂ ਦੀ ਉਡੀਕ ਵਿੱਚ ਹਨ, ਜਿਸ ਕਰਕੇ ਉਹ ਆਪਣੇ ਕੰਮ ਸਹੀ ਸਮੇਂ 'ਤੇ ਨਹੀਂ ਕਰ ਪਾ ਰਹੇ। This report was written by Simranjit Singh as part of the Local Journalism Initiative.

# ਮਿਸ਼ਨ ਸ਼ਹਿਰ 'ਚ ਵਿਅਕਤੀ 'ਤੇ ਗਿਣ-ਮਿਥ ਕੇ ਕੀਤੀ ਗਈ ਗੋਲੀਬਾਰੀ




**ਸਰੀ, (ਸਿਮਰਨਜੀਤ ਸਿੰਘ):** ਮਿਸ਼ਨ ਸ਼ਹਿਰ ਵਿੱਚ ਇੱਕ ਵਿਅਕਤੀ ਦੇ ਗਿਣ-ਮਿਥ ਕੇ ਗੋਲੀਬਾਰੀ ਕੀਤੀ ਗਈ ਇਸ ਘਟਨਾ 'ਚ ਵਿਅਕਤੀ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ ਜਿਸ ਨੂੰ ਪੁਲਿਸ ਅਧਿਕਾਰੀਆਂ ਵਲੋਂ ਤੁਰੰਤ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਇਹ ਸੰਭਾਵਤ ਟਾਰਗੇਟਿਡ ਸ਼ੂਟਿੰਗ ਸੀ। ਆਰ.ਸੀ.ਐਮ.ਪੀ. ਦੇ ਅਨੁਸਾਰ, 57 ਸਾਲਾ ਵਿਅਕਤੀ ਫ੍ਰੇਜ਼ਰ ਦਰਿਆ 'ਤੇ ਇੱਕ ਹਾਊਸਬੋਟ ਵਿੱਚ ਜ਼ਖਮੀ ਹਾਲਤ 'ਚ ਮਿਲਿਆ ਸੀ। ਪੁਲਿਸ ਨੇ ਦੋਨਾਲਟਨ ਐਵੀਨਿਊ ਅਤੇ ਵ੍ਰੇਨ ਸਟ੍ਰੀਟ 'ਤੇ ਸ਼ੂਟਿੰਗ ਦੀਆਂ ਰਿਪੋਰਟਾਂ ਦੇ ਬਾਅਦ ਜਗ੍ਹਾ 'ਤੇ ਪਹੁੰਚੀ ਸੀ। ਵਿਅਕਤੀ ਨੂੰ ਗੰਭੀਰ ਜ਼ਖਮ ਹੋਣ ਕਾਰਨ ਏਅਰਲਿਫਟ ਕਰਕੇ ਹਸਪਤਾਲ ਭੇਜਿਆ ਗਿਆ। ਪੁਲਿਸ ਦੇ ਅਨੁਸਾਰ, ਇਹ ਸ਼ੂਟਿੰਗ ਟਾਰਗੇਟਿਡ ਸੀ ਪਰ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਸ ਘਟਨਾ ਤੋਂ ਬਾਅਦ ਆਮ ਲੋਕਾਂ ਲਈ ਕੋਈ ਖਤਰਾ ਨਹੀਂ ਹੈ। ਹਾਲਾਂਕਿ, ਇਸ ਘਟਨਾ ਬਾਰੇ ਹੋਰ ਜਾਣਕਾਰੀ ਇਸ ਵੇਲੇ ਸਾਹਮਣੇ ਨਹੀਂ ਆਈ। ਪੁਲਿਸ ਨੇ ਕਿਹਾ ਕਿ ਵਿਅਕਤੀ ਦੇ ਜ਼ਖਮ ਗੰਭੀਰ ਸਨ ਪਰ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ।

ਜ਼ਿਕਰਯੋਗ ਹੈ ਕਿ ਇਸ ਘਟਨਾ ਤੋਂ ਬਾਅਦ ਵ੍ਰੇਨ ਸਟ੍ਰੀਟ 'ਤੇ ਮੌਜੂਦ ਰੋਨਾ ਹੈਰਡਵੇਅਰ ਸਟੋਰ ਨੇ ਸੁਰੱਖਿਆ ਕਾਰਨ ਆਪਣੇ ਯਾਰਡ ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਸੀ। ਸਟੋਰ ਮੈਨੇਜਰ ਟ੍ਰੇਵਰ ਕ੍ਰੌਵੈਲ ਨੇ ਕਿਹਾ, "ਸਿਰਫ ਸੁਰੱਖਿਆ ਦੇ ਉਦੇਸ਼ ਲਈ ਅਸੀਂ ਆਪਣੇ ਸਟੋਰ ਦਾ ਯਾਰਡ ਬੰਦ ਕੀਤਾ, ਪਰ ਬਾਅਦ 'ਚ ਸਟੋਰ ਖੁੱਲਾ ਰਿਹਾ ਅਤੇ ਸਾਰੇ ਕਾਰਜ ਜਾਰੀ ਰਹੇ। ਪੁਲਿਸ ਨੇ ਸਾਨੂੰ ਆਗਿਆ ਦਿੱਤੀ ਕਿ ਇਲਾਕੇ ਵਿੱਚ ਕੋਈ ਖ਼ਤਰਾ ਨਹੀਂ ਹੈ।" ਆਰ.ਸੀ.ਐਮ.ਪੀ. ਦੇ ਅਨੁਸਾਰ, ਦੋ ਸ਼ੱਕੀ ਵਿਅਕਤੀ ਘਟਨਾ ਨੂੰ ਅੰਜ਼ਾਮ ਦੇ ਕੇ ਮੌਕੇ ਤੋਂ ਫਰਾਰ ਹੋ ਗਏ ਅਤੇ ਪੁਲਿਸ ਉਨ੍ਹਾਂ ਨੂੰ ਲੱਭਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

ਇਸ ਮਾਮਲੇ ਦੀ ਜਾਂਚ ਲਈ, ਆਰ.ਸੀ.ਐਮ.ਪੀ. ਦੀ ਸੈਰੀਅਸ ਕਰਾਈਮ ਯੂਨਿਟ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਵਿੱਚ ਲੋਅਰ ਮੈਇਨਲੈਂਡ ਇੰਟੀਗ੍ਰੇਟਿਡ ਪੁਲਿਸ ਡੋਗ ਸੇਵਾ ਅਤੇ ਇੰਟੀਗ੍ਰੇਟਿਡ ਫੋਰੈਂਸਿਕ ਆਈਡੈਂਟਿਫਿਕੇਸ਼ਨ ਸਰਵਿਸਿਜ਼ ਦੀ ਮਦਦ ਵੀ ਲਈ ਜਾ ਰਹੀ ਹੈ। ਪੁਲਿਸ ਨੇ ਲੋਕਾਂ ਤੋਂ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਵੀ ਇਸ ਘਟਨਾ ਬਾਰੇ ਜਾਣਕਾਰੀ ਹੋਵੇ ਤਾਂ ਉਹ ਮਿਸ਼ਨ ਆਰ.ਸੀ.ਐਮ.ਪੀ. ਨਾਲ ਸੰਪਰਕ ਕਰ ਸਕਦਾ ਹੈ। This report was written by Simranjit Singh as part of the Local Journalism Initiative.


NEWTON DENTURE CLINIC INC.

Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)



Gaba Tire
All TIRES AVAILABLE (AS, AT & MT)
CAR DETAILING
Starting at
$100
Free Delivery in Surrey

- » 185/65/15 All-season
- » 195/65/15
- » 205/55/16
- » 205/60/16
- » 235/45/18 4 Tire 499$ Free install + Tax
- » 4 Tire 299$ Free install + Tax
- » 33/15/20 4 Mud Tire 10 ply
- » 35/12.50/20 4 Mud Tire 10 ply
- » 999$ Free install+Tax

2 YEARS 50000 KM WARRANTY

ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ

CHILLIWACK
45877-HOCKING AVE
604-316-3643
BACK SIDE OF CHILLIWACK TAXI :

ABBOTSFORD
31324 - 107
Peardonville Rd
604-897-3235
604-746-4222

www.gabaautodetailing.com

DHESI MEAT SHOP

SERVING THE COMMUNITY FOR OVER 16 YEARS.



FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.

NOW SERVING IN 3 LOCATIONS

King George Blvd (Bear Creek) 106-13588-88 Avenue Surrey, BC V3W 3K8, 604-501-2277

Fleetwood Location : 104-15933 Fraser Hwy, Surrey, BC V4N 0Y3, 604-593-5222

Sullivan Heights : #102 - 14330 - 64 Ave Surrey, BC, 604-503-2880

SIDHU BROTHERS ACCOUNTING SERVICE LTD.

- PAYROLL - PERSONAL INCOME TAX - CORPORATE INCOME TAX - GST/HST/WCB

We Also Provide Service to get Transport Authority (NSC#, DOT#, MC#, Single State Registration)

WE SPECIALIZED IN ACCOUNTING FOR TRANSPORT COMPANIES



Jarnail Singh Sidhu
Cell : 604-808-1148
jsidhu61@gmail.com

TEL : 604-502-9988 FAX : 604-501-9900
Address : 12633-67B Ave. Surrey, BC V3W 1G2

SINCE : 2007
ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- Brar Bhagta Bhai Ka
  604-751-1113
- Karamjit Singh Buttar
  Journalist
- Simranjit Singh
  Journalist
- Dr. Puran Singh
  Writer
- Gora Sandhu Khurd
  News Reporter (Punjab)
- Paramjit Singh
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਕੈਨੇਡਾ ਦੇ ਮੂਲ ਵਾਸੀਆਂ ਦਾ ਅਮੁੱਕ ਸੰਘਰਸ਼

**ਲੇਖਕ : ਨਾਹਰ ਔਜਲਾ**
**ਸੰਪਰਕ : 416-728-5686**



ਛੋਟੇ ਹੁੰਦਿਆਂ ਇਕ ਕਹਾਵਤ ਸੁਣਦੇ ਹੁੰਦੇ ਸੀ 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।' ਇਹ ਗੱਲ ਮੈਨੂੰ ਕੈਨੇਡਾ ਦੇ ਮੂਲ ਵਾਸੀਆਂ 'ਤੇ ਵੀ ਪੂਰੀ ਢੁਕਦੀ ਜਾਪਦੀ ਹੈ, ਜਿਹੜੇ ਕਈ ਸਦੀਆਂ ਤੋਂ ਇਕ ਵੱਡੀ ਹਕੂਮਤ ਨਾਲ ਲੜਦੇ-ਮਰਦੇ ਆਪਣੀ ਹੋਂਦ ਨੂੰ ਬਚਾਉਣ ਲਈ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਟਰਾਂਸ ਮਾਊਂਟੇਨ ਪਾਈਪ ਲਾਈਨ ਨੂੰ ਕੱਢੇ ਜਾਣ ਤੋਂ ਰੋਕਣ ਲਈ ਉਨ੍ਹਾਂ ਨੇ ਆਪਣਾ ਸੰਘਰਸ਼ ਵਿੱਢਿਆ ਹੋਇਆ ਹੈ। ਸਰਕਾਰ ਨੇ ਕਈ ਵਾਰ ਨੇਟਿਵਾਂ ਨੂੰ ਗ੍ਰਿਫ਼ਤਾਰ ਕਰ ਕੇ ਮਸਲੇ ਨੂੰ ਦਬਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੀ। ਇਸ ਵਾਰ 'ਵੈਟ ਸੋਹੈਟ-ਇਨ' ਨੇਟਿਵਾਂ ਦੇ ਇਸ ਕਬੀਲੇ (ਬੈਂਡ) ਦੀ ਮੰਗ ਹੈ ਕਿ ਉਨ੍ਹਾਂ ਦੇ ਖੇਤਰ ਵਿਚ ਕੋਈ ਵੀ ਪ੍ਰਾਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਸਹਿਮਤੀ ਲਈ ਜਾਣੀ ਜ਼ਰੂਰੀ ਹੈ। ਨਮੂਲ ਵਾਸੀ ਲੀਡਰਾਂ ਦਾ ਕਹਿਣਾ ਹੈ ਕਿ ਸਾਡੇ ਨਾਲ ਇਕ ਵੱਖਰੇ ਦੇਸ਼ ਦੀ ਤਰ੍ਹਾਂ ਗੱਲਬਾਤ ਚਲਾ ਕੇ ਸਮਝੌਤਾ ਕੀਤਾ ਜਾਵੇ। ਇਸ ਖੇਤਰ ਬਾਰੇ ਮੂਲ ਵਾਸੀਆਂ ਨੇ ਕਦੀ ਵੀ ਕਰਾਊਨ ਜਾਂ ਕੈਨੇਡੀਅਨ ਸਰਕਾਰ ਨਾਲ ਕੋਈ ਸੰਧੀ ਨਹੀਂ ਕੀਤੀ ਅਤੇ ਨਾ ਹੀ ਕਦੇ ਇਸ ਖੇਤਰ ਲਈ ਸਰਕਾਰ ਅੱਗੇ ਆਤਮ ਸਮਰਪਣ ਕੀਤਾ ਸੀ।

ਇਤਿਹਾਸਕਾਰਾਂ ਮੁਤਾਬਕ ਪਹਿਲਾਂ ਇਹ ਮੂਲ ਵਾਸੀ ਸਾਈਬੇਰੀਆ ਦੇ ਰਸਤੇ ਤੋਂ ਹੁੰਦੇ ਹੋਏ ਅਲਾਸਕਾ ਰਾਹੀਂ ਇਸ ਧਰਤੀ 'ਤੇ ਪਹੁੰਚੇ ਸਨ। ਮੂਲ ਵਾਸੀ ਕਬੀਲਿਆਂ ਦੇ ਲੋਕਾਂ ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ, ਜਿਵੇਂ ਐਬਉਰਿਜਨਲ, ਫਸਟ ਨੇਸ਼ਨਜ਼, ਇਨਡਿਜੀਨਸ, ਇੰਡੀਅਨਜ਼ ਅਤੇ ਪਹਿਲਾਂ ਪਹਿਲ ਐਸਕੀਮੋ ਵੀ ਕਿਹਾ ਜਾਂਦਾ ਸੀ। ਮੂਲ ਵਾਸੀਆਂ ਦੇ ਪੰਜ ਦੇ ਕਰੀਬ ਮੁੱਖ ਕਬੀਲੇ ਹਨ ਜਿਹੜੇ ਅੱਗੇ ਛੋਟੇ ਛੋਟੇ ਬੈਂਡਾਂ (ਗਰੁੱਪਾਂ) 'ਚ ਵੰਡੇ ਜਾਣ ਨਾਲ ਇਨ੍ਹਾਂ ਦੀ ਗਿਣਤੀ ਕੋਈ 600 ਦੇ ਕਰੀਬ ਹੈ। ਇਨ੍ਹਾਂ ਦੀਆਂ ਗਿਆਰਾਂ ਭਾਸ਼ਾਵਾਂ ਉਹ ਹਨ ਜੋ ਸਿਰਫ਼ ਬੋਲੀਆਂ ਜਾਂਦੀਆਂ ਹਨ ਅਤੇ 65 ਦੇ ਕਰੀਬ ਉਪ-ਬੋਲੀਆਂ ਹਨ, ਪਰ ਅੱਜਕੱਲ੍ਹ ਇਹ ਮੁੱਖ ਤੌਰ 'ਤੇ ਫਰੈਂਚ ਅਤੇ ਅੰਗਰੇਜ਼ੀ ਹੀ ਬੋਲਦੇ ਹਨ। ਕਈ ਬੋਲੀਆਂ ਨੂੰ ਲਿੱਪੀ ਨਾਲ ਜੋੜਨ ਦੇ ਉਪਰਾਲੇ ਵੀ ਹੋ ਰਹੇ ਹਨ। ਕੁਝ ਸੰਸਥਾਵਾਂ ਵੱਲੋਂ ਇਨ੍ਹਾਂ ਦੀਆਂ ਕਈ ਭਾਸ਼ਾਵਾਂ ਨੂੰ ਸਰਕਾਰੀ ਮਾਨਤਾ ਦਿਵਾਉਣ ਦੀ ਕੋਸ਼ਿਸ਼ ਵੀ ਹੋ ਰਹੀ ਹੈ।

1492 'ਚ ਕੋਲੰਬਸ ਅਮਰੀਕਾ ਦੀ ਧਰਤੀ 'ਤੇ ਪਹੁੰਚਿਆ ਤੇ ਯੂਰੋਪੀਅਨਾਂ ਲਈ ਇਕ ਨਵਾਂ ਰਸਤਾ ਖੁੱਲ੍ਹ ਗਿਆ। ਸਦੀ ਦੇ ਅੰਤ 'ਤੇ ਕੁਝ ਫਰੈਂਚ ਮਿਸ਼ਨਰੀ ਆਪਣੇ ਮਿਸ਼ਨ ਲਈ ਕੈਨੇਡਾ ਦੀ ਧਰਤੀ 'ਤੇ ਵੀ ਪਹੁੰਚ ਗਏ। ਭੋਲੇ ਭਾਲੇ ਮੂਲ ਵਾਸੀਆਂ ਲਈ ਇਹ ਬਰਬਾਦੀ ਦੀ ਸ਼ੁਰੂਆਤ ਸੀ। ਯੂਰੋਪੀਅਨਾਂ ਨੇ ਆਪਣੇ ਆਖਰੀ ਪੜਾਅ ਦਾ ਆਰੰਭ ਲੋਕਾਂ ਨੂੰ ਕਾਰੋਬਾਰੀ ਧੰਦਿਆਂ 'ਚ ਪਾਉਣ ਨਾਲ ਕੀਤਾ। ਉਨ੍ਹਾਂ ਨੇ ਮੂਲ ਵਾਸੀਆਂ ਵੱਲੋਂ ਵਰਤੀ ਜਾਂਦੀ ਫਰ ਖ਼ਰੀਦਣੀ ਅਤੇ ਮੂਲ ਵਾਸੀਆਂ ਨੂੰ ਲੋਹਾ ਢਾਲ ਕੇ ਬਣਾਏ ਤਿੱਖੇ ਔਜ਼ਾਰ ਵੇਚਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਲੋਹੇ ਦੇ ਔਜ਼ਾਰਾਂ ਨਾਲ ਮੂਲ ਵਾਸੀਆਂ ਨੂੰ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨਾ ਸੌਖਾ ਲੱਗਿਆ। ਸਮਾਂ ਪਾ ਕੇ ਯੂਰੋਪੀਅਨਾਂ ਨੇ ਆਪਣੇ ਬਿਜ਼ਨਸ ਇੱਥੇ ਹੀ ਲਾਉਣੇ ਸ਼ੁਰੂ ਕਰ ਦਿੱਤੇ। ਲੇਬਰ ਲੱਭਣ ਲਈ ਉਨ੍ਹਾਂ ਨੇ ਹਰ ਮੱਕਾਰੀ ਭਰਿਆ ਕੰਮ ਕੀਤਾ। ਫਰੈਂਚ ਲੋਕਾਂ ਨੇ ਮੂਲ ਵਾਸੀਆਂ ਲੋਕਾਂ ਦੀਆਂ ਔਰਤਾਂ ਨੂੰ ਭਰਮਾ ਕੇ, ਲਾਲਚ ਦੇ ਕੇ, ਝੂਠ ਫਰੇਬ ਜਾਂ ਜ਼ਬਰਦਸਤੀ ਉਨ੍ਹਾਂ ਨਾਲ ਵਿਆਹ ਕਰਵਾ ਲੈਣਾ, ਲੇਬਰ ਦਾ ਕੰਮ ਵੀ ਲੈਣਾ ਤੇ ਫੇਰ ਬੱਚੇ ਪੈਦਾ ਹੋਣ 'ਤੇ ਉਨ੍ਹਾਂ ਨੂੰ ਛੱਡ ਕੇ ਤੁਰ ਜਾਣਾ। ਇਨ੍ਹਾਂ ਹੀ ਪਰਿਵਾਰਾਂ ਨੂੰ ਅੱਗੇ ਜਾ ਕੇ ਮੇਟੀ ਕਮਿਊਨਿਟੀ ਦਾ ਨਾਂ ਦਿੱਤਾ ਗਿਆ। ਲੱਖਾਂ ਦੀ ਗਿਣਤੀ 'ਚ ਮੇਟੀ ਲੋਕ ਹੁਣ ਫਰੈਂਚ, ਅੰਗਰੇਜ਼ੀ ਤੇ ਥੋੜ੍ਹੀ ਬਹੁਤੀ ਆਪਣੇ ਬੈਂਡ ਦੀ ਭਾਸ਼ਾ 'ਮੀਚਿਫ' ਬੋਲਦੇ ਹਨ।

ਆਪਣੇ ਬਿਜ਼ਨਸ ਸੈੱਟ ਹੋ ਜਾਣ ਤੋਂ ਬਾਅਦ ਯੂਰੋਪੀਅਨਾਂ ਨੇ ਮੂਲ ਵਾਸੀਆਂ ਦੀ ਫਰ ਖ਼ਰੀਦਣੀ ਬੰਦ ਕਰ ਦਿੱਤੀ। ਨੇਟਿਵਾਂ 'ਚ ਬੇਰੁਜ਼ਗਾਰੀ ਵਧ ਗਈ। ਫਿਰ ਲੋਕਾਂ ਤੋਂ ਜ਼ਮੀਨਾਂ ਖੋਹਣ ਲਈ ਉਨ੍ਹਾਂ ਨਾਲ ਬੇ-ਮੇਚੇ ਸਮਝੌਤੇ ਕਰਨ ਲੱਗ ਪਏ। ਕਹਿਣ ਕਹਾਉਣ 'ਚ ਤਾਂ ਇਹ ਹੀ ਹੁੰਦਾ ਕਿ ਤੁਸੀਂ ਆਪਣੇ ਕਾਨੂੰਨ ਅਨੁਸਾਰ ਕੰਮ ਚਲਾਓ ਤੇ ਅਸੀਂ ਆਪਣੇ ਖੇਤਰ 'ਚ ਆਪਣੇ ਕਾਨੂੰਨ ਮੁਤਾਬਕ, ਪਰ ਹੁੰਦਾ ਸਭ ਧੱਕਾ ਹੀ ਸੀ।

ਕੈਨੇਡਾ ਦੀ ਧਰਤੀ 'ਤੇ ਮੂਲ ਵਾਸੀਆਂ ਦਾ ਮੁੱਖ ਕਿੱਤਾ ਮੱਛੀਆਂ ਫੜਨਾ ਸੀ। ਮੂਲ ਵਾਸੀਆਂ ਦੀ ਆਤਮ ਨਿਰਭਰਤਾ ਤੋੜਨ ਲਈ ਇਹ ਕੰਮ ਵੀ ਯੂਰੋਪੀਅਨ ਲੋਕ ਵੱਡੀਆਂ ਬੋਟਾਂ ਨਾਲ ਕਰਨ ਲੱਗ ਪਏ। ਮੂਲ ਵਾਸੀਆਂ ਦੇ ਮੱਛੀਆਂ ਫੜਨ ਵਾਲੇ ਖੇਤਰ ਸੀਮਿਤ ਕਰ ਦਿੱਤੇ ਗਏ। ਉਨ੍ਹਾਂ ਨੂੰ ਆਪਣੇ ਗੁਜ਼ਾਰੇ ਜੋਗੀਆਂ ਮੱਛੀਆਂ ਫੜਨ ਦੀ ਇਜਾਜ਼ਤ ਹੀ ਦਿੱਤੀ ਗਈ। ਕਾਨੂੰਨ ਤੋੜਨ ਦੇ ਬਹਾਨੇ ਹੇਠ ਨਮੂਲ ਵਾਸੀਆਂ ਨੂੰ ਜੇਲ੍ਹਾਂ 'ਚ ਸੁੱਟਿਆ ਜਾਂਦਾ।

ਬੇਰੁਜ਼ਗਾਰੀ ਨੇ ਮੂਲ ਵਾਸੀਆਂ ਦਾ ਲੱਕ ਤੋੜ ਦਿੱਤਾ। ਇਸ ਔਖੇ ਸਮੇਂ 'ਤੇ ਲੋਕਾਂ ਨੂੰ ਨਸ਼ੇ ਉਪਲੱਬਧ ਕਰਾਉਣੇ ਸ਼ੁਰੂ ਕਰ ਦਿੱਤੇ। ਲੋਕਾਂ ਦੇ ਤਣਾਅ 'ਚ ਆਉਣ ਕਾਰਨ ਉਨ੍ਹਾਂ ਦੇ ਘਰਾਂ 'ਚ ਹਿੰਸਾ ਵਧ ਗਈ। ਔਰਤਾਂ ਨਾਲ ਕੁੱਟਮਾਰ ਦੀਆਂ ਵਾਰਦਾਤਾਂ ਆਮ ਹੋਣ ਲੱਗ ਪਈਆਂ। ਬੱਚੇ ਅਣਗੌਲੇ ਹੋ ਗਏ।

ਹੁਣ ਮੂਲ ਵਾਸੀਆਂ ਦਾ ਮਾਣ-ਸਨਮਾਨ, ਸੱਭਿਆਚਾਰ ਅਤੇ ਬੋਲੀ ਖ਼ਤਮ ਕਰ ਕੇ ਉਨ੍ਹਾਂ ਦਾ ਨਸਲਘਾਤ ਕਰਨ ਲਈ ਸਰਕਾਰੀ ਕਾਨੂੰਨ ਪਾਸ ਕਰ ਕੇ ਆਖਰੀ ਹੱਲਾ ਬੋਲ ਦਿੱਤਾ। ਮਿਸ਼ਨਰੀਆਂ ਦੀ ਮਦਦ ਨਾਲ ਵੱਡੇ ਕਸਬਿਆਂ 'ਚ 130 ਦੇ ਕਰੀਬ ਰੈਜੀਡੈਂਸੀਅਲ ਬੋਰਡਿੰਗ ਸਕੂਲ ਖੋਲ੍ਹ ਦਿੱਤੇ ਗਏ। ਸੁਹਿਰਦ ਲੋਕਾਂ ਅਤੇ ਮਨੁੱਖੀ ਅਧਿਕਾਰਾਂ ਦੇ ਗਰੁੱਪਾਂ ਵੱਲੋਂ ਦੁਨੀਆਂ ਭਰ 'ਚ ਇਸ ਧੱਕੇ ਖਿਲਾਫ਼ ਹਾਹਾਕਾਰ ਮਚਾਉਣ ਤੇ ਫਿਰ ਸਰਕਾਰ ਨੇ 1969 ਤੋਂ 1990 ਦੇ ਦਹਾਕੇ ਤਕ ਜਾ ਕੇ ਇਹ ਸਾਰੇ ਰੈਜੀਡੈਂਸੀਅਲ ਸਕੂਲ ਬੰਦ ਕਰ ਦਿੱਤੇ। ਤਕਰੀਬਨ ਡੇਢ ਲੱਖ ਬੱਚਿਆਂ ਨੂੰ ਇਨ੍ਹਾਂ ਸਕੂਲਾਂ 'ਚ ਫ਼ੌਜੀ ਅਨੁਸ਼ਾਸਨ ਅਧੀਨ ਕੈਦੀਆਂ ਦੀ ਤਰ੍ਹਾਂ ਰੱਖਿਆ ਗਿਆ।

ਇਨ੍ਹਾਂ ਬੱਚਿਆਂ ਨੂੰ ਸਰੀਰਿਕ, ਮਾਨਸਿਕ ਤਸੀਹਿਆਂ ਦੇ ਨਾਲ ਨਾਲ ਘਟੀਆ ਖਾਣਾ ਦੇ ਕੇ ਦਿਮਾਗ਼ੀ ਤੌਰ 'ਤੇ ਪਰੇਸ਼ਾਨ ਕੀਤਾ ਜਾਂਦਾ ਸੀ। ਉਨ੍ਹਾਂ ਦੀ ਆਪਣੀ ਬੋਲੀ ਬੋਲਣ 'ਤੇ ਸਰੀਰਿਕ ਤਸੀਹੇ ਦਿੱਤੇ ਜਾਂਦੇ। ਅਣਗਿਣਤ ਬੱਚਿਆਂ ਨੇ ਇਨ੍ਹਾਂ ਤਸੀਹਿਆਂ ਤੋਂ ਤੰਗ ਆ ਕੇ ਆਤਮ ਹੱਤਿਆ ਕਰ ਲਈ। ਰੈਜੀਡੈਂਸੀਅਲ ਸਕੂਲਾਂ 'ਚ ਪੜ੍ਹਦੇ ਬੱਚੇ ਆਪਣੇ ਘਰਾਂ ਤੋਂ ਸੈਂਕੜੇ ਮੀਲ ਦੂਰ ਹੋਣ ਕਰ ਕੇ ਦਹਾਕਿਆਂ ਬੱਧੀ ਆਪਣੇ ਮਾਪਿਆਂ ਨੂੰ ਮਿਲਣ ਤੋਂ ਵਾਂਝੇ ਰਹਿੰਦੇ ਰਹੇ। ਸਰਕਾਰ ਦਾ ਕਹਿਣਾ ਸੀ ਕਿ ਅਸੀਂ ਇਨ੍ਹਾਂ ਬੱਚਿਆਂ ਨੂੰ ਜਾਂਗਲੀਪੁਣੇ 'ਚੋਂ ਕੱਢ ਕੇ ਸਹੀ ਸੱਭਿਅਕ ਅਤੇ ਚੰਗੇ ਕੈਨੇਡੀਅਨ ਸ਼ਹਿਰੀ ਬਣਾ ਰਹੇ ਹਾਂ, ਪਰ ਅਸਲ ਯੋਜਨਾ ਤਾਂ ਉਨ੍ਹਾਂ ਦਾ ਸਭ ਕੁਝ ਖ਼ਤਮ ਕਰ ਕੇ ਉਨ੍ਹਾਂ ਨੂੰ ਯੂਰੋਪੀਅਨ ਕਲਚਰ 'ਚ ਮਿਕਸ ਕਰਨਾ ਸੀ। ਯੂਰੋਪੀਅਨਾਂ ਦੇ ਆਉਣ ਤੋਂ ਪਹਿਲਾਂ ਇਨ੍ਹਾਂ ਦੀ ਆਬਾਦੀ 11 ਮਿਲੀਅਨ ਦੇ ਕਰੀਬ ਸੀ, ਜਿਹੜੀ ਹੁਣ ਘਟ ਕੇ 1.4 ਮਿਲੀਅਨ ਦੇ ਕਰੀਬ ਹੀ ਰਹਿ ਗਈ ਹੈ।

ਕੈਨੇਡਾ ਸਰਕਾਰ ਨੇ 1949 'ਚ ਯੂਨਾਈਟਿਡ ਨੇਸ਼ਨਜ਼ ਵੱਲੋਂ ਨਸਲਕੁਸ਼ੀ ਸਬੰਧੀ ਪਾਸ ਕੀਤੇ ਮਤੇ ਦੀ ਉਲੰਘਣਾ ਕੀਤੀ ਸੀ। ਜੂਨ 2008 'ਚ ਇਕ ਟਰੁੱਥ ਐਂਡ ਰੀਕੰਸੀਲੀਏਸ਼ਨ ਕਮਿਸ਼ਨ ਬਣਾਇਆ ਗਿਆ ਜਿਸਨੇ ਪੂਰੀ ਖੋਜ ਪੜਤਾਲ ਕਰ ਕੇ ਇਕ ਵੱਡੀ ਰਿਪੋਰਟ ਤਿਆਰ ਕੀਤੀ ਅਤੇ ਸੌ ਦੇ ਕਰੀਬ ਹਦਾਇਤਾਂ ਵੀ ਦਿੱਤੀਆਂ, ਜਿਨ੍ਹਾਂ ਨਾਲ ਇਸ ਕਮਿਊਨਟੀ ਦੇ ਜ਼ਖ਼ਮਾਂ 'ਤੇ ਕੁਝ ਮੱਲ੍ਹਮ ਲਾਉਣ ਦਾ ਕੰਮ ਕੀਤਾ ਜਾ ਸਕੇ। ਫਸਟ ਨੇਸ਼ਨਜ਼ ਦੇ ਮੁੱਖੀ ਵੱਲੋਂ 2006 'ਚ ਸਰਕਾਰ 'ਤੇ ਹਰਜਾਨੇ ਦਾ ਕੇਸ ਚਲਾਇਆ ਗਿਆ। ਕੈਨੇਡੀਅਨ ਸਰਕਾਰ ਨੇ 2008 'ਚ ਇਸ ਦੀ ਜਨਤਕ ਤੌਰ 'ਤੇ ਮੁਆਫ਼ੀ ਮੰਗੀ ਅਤੇ ਬਿਲੀਅਨ ਡਾਲਰਾਂ ਦਾ ਮੁਆਵਜ਼ਾ ਦੇਣਾ ਵੀ ਮੰਨਿਆ।

ਅੱਜ ਵੀ ਮੂਲ ਵਾਸੀਆਂ ਦੇ ਰਹਿਣ ਵਾਲੀਆਂ ਥਾਵਾਂ 'ਤੇ ਸਰੀਰਾਂ ਨੂੰ ਫਰੀਜ਼ ਕਰ ਦੇਣ ਵਾਲੀ ਠੰਢ ਸਮੇਂ ਵੀ ਹੀਟ ਦਾ ਯੋਗ ਪ੍ਰਬੰਧ ਨਹੀਂ ਹੈ। ਪੜ੍ਹਾਈ ਲਈ ਅਜੇ ਵੀ ਬੱਚਿਆਂ ਨੂੰ ਦੂਰ ਦੁਰਾਡੇ ਦੇ ਸ਼ਹਿਰਾਂ 'ਚ ਜਾਣਾ ਪੈਂਦਾ ਹੈ। ਮੂਲ ਵਾਸੀ ਸਮੁਦਾਏ ਦੇ ਉੱਚੀ ਵਿਦਿਆ ਪ੍ਰਾਪਤ ਬੱਚਿਆਂ ਦੀ ਗਿਣਤੀ ਉਨ੍ਹਾਂ ਦੀ ਕੁੱਲ ਆਬਾਦੀ ਦਾ 10% ਤੋਂ ਵੀ ਘੱਟ ਬਣਦੀ ਹੈ। ਵਿਦਿਆਰਥੀਆਂ ਨੂੰ ਵੱਡੇ ਸ਼ਹਿਰਾਂ 'ਚ ਅਜੇ ਵੀ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ। ਪਾਣੀ, ਪੀਣ ਦੇ ਯੋਗ ਨਹੀਂ ਹੈ। ਉਨ੍ਹਾਂ ਦੇ ਖੇਤਰ 'ਚ ਅਜੇ ਵੀ ਰੁਜ਼ਗਾਰ ਦਾ ਕੋਈ ਢੁਕਵਾਂ ਪ੍ਰਬੰਧ ਨਹੀਂ ਹੈ। ਜਿਹੜੇ ਬੱਚੇ ਅਸਲੀ ਮਾਂ ਪਿਉ ਤੋਂ ਪਰੇ ਹੋਰ ਘਰਾਂ 'ਚ ਸੰਭਾਲੇ ਜਾਂਦੇ ਹਨ, ਉਨ੍ਹਾਂ ਨੂੰ ਫਾਸਟਰ ਪੇਰੈਂਟਸ ਕਿਹਾ ਜਾਂਦਾ ਹੈ। ਜਿੰਨੇ ਬੱਚੇ ਇਨ੍ਹਾਂ ਘਰਾਂ 'ਚ ਪਲਦੇ ਹਨ, ਉਨ੍ਹਾਂ 'ਚੋਂ 50% ਬੱਚੇ ਮੂਲ ਵਾਸੀਆਂ ਦੇ ਹਨ। ਬਹੁਤ ਸਾਰੇ ਬੱਚੇ ਜੋ ਰੇਜੀਡੈਂਸੀਅਲ ਸਕੂਲਾਂ ਵਿਚੋਂ ਨਿਕਲੇ ਸਨ, ਉਹ ਆਪਣੇ ਮਾਪਿਆਂ ਨਾਲ ਉਨ੍ਹਾਂ ਦੀ ਬੋਲੀ 'ਚ ਗੱਲ ਨਾ ਕਰ ਸਕਣ ਕਾਰਨ ਮਜਬੂਰੀ ਵੱਸ ਸ਼ਹਿਰਾਂ ਵੱਲ ਚਲੇ ਗਏ, ਜਿਨ੍ਹਾਂ ਵਿਚੋਂ ਬਹੁਤ ਸਾਰੇ ਮਾਨਸਿਕ ਪਰੇਸ਼ਾਨੀਆਂ ਕਾਰਨ ਥੋੜ੍ਹੇ ਜਿਹੇ ਵੈਲਫੇਅਰ ਦੇ ਮਿਲਦੇ ਪੈਸਿਆਂ 'ਤੇ ਹੀ ਗੁਜ਼ਾਰਾ ਕਰਦੇ ਰਹੇ। ਜ਼ਿੰਦਗੀ ਦਾ ਕੋਈ ਮਨੋਰਥ ਨਜ਼ਰ ਨਾ ਆਉਂਦਾ ਦੇਖ, ਨਸ਼ਿਆਂ 'ਚ ਗੁੱਟ ਰਹਿਣ ਲੱਗੇ।

ਸਦੀਆਂ ਤੋਂ ਇੰਨੇ ਜ਼ਬਰ ਝੱਲਣ ਵਾਲੇ ਬਹੁਤ ਸਾਰੇ ਮੂਲ ਵਾਸੀ ਏਨੀਆਂ ਭੈੜੀਆਂ ਹਾਲਤਾਂ 'ਚ ਰਹਿੰਦੇ ਹੋਏ ਅੱਜ ਵੀ ਆਪਣੇ ਹੱਕਾਂ ਲਈ ਆਰ-ਪਾਰ ਦੀ ਲੜਾਈ ਲੜ ਰਹੇ ਹਨ। ਉਨ੍ਹਾਂ ਦੀ ਮੰਗ ਹੈ ਕਿ ਹਰ ਉਹ ਪ੍ਰੋਜੈਕਟ ਜੋ ਉਨ੍ਹਾਂ ਦੀ ਧਰਤੀ ਨਾਲ ਸਬੰਧਿਤ ਹੈ, ਉਹ ਉਨ੍ਹਾਂ ਦੀ ਸਹਿਮਤੀ ਨਾਲ ਹੀ ਨੇਪਰੇ ਚਾੜ੍ਹਿਆ ਜਾਵੇ। ਜ਼ਬਰਦਸਤੀ ਆਰਸੀਐੱਮਪੀ ਜਾਂ ਫ਼ੌਜ ਦੀ ਮਦਦ ਲੈ ਕੇ ਕੀਤੀ ਜਾਂਦੀ ਧੱਕੇਸ਼ਾਹੀ ਨੂੰ ਉਹ ਆਪਣੀ ਕਮਿਊਨਿਟੀ 'ਤੇ ਕੀਤਾ ਫ਼ੌਜੀ ਹਮਲਾ ਸਮਝਦੇ ਹਨ।

ਵਾਤਾਵਰਣ ਦੀ ਗੱਲ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਮੂਲ ਵਾਸੀਆਂ ਦੇ ਖੇਤਰ ਵਿਚੋਂ ਤੇਲ ਪਾਈਪ ਲਾਈਨ ਕੱਢਣ 'ਤੇ ਕੋਈ ਦਸ ਬਿਲੀਅਨ ਡਾਲਰ ਦਾ ਖ਼ਰਚਾ ਕੀਤਾ ਜਾ ਰਿਹਾ ਹੈ। ਇਹ ਟਾਰ ਸੈਂਡ ਤੇਲ ਕੱਢਣਾ, ਫੌਸਲ ਫਿਊਲ ਤੋਂ ਮਹਿੰਗਾ ਪੈਂਦਾ ਹੈ, ਫਿਰ ਤੇਲ ਸਾਫ਼ ਕਰਨ ਵਾਲੀਆਂ ਰਿਫਾਇਨਰੀਆਂ ਵੀ ਅਮਰੀਕਾ 'ਚ ਹਨ। ਜਦੋਂ ਕਦੀ ਓਪੈਕ, ਭਾਵ ਤੇਲ ਸਪਲਾਈ ਕਰਨ ਵਾਲੇ ਮੁਲਕਾਂ 'ਚ ਕੰਪੀਟੀਸ਼ਨ ਕਰ ਕੇ ਤੇਲ ਦੇ ਭਾਅ ਡਿੱਗ ਜਾਂਦੇ ਹਨ ਤਾਂ ਕੈਨੇਡਾ ਦੀਆਂ ਤੇਲ ਕੰਪਨੀਆਂ ਬਿਲੀਅਨਜ਼ ਡਾਲਰਾਂ ਦੇ ਘਾਟੇ 'ਚ ਚਲੀਆਂ ਜਾਂਦੀਆਂ ਹਨ ਜਿਸ ਕਾਰਨ ਅਲਬਰਟਾ ਪ੍ਰਾਂਤ ਪਿਛਲੇ ਲੰਮੇ ਸਮੇਂ ਤੋਂ ਮੰਦੀ 'ਚੋਂ ਨਹੀਂ ਨਿਕਲ ਸਕਿਆ। ਹੁਣ ਕਰੋਨਾ ਮਹਾਂਮਾਰੀ ਦਾ ਫਾਇਦਾ ਲੈਂਦਿਆਂ ਸਰਕਾਰ ਨੇ ਪਾਈਪ ਲਾਈਨ ਫੇਰ ਬਣਾਉਣੀ ਸ਼ੁਰੂ ਕਰ ਦਿੱਤੀ ਹੈ ਕਿਉਂਕਿ ਲੋਕ ਇਸ ਵਕਤ ਘਰਾਂ 'ਚ ਬੰਦ ਹਨ।

ਕੈਨੇਡਾ ਦੇ ਮੂਲ ਵਾਸੀਆਂ ਦੀ ਕਹਾਣੀ ਵੀ ਉੱਤਰੀ ਅਮਰੀਕਾ, ਦੱਖਣੀ ਅਮਰੀਕਾ, ਆਸਟਰੇਲੀਆ, ਭਾਰਤ ਸਮੇਤ ਕਈ ਹੋਰ ਦੇਸ਼ਾਂ ਦੇ ਮੂਲ ਵਾਸੀਆਂ ਨਾਲ ਮਿਲਦੀ ਜੁਲਦੀ ਹੀ ਹੈ। ਹਰ ਮੁਲਕ ਦੀਆਂ ਸਰਕਾਰਾਂ ਇਨ੍ਹਾਂ ਦੀ ਨਸਲਕੁਸ਼ੀ ਕਰ ਕੇ ਇਨ੍ਹਾਂ ਦੇ ਖੇਤਰਾਂ 'ਚੋਂ ਖਣਿਜ ਪਦਾਰਥਾਂ ਦੀ ਲੁੱਟ ਖਸੁੱਟ ਅਤੇ ਜ਼ਮੀਨ 'ਤੇ ਕਬਜ਼ਾ ਕਰਨਾ ਚਾਹੁੰਦੀਆਂ ਹਨ। ਇਨ੍ਹਾਂ ਦੀ ਬੋਲੀ, ਸੱਭਿਆਚਾਰ, ਪੜ੍ਹਾਈ ਅਤੇ ਰੁਜ਼ਗਾਰ, ਸਰਮਾਏਦਾਰੀ ਸਰਕਾਰਾਂ ਲਈ ਕੋਈ ਮੁੱਦਾ ਨਹੀਂ ਹੈ। ਪਰ ਇਤਿਹਾਸਕ ਗੱਲ ਇਹ ਹੈ ਕਿ ਮੂਲ ਵਾਸੀ ਆਪਣੀ ਨਿਗੂਣੀ ਜਿਹੀ ਤਾਕਤ ਨਾਲ ਆਪਣੀ ਲੜਾਈ ਨੂੰ ਅੰਤ ਤਕ ਲੜਨ ਦਾ ਹੌਸਲਾ ਰੱਖ ਰਹੇ ਹਨ।

# ਕਜ਼ਾਕਿਸਤਾਨ ਵਿੱਚ ਅਜ਼ਰਬਾਈਜਾਨ ਏਅਰਲਾਈਨਜ਼ ਦਾ ਜਹਾਜ਼ ਹਾਦਸਾਗ੍ਰਸਤ, 42 ਯਾਤਰੀਆਂ ਦੀ ਮੌਤ



**ਵਾਸ਼ਿੰਗਟਨ, (ਪਰਮਜੀਤ ਸਿੰਘ):** ਕਜ਼ਾਕਿਸਤਾਨ ਵਿੱਚ ਅਜ਼ਰਬਾਈਜਾਨ ਏਅਰਲਾਈਨਜ਼ ਦੇ ਜਹਾਜ਼ ਦੀ ਦੁਰਘਟਨਾ ਨੇ ਨਾਂ ਸਿਰਫ਼ ਕਜ਼ਾਕਿਸਤਾਨ ਵਿੱਚ, ਸਗੋਂ ਦੁਨੀਆ ਭਰ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਇਸ ਹਾਦਸੇ ਵਿੱਚ ਜਹਾਜ਼ ਵਿੱਚ ਮੌਜੂਦ 67 ਯਾਤਰੀਆਂ ਵਿੱਚੋਂ 42 ਦੀ ਮੌਤ ਹੋ ਗਈ, ਜਦਕਿ ਬਾਕੀ 25 ਯਾਤਰੀ ਜ਼ਖ਼ਮੀ ਹੋ ਗਏ। ਮੁਢਲੀ ਜਾਂਚ ਅਤੇ ਮੀਡੀਆ ਰਿਪੋਰਟਾਂ ਦੇ ਅਧਾਰ 'ਤੇ ਹਾਦਸੇ ਦੇ ਤੌਰ-ਤਰੀਕੇ ਅਤੇ ਕਾਰਨਾਂ ਬਾਰੇ ਕਈ ਮਹੱਤਵਪੂਰਨ ਜਾਣਕਾਰੀਆਂ ਸਾਹਮਣੇ ਆਈਆਂ ਹਨ।

ਹਾਦਸੇ ਦੇ ਮੁੱਖ ਕਾਰਨਾਂ ਵਿੱਚ ਇੱਕ ਜਹਾਜ਼ ਦੇ ਜੀਪੀਐਸ ਸਿਸਟਮ ਦੀ ਖਰਾਬੀ ਸਾਹਮਣੇ ਆਈ ਹੈ। ਮੀਡੀਆ ਰਿਪੋਰਟਾਂ ਅਤੇ ਜਹਾਜ਼ ਦੇ ਡਾਟਾ ਰਿਕਾਰਡਰ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ, ਹਾਦਸੇ ਤੋਂ ਕੁਝ ਸਮੇਂ ਪਹਿਲਾਂ ਜਹਾਜ਼ ਦੇ ਜੀਪੀਐਸ ਸਿਸਟਮ ਨੇ ਪੰਛੀ ਨਾਲ ਟਕਰਾਉਣ ਕਰਕੇ ਕੰਮ ਕਰਨਾ ਬੰਦ ਕਰ ਦਿੱਤਾ। ਇਸ ਸਿਸਟਮ ਦੀ ਖਰਾਬੀ ਕਾਰਨ ਪਾਇਲਟ ਨੂੰ ਨੇਵੀਗੇਸ਼ਨ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਇਸੇ ਵਜ੍ਹਾ ਨਾਲ ਜਹਾਜ਼ ਦੀ ਉਡਾਨ ਵਿੱਚ ਗੜਬੜੀ ਆਈ ਅਤੇ ਇਹ ਅੰਤ ਵਿੱਚ ਹਾਦਸੇ ਦਾ ਕਾਰਨ ਬਣੀ।

ਹਾਦਸੇ ਦੌਰਾਨ ਜਹਾਜ਼ ਦੋ ਟੁਕੜਿਆਂ ਵਿੱਚ ਵੰਡਿਆ ਅਤੇ ਮਲਬਾ ਘਟਨਾ ਸਥਾਨ ਤੋਂ ਲਗਭਗ 500 ਮੀਟਰ ਤੱਕ ਫੈਲ ਗਿਆ। ਇਸ ਹਾਦਸੇ ਵਿੱਚ ਮਾਰੇ ਗਏ ਲੋਕਾਂ ਵਿੱਚ 37 ਅਜ਼ਰਬਾਈਜਾਨੀ, ਰੂਸੀ, ਕਜ਼ਾਖ ਅਤੇ ਕਿਰਗਿਜ਼ ਨਾਗਰਿਕ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਜਹਾਜ਼ ਨੇ ਉਡਾਨ ਦੇ ਬਾਅਦ ਇੱਕ ਸਮੇਂ ਕਈ ਵਾਰ ਹਵਾ ਵਿੱਚ ਗੋਤਾ ਲਗਾਇਆ, ਜਿਸ ਨਾਲ ਪਾਇਲਟ ਅਤੇ ਯਾਤਰੀਆਂ ਵਿੱਚ ਦਹਿਸ਼ਤ ਫੈਲ ਗਈ। ਜਹਾਜ਼ ਦੀ ਲੈਂਡਿੰਗ ਦੀ ਕੋਸ਼ਿਸ਼ ਕਰਨ ਤੋਂ ਬਾਅਦ ਕੁਝ ਹੀ ਮਿੰਟਾਂ ਵਿੱਚ ਇਹ ਹਾਦਸਾ ਦੇ ਸ਼ਿਕਾਰ ਹੋ ਗਿਆ। ਜਹਾਜ਼ ਨੂੰ 60 ਮਿੰਟ ਤੱਕ ਲੈਂਡ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਅੰਤ ਵਿੱਚ ਇਸਨੂੰ ਰੋਕਣਾ ਸੰਭਵ ਨਹੀਂ ਹੋ ਸਕਿਆ ਅਤੇ ਇਹ ਦੁਰਘਟਨਾ ਦਾ ਸ਼ਿਕਾਰ ਹੋ ਗਿਆ।

ਜਦੋਂ ਬਚਾਅ ਦਲ ਨੇ ਘਟਨਾ ਸਥਾਨ 'ਤੇ ਪਹੁੰਚਿਆ, ਉਨ੍ਹਾਂ ਨੂੰ ਜਹਾਜ਼ ਦੇ ਮਲਬੇ ਵਿੱਚ ਅੱਗ ਦਿਖਾਈ ਦਿੱਤੀ। ਮਲਬੇ ਵਿੱਚ ਬਹੁਤ ਸਾਰੇ ਜ਼ਖ਼ਮੀ ਯਾਤਰੀ ਆਪਣੇ ਜੀਵਨ ਨੂੰ ਬਚਾਉਣ ਲਈ ਬਚਾਅ ਕਰਮੀਆਂ ਦੀ ਉਮੀਦ ਕਰ ਰਹੇ ਸਨ। ਤਬਾਹੀ ਦੇ ਇਲਾਕੇ ਵਿੱਚ ਹਰ ਪਾਸੇ ਟੁੱਟੇ ਹੋਏ ਜਹਾਜ਼ ਦੇ ਹਿੱਸੇ, ਖ਼ੂਨ ਅਤੇ ਲਾਸ਼ਾਂ ਪਈਆਂ ਹੋਈਆਂ ਸਨ। ਬਚਾਅ ਕਾਰਵਾਈ ਤੋਂ ਬਾਅਦ ਵੀ, ਜ਼ਖ਼ਮੀਆਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਕੀਤਾ ਜਾ ਸਕਿਆ।

# ਡੋਨਾਲਡ ਟਰੰਪ ਨੇ ਗ੍ਰੀਨਲੈਂਡ ਖਰੀਦਣ ਦੀ ਇੱਛਾ ਜਤਾਈ, ਡੈਨਮਾਰਕ ਨਾਲ ਟਕਰਾਅ ਜਾਰੀ



**ਵਾਸ਼ਿੰਗਟਨ, (ਪਰਮਜੀਤ ਸਿੰਘ):** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੈਨਮਾਰਕ ਤੋਂ ਗ੍ਰੀਨਲੈਂਡ ਖਰੀਦਣ ਦੇ ਆਪਣੇ ਸੱਦੇ ਨੂੰ ਦੁਹਰਾਇਆ ਹੈ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਟਰੰਪ ਨੇ ਇਸ ਤਰ੍ਹਾਂ ਦਾ ਸੱਦਾ ਦਿੱਤਾ ਹੈ। ਆਪਣੇ ਪਹਿਲੇ ਕਾਰਜਕਾਲ ਵਿੱਚ ਵੀ ਉਨ੍ਹਾਂ ਨੇ ਗ੍ਰੀਨਲੈਂਡ ਖਰੀਦਣ ਦੀ ਪੇਸ਼ਕਸ਼ ਕੀਤੀ ਸੀ, ਪਰ ਉਸ ਸਮੇਂ ਇਹ ਸੱਦਾ ਫਲਦਾਇਕ ਨਹੀਂ ਹੋ ਸਕਿਆ ਸੀ। ਹੁਣ ਇਕ ਵਾਰ ਫਿਰ ਟਰੰਪ ਨੇ ਡੈਨਮਾਰਕ ਨੂੰ ਅਮਰੀਕਾ ਨਾਲ ਇਸ ਢੰਗ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਹੈ।

ਟਰੰਪ ਨੇ ਡੈਨਮਾਰਕ ਵਿੱਚ ਅਮਰੀਕੀ ਰਾਜਦੂਤ ਦੀ ਘੋਸ਼ਣਾ ਕਰਦੇ ਹੋਏ ਲਿਖਿਆ, "ਪੂਰੀ ਦੁਨੀਆ ਵਿੱਚ ਰਾਸ਼ਟਰੀ ਸੁਰੱਖਿਆ ਅਤੇ ਆਜ਼ਾਦੀ ਦੇ ਉਦੇਸ਼ਾਂ ਲਈ, ਅਮਰੀਕਾ ਨੂੰ ਲੱਗਦਾ ਹੈ ਕਿ ਗ੍ਰੀਨਲੈਂਡ ਦੀ ਮਾਲਕੀ ਅਤੇ ਨਿਯੰਤਰਣ ਇੱਕ ਪੂਰਨ ਲੋੜ ਹੈ।" ਟਰੰਪ ਦਾ ਇਹ ਸੱਦਾ ਇਕ ਹੋਰ ਵਾਰ ਰਾਸ਼ਟਰਪਤੀ ਦੀਆਂ ਪਲਾਨਾਂ ਨੂੰ ਲੈ ਕੇ ਖ਼ਬਰਾਂ ਦਾ ਕੇਂਦਰ ਬਣ ਗਿਆ ਹੈ, ਜਿਸ ਨਾਲ ਡੈਨਮਾਰਕ ਦੇ ਨਾਲ ਉਨ੍ਹਾਂ ਦੇ ਰੁਖ ਵਿਚ ਟਕਰਾਅ ਦਾ ਮਾਹੌਲ ਬਣ ਗਿਆ ਹੈ।

ਗ੍ਰੀਨਲੈਂਡ ਦੁਨੀਆਂ ਦਾ ਸਭ ਤੋਂ ਵੱਡਾ ਟਾਪੂ ਹੈ ਜੋ ਅਟਲਾਂਟਿਕ ਅਤੇ ਆਰਕਟਿਕ ਮਹਾਸਾਗਰਾਂ ਦੇ ਵਿਚਕਾਰ ਸਥਿਤ ਹੈ। ਇਹ ਟਾਪੂ ਲਗਭਗ 80 ਫੀਸਦੀ ਬਰਫ਼ ਨਾਲ ਢੱਕਿਆ ਹੋਇਆ ਹੈ ਅਤੇ ਇੱਥੇ ਅਮਰੀਕੀ ਫੌਜੀ ਅੱਡਾ ਵੀ ਮੌਜੂਦ ਹੈ। ਇਸਦੀ ਭੂਗੋਲਿਕ ਮਹੱਤਤਾ ਕਾਫ਼ੀ ਜਿਆਦਾ ਹੈ, ਖ਼ਾਸ ਕਰਕੇ ਅਮਰੀਕਾ ਲਈ। ਅਮਰੀਕਾ ਨੇ ਇਸ ਟਾਪੂ ਨੂੰ ਆਪਣੀ ਰਾਸ਼ਟਰੀ ਸੁਰੱਖਿਆ ਅਤੇ ਰਣਨੀਤਿਕ ਮੰਤਰਾਂ ਵਿੱਚ ਮਹੱਤਵਪੂਰਨ ਕਦਰ ਦਿੱਤੀ ਹੈ, ਜਿਸ ਕਾਰਨ ਟਰੰਪ ਨੇ ਇਸ ਟਾਪੂ ਨੂੰ ਖਰੀਦਣ ਦੀ ਪੇਸ਼ਕਸ਼ ਕੀਤੀ।

ਅਮਰੀਕੀ ਰਾਸ਼ਟਰਪਤੀ ਦੀ ਗ੍ਰੀਨਲੈਂਡ ਖਰੀਦਣ ਦੀ ਪੇਸ਼ਕਸ਼ ਨੇ ਡੈਨਮਾਰਕ ਵਿੱਚ ਕਾਫ਼ੀ ਹੰਗਾਮਾ ਖੜਾ ਕਰ ਦਿੱਤਾ ਹੈ। ਡੈਨਮਾਰਕ ਦੇ ਰਾਸ਼ਟਰਪਤੀ ਮਿਉਟੇ ਬੋਰੁਪ ਐਗੇਡੇ ਨੇ ਟਰੰਪ ਦੇ ਇਸ ਸੱਦੇ ਨੂੰ ਬਿਲਕੁਲ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਕਿਹਾ, "ਗ੍ਰੀਨਲੈਂਡ ਸਾਡਾ ਹੈ। ਅਸੀਂ ਵਿਕਰੀ ਲਈ ਤਿਆਰ ਨਹੀਂ ਹਾਂ ਅਤੇ ਕਦੇ ਵੀ ਵਿਕਰੀ ਨਹੀਂ ਕਰਾਂਗੇ। ਸਾਨੂੰ ਆਜ਼ਾਦੀ ਲਈ ਆਪਣੀ ਸਦੀਆਂ ਪੁਰਾਣੀ ਲੜਾਈ ਨਹੀਂ ਹਾਰਨੀ ਚਾਹੀਦੀ।" ਇਹ ਟਰੰਪ ਦੇ ਇੰਤਜ਼ਾਮੀ ਰੁਖ ਦੀ ਸਿੱਧੀ ਵਿਰੋਧਤਾ ਹੈ ਅਤੇ ਇਸ ਨਾਲ ਇੱਕ ਵਾਰ ਫਿਰ ਗ੍ਰੀਨਲੈਂਡ ਦੇ ਵਿਸ਼ੇ 'ਤੇ ਡੈਨਮਾਰਕ ਅਤੇ ਅਮਰੀਕਾ ਵਿਚਕਾਰ ਟਕਰਾਅ ਹੋਇਆ ਹੈ।

ਇਸ ਤੋਂ ਇਲਾਵਾ, ਟਰੰਪ ਨੇ ਆਪਣੇ ਹਫਤੇ ਦੇ ਅੰਤ ਦੇ ਵਿਚਾਰਾਂ ਵਿੱਚ ਕੁਝ ਹੋਰ ਪ੍ਰਸਤਾਵਾਂ ਵੀ ਦਿੱਤੇ ਹਨ। ਉਨ੍ਹਾਂ ਨੇ ਸੁਝਾਅ ਦਿੱਤਾ ਸੀ ਕਿ ਜੇਕਰ ਅਟਲਾਂਟਿਕ ਅਤੇ ਪ੍ਰਸ਼ਾਂਤ ਮਹਾਸਾਗਰਾਂ ਨੂੰ ਜੋੜਨ ਵਾਲੇ ਪਨਾਮਾ ਦੇ ਜਲ ਮਾਰਗ ਦੀ ਵਰਤੋਂ ਕਰਨ ਲਈ ਸ਼ਿਪਿੰਗ ਖਰਚਿਆਂ ਨੂੰ ਘਟਾਉਣ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ, ਤਾਂ ਅਮਰੀਕਾ ਪਨਾਮਾ ਨਹਿਰ 'ਤੇ ਦੁਬਾਰਾ ਕੰਟਰੋਲ ਕਰ ਸਕਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀ ਵੀ ਪੇਸ਼ਕਸ਼ ਕੀਤੀ, ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ "ਗ੍ਰੇਟ ਸਟੇਟ ਆਫ ਕੈਨੇਡਾ" ਦਾ "ਗਵਰਨਰ" ਬਣਾਉਣ ਦਾ ਸੁਝਾਅ ਦਿੱਤਾ।

ਜਦੋਂ ਕਿ ਟਰੰਪ ਨੇ ਡੈਨਮਾਰਕ ਨਾਲ ਰਿਸ਼ਤਿਆਂ ਵਿੱਚ ਗ੍ਰੀਨਲੈਂਡ ਦੀ ਮਾਲਕੀ ਤੇ ਨਵੇਂ ਵਿਚਾਰ ਦਿੱਤੇ, ਇਸ ਨਾਲ ਸੰਭਾਵਨਾ ਹੈ ਕਿ ਦੋਹਾਂ ਦੇਸ਼ਾਂ ਵਿੱਚ ਰੁਕਾਵਟਾਂ ਅਤੇ ਵਿਵਾਦਾਂ ਦਾ ਮੌਸਮ ਜਾਰੀ ਰਹੇਗਾ। ਡੈਨਮਾਰਕ ਦੇ ਨੇਤਾ ਹਮੇਸ਼ਾ ਇਸ ਬਾਰੇ ਕਹਿੰਦੇ ਆਏ ਹਨ ਕਿ ਗ੍ਰੀਨਲੈਂਡ ਉਨ੍ਹਾਂ ਦਾ ਹੈ ਅਤੇ ਉਹ ਇਸ ਨੂੰ ਕਿਸੇ ਹੋਰ ਦੇਸ਼ ਨੂੰ ਨਹੀਂ ਵੇਚਣਗੇ। ਇਸਦੇ ਬਾਵਜੂਦ, ਟਰੰਪ ਦੇ ਪੇਸ਼ਕਸ਼ਾਂ ਅਤੇ ਉਹਨਾਂ ਦੇ ਰਾਸ਼ਟਰੀ ਅਤੇ ਆਰਥਿਕ ਲਾਭਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਅਮਰੀਕਾ ਗ੍ਰੀਨਲੈਂਡ ਨੂੰ ਆਪਣੇ ਨੈਤਿਕ ਅਤੇ ਰਣਨੀਤਿਕ ਮੰਤਵਾਂ ਲਈ ਮੰਗ ਰਿਹਾ ਹੈ।

# ਸਿਡਨੀ ਵਿਚ ਨਵੇਂ ਸਾਲ ਦਾ ਦੇ ਸਵਾਗਤ ਲਈ ਖਰਚੇ ਜਾਣਗੇ 70 ਲੱਖ ਡਾਲਰ

ਸਿਡਨੀ : ਨਵੇਂ ਸਾਲ 2025 ਦੇ ਸਵਾਗਤ ਲਈ ਸਿਡਨੀ ਸ਼ਹਿਰ ਦੀਆਂ ਤਿਆਰੀਆਂ ਆਖਰੀ ਪੜਾਅ ’ਤੇ ਹਨ। ਇਹ ਪ੍ਰੋਗਰਾਮ ਦੁਨੀਆ ਭਰ ਵਿੱਚ ਆਪਣੀ ਵਿਸ਼ੇਸ਼ ਆਤਿਸ਼ਬਾਜ਼ੀ ਅਤੇ ਰੌਸ਼ਨੀਆਂ ਲਈ ਮਸ਼ਹੂਰ ਹੈ। ਸਿਡਨੀ ਹਰ ਸਾਲ ਲੱਖਾਂ ਲੋਕਾਂ ਨੂੰ ਇਸ ਪ੍ਰੋਗਰਾਮ ਰਾਹੀਂ ਆਪਣੀ ਰੰਗਤ ਅਤੇ ਮਹਿਮਾਨਵਾਜੀ ਲਈ ਖਿੱਚਦਾ ਹੈ।

ਇਸ ਵਾਰ ਦੇ ਜਸ਼ਨਾਂ ਲਈ ਕਰੀਬ 70 ਲੱਖ ਆਸਟਰੇਲੀਆਈ ਡਾਲਰ (7 ਮਿਲੀਅਨ) ਦਾ ਬਜਟ ਖਰਚ ਕੀਤਾ ਜਾ ਰਿਹਾ ਹੈ। ਇਸਦੇ ਮੁੱਖ ਸਥਾਨ ਸਿਡਨੀ ਹਾਰਬਰ ਬ੍ਰਿਜ ਅਤੇ ਓਪੇਰਾ ਹਾਊਸ ਹੋਣਗੇ, ਜਿੱਥੇ ਆਤਿਸ਼ਬਾਜ਼ੀ ਕੀਤੀ ਜਾਵੇਗੀ। ਜਸ਼ਨਾਂ ਦੀ ਸ਼ੁਰੂਆਤ ਆਸਟ੍ਰੇਲੀਆ ਦੇ ਆਦਿਵਾਸੀ ਭਾਈਚਾਰੇ ਦੀ ਪਰੰਪਰਾਵਾਂ ਨਾਲ ਹੋਵੇਗੀ। ਸੰਸਕ੍ਰਿਤਿਕ ਪ੍ਰਾਰਥਨਾ ਵਿੱਚ ਧਰਤੀ, ਸਮੁੰਦਰ ਅਤੇ ਸੱਤਵਾਂ ਆਕਾਸ਼ ਦੀ ਪਵਿੱਤਰਤਾ ਨੂੰ ਸਮਰਪਿਤ ਗੀਤ ਗਾਏ ਜਾਣਗੇ। ਇਹ ਸੰਦੇਸ਼ ਦੇਵੇਗਾ ਕਿ ਸਮੁੱਚੀ ਮਨੁੱਖਤਾ ਦੀ ਬੁਨਿਆਦ ਧਰਤੀ ਅਤੇ ਪ੍ਰਕਿਰਤੀ ਨਾਲ ਜੁੜੀ ਹੈ। ਇਸ ਜ਼ੋਸ਼ ਭਰੇ ਮਾਹੌਲ ਨੂੰ ਦੇਖਣ ਲਈ ਵਿਦੇਸ਼ੀ ਸੈਲਾਨੀਆਂ ਦੀ ਭਾਰੀ ਭੀੜ ਇਕੱਤਰ ਹੋਣ ਦੀ ਸੰਭਾਵਨਾ ਹੈ। ਅਨੁਮਾਨ ਹੈ ਕਿ ਕਰੀਬ 16 ਲੱਖ ਲੋਕ ਸਿਡਨੀ ਦੇ ਜਸ਼ਨ ਵਿੱਚ ਸ਼ਾਮਲ ਹੋਣਗੇ।



ਨਵੇਂ ਸਾਲ ਦੇ ਜਸ਼ਨਾਂ ਦੇ ਚਲਦੇ ਸਿਡਨੀ ਸ਼ਹਿਰ ਦੇ ਹਰ ਗਲੀਆਂ-ਮੋੜ ਇਸ ਸਮੇਂ ਚਮਕ ਰਹੇ ਹਨ। ਸ਼ਹਿਰ ਦੇ ਮੁੱਖ ਇਲਾਕਿਆਂ ਨੂੰ ਰੌਸ਼ਨੀ ਦੇ ਰੰਗ-ਬਿਰੰਗੇ ਫੋਹਾਰੇ ਅਤੇ ਪੌਦੇ ਸਜਾਏ ਗਏ ਹਨ।






# ਪੈਗਾਸਸ ਵਿਵਾਦ, ਨਿੱਜਤਾ ਦਾ ਸਵਾਲ ਅਤੇ ਭਾਰਤ

**ਲੇਖਕ : ਬੂਟਾ ਸਿੰਘ ਮਹਿਮੂਦਪੁਰ**

ਕੈਲੀਫੋਰਨੀਆ (ਅਮਰੀਕਾ) ਦੀ ਇਕ ਜ਼ਿਲ੍ਹਾ ਅਦਾਲਤ ਵੱਲੋਂ ਇਜ਼ਰਾਇਲ ਦੇ ਐੱਨ ਐੱਸ ਓ ਗਰੁੱਪ ਨੂੰ ਵੱਟਸਐਪ ਦੇ ਮੁਕੱਦਮੇ ਵਿਚ ਜਵਾਬਦੇਹ ਠਹਿਰਾਏ ਜਾਣ ਨਾਲ ਸਰਕਾਰਾਂ ਵੱਲੋਂ ਆਪਣੇ ਨਾਗਰਿਕਾਂ ਦੀ ਨਿੱਜਤਾ ਵਿਚ ਸੰਨ੍ਹ ਲਾਉਣ ਦਾ ਸਵਾਲ ਮੁੜ ਚਰਚਾ 'ਚ ਹੈ। ਐੱਨ ਐੱਸ ਓ ਗਰੁੱਪ ਇਜ਼ਰਾਇਲੀ ਕੰਪਨੀ ਹੈ ਜੋ ਬਹੁਤ ਹੀ ਬਦਨਾਮ ਜਾਸੂਸੀ ਸਾਫ਼ਟਵੇਅਰ ਪੈਗਾਸਸ ਦੀ ਨਿਰਮਾਤਾ ਹੈ। ਪੈਗਾਸਸ ਮਿਲਟਰੀ ਗਰੇਡ ਸਾਫ਼ਟਵੇਅਰ (ਭਾਵ ਯੁੱਧ 'ਚ ਹਥਿਆਰ ਵਾਂਗ ਵਰਤਿਆ ਜਾਣ ਵਾਲਾ) ਹੈ, ਜੋ ਮੁੱਖ ਤੌਰ 'ਤੇ ਸਰਕਾਰਾਂ ਨੂੰ ਵੇਚਿਆ ਜਾਂਦਾ ਹੈ। ਵੱਟਸਐਪ ਨੇ 2019 'ਚ ਇਸ ਵਿਰੁੱਧ ਮੁਕੱਦਮਾ ਦਾਇਰ ਕਰਕੇ ਦੋਸ਼ ਲਾਇਆ ਸੀ ਕਿ ਸਰਕਾਰਾਂ ਵੱਲੋਂ ਤਕਰੀਬਨ 1400 ਮੋਬਾਈਲ ਫ਼ੋਨਾਂ ਅਤੇ ਹੋਰ ਡਿਜੀਟਲ ਯੰਤਰਾਂ ਵਿਚ ਪੈਗਾਸਾਸ ਸਾਫ਼ਟਵੇਅਰ ਲਗਾ ਕੇ ਉਨ੍ਹਾਂ ਦੀ ਜਾਸੂਸੀ ਕੀਤੀ ਗਈ, ਜੋ ਫੈਡਰਲ ਕੰਪਿਊਟਰ ਫਰਾਡ ਐਂਡ ਐਬਿਊਜ਼ ਐਕਟ ਅਤੇ ਕੈਲੀਫੋਰਨੀਆ ਦੇ ਕੰਪਰੀਹੈਂਸਿਵ ਕੰਪਿਊਟਰ ਡੇਟਾ ਐਕਸੈੱਸ ਐਂਡ ਫਰਾਡ ਐਕਟ ਦੋਹਾਂ ਦੀ ਉਲੰਘਣਾ ਹੈ। ਐੱਨ ਐੱਸ ਓ ਗਰੁੱਪ ਦੀਆਂ ਆਪਣੇ ਜਾਸੂਸੀ ਸਾਫ਼ਟਵੇਅਰ ਨੂੰ ਵਾਜਬ ਠਹਿਰਾਉਣ ਲਈ ਪੇਸ਼ ਕੀਤੀਆਂ ਕੋਈ ਵੀ ਸ਼ਾਤਰ ਦਲੀਲਾਂ ਜੱਜ ਨੂੰ ਕਾਇਲ ਨਹੀਂ ਕਰ ਸਕੀਆਂ। ਮੁਕੱਦਮੇ ਦੌਰਾਨ ਐੱਨ ਐੱਸ ਓ ਗਰੁੱਪ ਨੇ ਕਿਹਾ ਕਿ ਖ਼ਰੀਦਣ ਵਾਲੀਆਂ ਸਰਕਾਰਾਂ ਹੀ ਪੈਗਾਸਸ ਦੀ ਵਰਤੋਂ ਨੂੰ ਕੰਟਰੋਲ ਕਰਦੀਆਂ ਹਨ ਅਤੇ ਉਹ ਹੀ ਇਸ ਜ਼ਰੀਏ ਹੈਕਿੰਗ ਲਈ ਜ਼ਿੰਮੇਵਾਰ ਹਨ। ਪਰ ਰਿਪੋਰਟਾਂ ਦੱਸਦੀਆਂ ਹਨ ਕਿ ਕੰਟਰੋਲ ਐੱਨ ਐੱਸ ਓ ਕੋਲ ਹੀ ਰਹਿੰਦਾ ਹੈ। ਐੱਨ ਐੱਸ ਓ ਨੇ ਇਹ ਵੀ ਕਿਹਾ ਕਿ ਇਹ ਆਪਣੇ ਸੋਰਸ ਕੋਡ ਸਿਰਫ਼ ਕਿਸੇ ਇਜ਼ਰਾਇਲੀ ਨਾਗਰਿਕ ਨੂੰ ਹੀ ਦਿਖਾ ਸਕਦਾ ਹੈ, ਜਿਸ ਨੂੰ ਜੱਜ ਨੇ ਗ਼ੈਰਵਿਹਾਰਕ ਕਹਿ ਕੇ ਰੱਦ ਕਰ ਦਿੱਤਾ। ਜੱਜ ਨੇ ਆਪਣੇ ਆਦੇਸ਼ 'ਚ ਕਿਹਾ ਕਿ ਪੈਗਾਸਸ ਸਾਫ਼ਟਵੇਅਰ ਆਪਣੇ ਗਾਹਕਾਂ ਨੂੰ ਵੱਟਸਐਪ ਦਾ ਸੋਧਿਆ ਹੋਇਆ ਰੂਪ ਵਰਤਣ ਦੀ ਇਜਾਜ਼ਤ ਦਿੰਦਾ ਹੈ ਅਤੇ ਪੈਗਾਸਸ ਖ਼ਰੀਦਣ ਵਾਲੇ ਇਸ ਜ਼ਰੀਏ ਫ਼ੋਨਾਂ ਤੇ ਹੋਰ ਡਿਜੀਟਲ ਯੰਤਰ ਵਰਤਣ ਵਾਲਿਆਂ ਨੂੰ 'ਇੰਸਟਾਲੇਸ਼ਨ ਵੈਕਟਰਾਂ' ਦੇ ਨਾਲ-ਨਾਲ 'ਸਿਫ਼ਰ' ਫ਼ਾਈਲਾਂ ਭੇਜ ਕੇ ਉਨ੍ਹਾਂ ਦੀ ਜਾਸੂਸੀ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ, ਐੱਨ ਐੱਸ ਓ ਗਰੁੱਪ ਨੇ ਯੂ.ਐੱਸ. ਦੇ ਕੰਪਿਊਟਰ ਫਰਾਡ ਐਂਡ ਐਬਿਊਜ਼ ਐਕਟ ਅਤੇ ਵੱਟਸ ਦੀਆਂ ਆਪਣੀਆਂ ਸੇਵਾਵਾਂ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ। ਜੱਜ ਨੇ ਇਹ ਵੀ ਨੋਟ ਕੀਤਾ ਕਿ ਗਰੁੱਪ 'ਪ੍ਰਸੰਗਿਕ ਖੋਜ' ਪੇਸ਼ ਕਰਨ 'ਚ ਲਗਾਤਾਰ ਅਸਫ਼ਲ ਰਿਹਾ ਅਤੇ 'ਅਜਿਹੀ ਖੋਜ ਸੰਬੰਧੀ ਅਦਾਲਤੀ ਹੁਕਮਾਂ ਦੀ ਪਾਲਣਾ ਕਰਨ 'ਚ ਅਸਫ਼ਲ ਰਿਹਾ।' ਵੱਟਸਐਪ ਦੇ ਅਧਿਕਾਰੀਆਂ ਨੇ ਇਸ ਅਦਾਲਤੀ ਆਦੇਸ਼ ਨੂੰ 'ਨਿੱਜਤਾ ਦੀ ਵੱਡੀ ਜਿੱਤ' ਕਿਹਾ ਹੈ। ਇਹ ਵੀ ਰਿਪੋਰਟ ਹੈ ਕਿ ਮਾਰਚ 2025 'ਚ ਐੱਨ ਐੱਸ ਓ ਨੂੰ ਵੱਟਸਐਪ ਨੂੰ ਹੋਏ ਨੁਕਸਾਨ ਦੇ ਇਕ ਵੱਖਰੇ ਮੁਕੱਦਮੇ ਦਾ ਸਾਹਮਣਾ ਵੀ ਕਰਨਾ ਪਵੇਗਾ। ਪਿਛਲੇ ਸਾਲਾਂ 'ਚ ਇਹ ਭੇਤ ਖੁੱਲ੍ਹਿਆ ਸੀ ਕਿ 'ਪੈਗਾਸਸ' ਜ਼ਰੀਏ ਸਟੇਟ ਅਤੇ ਹੋਰ ਏਜੰਸੀਆਂ ਨਾਪਸੰਦ ਵਿਅਕਤੀ ਦੀ ਨਿੱਜਤਾ ਨੂੰ ਜਦੋਂ ਚਾਹੁਣ ਨਿਸ਼ਾਨਾ ਬਣਾ ਸਕਦੀਆਂ ਹਨ। ਜਿਸ ਫ਼ੋਨ ਜਾਂ ਕੰਪਿਊਟਰ ਨੂੰ ਨਿਸ਼ਾਨਾ ਬਣਾਉਣਾ ਹੋਵੇ, ਉਸ ਵਿਚ ਚੋਰੀ-ਚੋਰੀ ਸਾਫ਼ਟਵੇਅਰ ਭੇਜ ਦਿੱਤਾ ਜਾਂਦਾ ਹੈ। ਫ਼ੋਨ ਵਰਤੋਂਕਾਰ ਵੱਲੋਂ ਬਿਨਾਂ ਕਲਿੱਕ ਕੀਤੇ ਹੀ ਸਾਫ਼ਟਵੇਅਰ ਆਪਣੇ ਆਪ ਚੱਲ ਪੈਂਦਾ ਹੈ ਅਤੇ ਡਿਜੀਟਲ ਯੰਤਰ ਪੂਰੀ ਤਰ੍ਹਾਂ ਜਾਸੂਸੀ ਕਰਨ ਵਾਲਿਆਂ ਦੇ ਕੰਟਰੋਲ 'ਚ ਆ ਜਾਂਦਾ ਹੈ। ਇਹ ਫ਼ੋਨ ਦਾ ਸਮੁੱਚਾ ਡੇਟਾ ਚੁਰਾਉਣ ਦੇ ਨਾਲ-ਨਾਲ ਫ਼ੋਨ ਦੇ ਕੈਮਰੇ ਅਤੇ ਮਾਈਕ ਨੂੰ ਆਪਣੇ ਆਪ ਚਲਾ ਕੇ ਵਾਇਸ ਅਤੇ ਵੀਡੀਓ ਕਾਲ ਦੀ ਲਾਈਵ ਰਿਕਾਰਡਿੰਗ ਕਰਨ ਦੇ ਸਮਰੱਥ ਹੈ। ਇੰਞ, ਨਾਗਰਿਕਾਂ ਦੀ ਨਿੱਜਤਾ ਪੂਰੀ ਤਰ੍ਹਾਂ ਸਾਫ਼ਟਵੇਅਰ ਖ਼ਰੀਦਦਾਰ ਦੇ ਕੰਟਰੋਲ 'ਚ ਹੈ, ਖ਼ਰੀਦਦਾਰ ਚਾਹੇ ਸਟੇਟ ਹੋਵੇ ਜਾਂ ਕੋਈ ਹੋਰ ਤਾਕਤਵਰ ਏਜੰਸੀ। ਇਹ ਸਾਫ਼ਟਵੇਅਰ ਐਨਾ ਜ਼ਿਆਦਾ ਮਹਿੰਗਾ ਹੈ ਕਿ ਇਸ ਨੂੰ ਸਰਕਾਰ ਅਤੇ ਵੱਡੇ ਕਾਰੋਬਾਰੀ ਹੀ ਖ਼ਰੀਦ ਸਕਦੇ ਹਨ। ਇਹ ਸਾਫ਼ਟਵੇਅਰ ਲਗਾਉਣ ਦੀ ਮੁੱਢਲੀ ਫ਼ੀਸ ਹੀ ਸਾਢੇ ਤਿੰਨ ਕਰੋੜ ਰੁਪਏ ਹੈ। 10 ਐਂਡਰੌਇਡ ਜਾਂ ਆਈਫ਼ੋਨਾਂ ਦੀ ਜਾਸੂਸੀ ਕਰਨ ਦਾ ਖ਼ਰਚਾ ਪੰਜ ਕਰੋੜ ਇਸ ਤੋਂ ਵੱਖਰਾ ਹੈ। ਨਿਰਸੰਦੇਹ, ਸਰਕਾਰਾਂ ਜਾਂ ਖ਼ੁਫ਼ੀਆ ਏਜੰਸੀਆਂ ਹੀ ਇਸ ਦੀ ਵਰਤੋਂ ਕਰ ਸਕਦੀਆਂ ਹਨ। ਭਾਰਤ ਦੀ ਮੌਜੂਦਾ ਹਕੂਮਤ ਆਪਣੇ ਸੌੜੇ ਸਵਾਰਥਾਂ ਲਈ ਇਸ ਸਾਫ਼ਟਵੇਅਰ ਦੀ ਵਿਆਪਕ ਪੈਮਾਨੇ 'ਤੇ ਦੁਰਵਰਤੋਂ ਕਰਨ ਦੀ ਸਿਰਫ਼ ਤਾਕਤ ਹੀ ਨਹੀਂ ਰੱਖਦੀ, ਸਗੋਂ ਆਪਣੇ ਹਿੰਦੂਤਵ ਪ੍ਰੋਜੈਕਟ ਅਨੁਸਾਰ ਸਮਾਜ ਦੀ ਭੰਨਘੜ ਕਰਨ ਲਈ ਨਾਪਸੰਦ ਖ਼ਿਆਲਾਂ ਨੂੰ ਨਿਸ਼ਾਨਾ ਬਣਾਉਣਾ ਇਸ ਦਾ ਬਕਾਇਦਾ ਏਜੰਡਾ ਹੈ। ਜੁਡੀਸ਼ਰੀ, ਚੋਣ ਕਮਿਸ਼ਨ, ਵਿਰੋਧੀ-ਧਿਰ, ਕੈਬਨਿਟ ਮੰਤਰੀ ਅਤੇ ਮੀਡੀਆ ਸਭ ਦੀ ਜਾਸੂਸੀ ਹੋ ਰਹੀ ਹੈ। ਉੱਘੇ ਪੱਤਰਕਾਰਾਂ ਤੋਂ ਲੈ ਕੇ ਸਰਕਾਰ ਦੇ ਚਹੇਤੇ ਕਾਰਪੋਰੇਟਾਂ, ਮੋਦੀ ਦੇ ਚਹੇਤੇ ਸੀਨੀਅਰ ਸੀ.ਬੀ.ਆਈ. ਅਫ਼ਸਰਾਂ ਅਤੇ ਹਿੰਦੂਤਵ ਆਗੂ ਪ੍ਰਵੀਨ ਤੋਗੜੀਆ ਤੱਕ ਦੀ ਜਾਸੂਸੀ ਤੋਂ ਸਪਸ਼ਟ ਹੈ ਕਿ ਜਿਸ ਦਾ ਵਤੀਰਾ ਸਰਕਾਰ ਵਿਰੋਧੀ ਹੈ ਜਾਂ ਜਿਸ ਦੀ ਸੱਤਾ ਪ੍ਰਤੀ ਵਫ਼ਾਦਾਰੀ ਉੱਪਰ ਸ਼ੱਕ ਹੈ ਜਾਂ ਜਿਸ ਕੋਲ ਸਰਕਾਰ ਬਣਾਉਣ ਉੱਪਰ ਅਸਰਅੰਦਾਜ਼ ਹੋਣ ਦੀ ਤਾਕਤ ਹੈ ਉਹ ਸਾਰੇ ਪੈਗਾਸਸ ਦੇ ਨਿਸ਼ਾਨੇ 'ਤੇ ਹਨ। 2019 'ਚ ਯੂਨੀਵਰਸਿਟੀ ਆਫ ਟੋਰਾਂਟੋ ਦੀ ਸਿਟੀਜ਼ਨ ਲੈਬ ਦੇ ਖ਼ੁਲਾਸੇ ਨੇ ਦੁਨੀਆ ਨੂੰ ਚੌਕਸ ਕੀਤਾ ਸੀ ਕਿ 2016-2018 ਦੇ ਦੋ ਸਾਲ ਦੇ ਅਰਸੇ ਵਿਚ ਕੈਨੇਡਾ, ਬਰਾਜ਼ੀਲ ਅਤੇ ਭਾਰਤ ਸਮੇਤ 45 ਮੁਲਕਾਂ ਵਿਚ ਪੈਗਾਸਸ ਰਾਹੀਂ ਨਾਗਰਿਕਾਂ ਦੀ ਨਿੱਜਤਾ ਨੂੰ ਨਿਸ਼ਾਨਾ ਬਣਾਇਆ ਗਿਆ। ਵੱਟਸਐਪ ਰਾਹੀਂ ਸੰਨ੍ਹ ਲਗਾ ਕੇ ਦੁਨੀਆ ਭਰ ਦੇ 1400 ਵਰਤੋਂਕਾਰਾਂ ਦੀ ਡਿਜੀਟਲ ਜਾਸੂਸੀ ਕੀਤੀ ਗਈ ਸੀ। ਭਾਰਤ ਦੇ ਅੱਠ ਮੋਬਾਈਲ ਨੈੱਟਵਰਕਾਂ ਨੂੰ ਇਸਤੇਮਾਲ ਕਰਕੇ 121 ਵਿਅਕਤੀਆਂ ਦੇ ਫ਼ੋਨਾਂ ਵਿਚ ਘੁਸਪੈਠ ਕੀਤੀ ਗਈ। ਇਨ੍ਹਾਂ ਵਿੱਚੋਂ 20 ਦੇ ਕਰੀਬ ਸ਼ਖਸੀਅਤਾਂ ਨੂੰ ਵੱਟਸਐਪ ਅਤੇ ਸਿਟੀਜ਼ਨ ਲੈਬ ਦੋਨਾਂ ਵੱਲੋਂ ਸੰਪਰਕ ਕਰਕੇ ਇਸ ਬਾਰੇ ਚੁਕੰਨੇ ਕੀਤਾ ਗਿਆ। ਫਿਰ 2021 'ਚ 'ਪੈਗਾਸਸ ਪ੍ਰੋਜੈਕਟ' ਤਹਿਤ 10 ਮੁਲਕਾਂ ਦੀਆਂ 17 ਮੀਡੀਆ ਸੰਸਥਾਵਾਂ, ਜਿਨ੍ਹਾਂ ਵਿਚ ਭਾਰਤ ਦਾ ਸੁਤੰਤਰ ਨਿਊਜ਼ ਪੋਰਟਲ ਦੀ ਵਾਇਰ ਵੀ ਸ਼ਾਮਿਲ ਸੀ, ਦੇ 80 ਪੱਤਰਕਾਰਾਂ ਵੱਲੋਂ ਐਮਨੈਸਟੀ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਜੋ ਛਾਣਬੀਣ ਕੀਤੀ ਗਈ, ਉਸ ਨੇ ਡਿਜੀਟਲ ਜਾਸੂਸੀ ਦੀਆਂ ਹੋਰ ਬਹੁਤ ਸਾਰੀਆਂ ਪਰਤਾਂ ਸਾਹਮਣੇ ਲਿਆਂਦੀਆਂ। ਇਸ ਪ੍ਰੋਜੈਕਟ ਦੀ ਤਾਲਮੇਲ ਕਰਤਾ ਫਰਾਂਸ ਦੀ ਸੁਤੰਤਰ ਮੀਡੀਆ ਸੰਸਥਾ ਫਾਰਬਿਡਨ ਸਟੋਰੀਜ਼ ਸੀ ਜੋ ਸੈਂਸਰਸ਼ਿਪ ਤੋਂ ਬੇਪ੍ਰਵਾਹ ਹੋ ਕੇ ਸੰਵੇਦਨਸ਼ੀਲ ਮੁੱਦਿਆਂ ਉੱਪਰ ਖੋਜੀ ਪੱਤਰਕਾਰਾਂ ਦੀਆਂ ਰਿਪੋਰਟਾਂ ਛਾਪਦੀ ਹੈ। ਇਸ ਪ੍ਰੋਜੈਕਟ ਨੇ 50 ਹਜ਼ਾਰ ਫ਼ੋਨ ਨੰਬਰਾਂ ਦੇ ਲੀਕ ਹੋਏ ਡੇਟਾਬੇਸ ਦੀ ਛਾਣਬੀਣ ਕੀਤੀ ਜਿਨ੍ਹਾਂ ਨੂੰ ਇਸ ਸਪਾਈਵੇਅਰ ਰਾਹੀਂ ਜਾਸੂਸੀ ਦਾ ਨਿਸ਼ਾਨਾ ਬਣਾਏ ਜਾਣ ਦਾ ਸ਼ੱਕ ਸੀ। ਇਨ੍ਹਾਂ ਵਿੱਚੋਂ 10 ਮੁਲਕਾਂ ਦੇ 1571 ਤੋਂ ਵੱਧ ਨੰਬਰਾਂ ਦੇ ਮਾਲਕਾਂ ਦੀ ਸ਼ਨਾਖ਼ਤ ਵੀ ਹੋ ਗਈ। ਫਾਰੈਂਸਿਕ ਜਾਂਚ ਕਰਨ 'ਤੇ ਪਤਾ ਲੱਗਿਆ ਕਿ ਡੇਟਾਬੇਸ ਵਿਚ ਸ਼ਾਮਿਲ ਕਿਹੜੇ ਨੰਬਰ ਨੂੰ ਹੈਕ ਕਰਨ ਦੀ ਕੋਸ਼ਿਸ਼ ਕੀਤੀ ਗਈ ਜਾਂ ਇਹ ਕੋਸ਼ਿਸ਼ ਕਾਮਯਾਬ ਰਹੀ। ਜੋ ਨੰਬਰ ਡੇਟਾਬੇਸ ਸੂਚੀ ਵਿਚ ਹੈ ਪਰ ਜਿਸ ਦੇ ਫ਼ੋਨ ਦੀ ਫਾਰੈਂਸਿਕ ਜਾਂਚ ਨਹੀਂ ਕੀਤੀ ਗਈ, ਉਹ ਸੰਭਾਵੀ ਨਿਸ਼ਾਨਾ ਵੀ ਹੋ ਸਕਦਾ ਹੈ। ਇਸ ਜਾਂਚ ਦੌਰਾਨ ਐੱਨ ਐੱਸ ਓ ਨੇ ਆਪਣੇ ਗਾਹਕਾਂ ਦੀ ਸੂਚੀ ਜਨਤਕ ਕਰਨ ਤੋਂ ਨਾਂਹ ਕਰ ਦਿੱਤੀ ਜਿਨ੍ਹਾਂ ਨੂੰ ਇਹ ਸਾਫ਼ਟਵੇਅਰ ਵੇਚਿਆ ਗਿਆ ਸੀ। ਪਰ ਭਾਰਤ ਵਿਚ ਪੈਗਾਸਸ ਵਰਤੇ ਜਾਣ ਦੇ ਸੁਰਾਗ ਅਤੇ ਜਿਨ੍ਹਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਚੁਣਿਆ ਗਿਆ, ਉਸ ਤੋਂ ਮਜ਼ਬੂਤ ਸੰਕੇਤ ਮਿਲ ਗਏ ਕਿ ਇੱਥੇ ਇਹ ਸਾਫ਼ਟਵੇਅਰ ਵਰਤਣ ਵਾਲੀ ਕੋਈ ਸਰਕਾਰੀ ਏਜੰਸੀ ਹੀ ਹੈ। ਦੀ ਵਾਇਰ ਅਤੇ ਐਮਨੈਸਟੀ ਇੰਟਰਨੈਸ਼ਨਲ ਨੇ ਮੁੱਢਲੇ ਤੌਰ 'ਤੇ 136 ਵਿਅਕਤੀਆਂ ਦੀ ਸੂਚੀ ਨਸ਼ਰ ਕੀਤੀ ਜੋ ਨਿਸ਼ਾਨਾ ਬਣੇ ਜਾਂ ਨਿਸ਼ਾਨਾ ਬਣੇ ਹੋ ਸਕਦੇ ਹਨ। ਇਨ੍ਹਾਂ ਵਿਚ ਘੱਟੋ-ਘੱਟ 40 ਭਾਰਤੀ ਪੱਤਰਕਾਰ ਸ਼ਾਮਿਲ ਸਨ ਜਿਨ੍ਹਾਂ ਵਿੱਚੋਂ ਕਈਆਂ ਦੇ ਫ਼ੋਨਾਂ ਉੱਪਰ ਪੈਗਾਸਸ ਦੀ ਮੌਜੂਦਗੀ ਸਾਬਤ ਹੋ ਗਈ। ਸੀਨੀਅਰ ਪੱਤਰਕਾਰਾਂ ਐੱਮ.ਕੇ.ਵੇਨੂ, ਸਿਧਾਰਥ ਵਰਧਰਾਜਨ, ਸੁਸ਼ਾਂਤ ਸਿੰਘ, ਪਰੰਜੇ ਗੁਹਾ ਠਾਕੁਰਤਾ, ਐੱਸ.ਐੱਨ.ਐੱਮ.ਅਬਦੀ, ਵਿਜੇਤਾ ਸਿੰਘ, ਸਮਿਤਾ ਸ਼ਰਮਾ ਦੇ ਫ਼ੋਨਾਂ ਉੱਪਰ ਸਪਾਈਵੇਅਰ ਦੀ ਪੁਸ਼ਟੀ ਹੋਈ। ਸੂਚੀ ਵਿਚ ਜੋ ਹੋਰ ਸੀਨੀਅਰ ਪੱਤਰਕਾਰਾਂ ਦੇ ਨਾਂ ਸ਼ਾਮਿਲ ਸਨ ਜਿਵੇਂ ਰੋਹਿਨੀ ਸਿੰਘ, ਪ੍ਰਸ਼ਾਂਤ ਝਾਅ, ਪ੍ਰੇਮ ਸ਼ੰਕਰ ਝਾਅ, ਮੁਜ਼ਾਮਿਲ ਜਲੀਲ, ਜੇ.ਗੋਪੀਕ੍ਰਿਸ਼ਨ, ਸੈਕਤ ਦੱਤਾ, ਇਫ਼ਤਿਖ਼ਾਰ ਗਿਲਾਨੀ, ਜਸਪਾਲ ਸਿੰਘ ਹੇਰਾਂ (ਮੁੱਖ ਸੰਪਾਦਕ ਰੋਜ਼ਾਨਾ ਪਹਿਰੇਦਾਰ), ਰੂਪੇਸ਼ ਕੁਮਾਰ ਸਿੰਘ ਆਦਿ, ਉਹ ਵੀ ਨਿਸ਼ਾਨੇ 'ਤੇ ਸਨ। ਪੱਤਰਕਾਰਾਂ ਤੋਂ ਇਲਾਵਾ, ਉੱਘੇ ਮੁੱਖਧਾਰਾ ਸਿਆਸਤਦਾਨਾਂ ਅਤੇ ਸੀਬੀਆਈ ਦੇ ਸੀਨੀਅਰ ਅਧਿਕਾਰੀਆਂ, ਵਿਗਿਆਨੀਆਂ, ਨਾਗਾ ਤੇ ਕਸ਼ਮੀਰੀ ਆਗੂਆਂ ਅਤੇ ਉੱਤਰ-ਪੂਰਬ ਦੀਆਂ ਹੋਰ ਸ਼ਖਸੀਅਤਾਂ ਦੇ ਨਾਂ ਵੀ ਸੂਚੀ ਵਿਚ ਸਨ। ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ 'ਚ ਫਸਾਏ ਬੁੱਧੀਜੀਵੀਆਂ ਵਿੱਚੋਂ ਨੌਂ ਸ਼ਖਸੀਅਤਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਉਨ੍ਹਾਂ ਦੇ ਵਕੀਲਾਂ, ਹੋਰ ਉੱਘੇ ਕਾਰਕੁੰਨਾਂ ਅਤੇ ਜੇ.ਐੱਨ.ਯੂ. ਦੇ ਤਿੰਨ ਸਾਬਕਾ ਵਿਦਿਆਰਥੀ ਆਗੂਆਂ ਦੇ ਨਾਂ ਵੀ ਸ਼ਾਮਿਲ ਸਨ। ਇਨ੍ਹਾਂ ਸਾਰਿਆਂ ਉੱਪਰ ਸਰਕਾਰ ਦੇ ਆਲੋਚਕ ਹੋਣ ਕਾਰਨ ਨਜ਼ਰ ਰੱਖੀ ਜਾ ਰਹੀ ਸੀ। ਰੱਖਿਆ ਮਾਮਲਿਆਂ ਦੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਦੀ ਜਾਸੂਸੀ ਤੋਂ ਜ਼ਾਹਿਰ ਸੀ ਕਿ ਰਾਫ਼ੇਲ ਘੋਟਾਲੇ ਨਾਲ ਜੁੜੀਆਂ ਖ਼ਬਰਾਂ ਉੱਪਰ ਨਜ਼ਰ ਰੱਖੀ ਜਾ ਰਹੀ ਸੀ। ਮੋਦੀ ਦੇ ਚਹੇਤੇ ਸੀ ਬੀ ਆਈ ਦੇ ਸੀਨੀਅਰ ਅਫ਼ਸਰਾਂ ਦੀ ਜਾਸੂਸੀ ਤੋਂ ਸਪਸ਼ਟ ਸੀ ਕਿ ਉਨ੍ਹਾਂ ਦੀ ਵਫ਼ਾਦਾਰੀ ਵੀ ਨਿਗਰਾਨੀ ਹੇਠ ਸੀ। ਸੀ ਬੀ ਆਈ ਦੇ ਤੱਤਕਾਲੀ ਨਿਰਦੇਸ਼ਕ ਆਲੋਕ ਵਰਮਾ ਅਤੇ ਉਸ ਦੇ ਪਰਿਵਾਰ ਦੇ ਅੱਠ ਜੀਆਂ ਦੀ ਜਾਸੂਸੀ ਦੀ ਕੋਈ ਖ਼ਾਸ ਵਜ੍ਹਾ ਹੋਵੇਗੀ। ਅਨਿਲ ਅੰਬਾਨੀ, ਰਾਫ਼ੇਲ ਜਹਾਜ਼ ਨਿਰਮਾਤਾ ਕੰਪਨੀ ਦੇ ਨੁਮਾਇੰਦੇ ਵੈਂਕਟ ਰਾਓ, ਸਾਬ ਇੰਡੀਆ ਦੇ ਮੁਖੀ ਇੰਦਰਜੀਤ ਸਿਆਲ ਅਤੇ ਬੋਇੰਗ ਇੰਡੀਆ ਦੇ ਮੁਖੀ ਪ੍ਰਤਿਊਸ਼ ਕੁਮਾਰ, ਫਰਾਂਸ ਦੀ ਕੰਪਨੀ ਐਨਰਜੀ ਈ ਡੀ ਐੱਫ ਦੇ ਮੁਖੀ ਹਰਮਨਜੀਤ ਨੇਗੀ ਆਦਿ ਵੱਡੇ ਕਾਰੋਬਾਰੀਆਂ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਦੇ ਫ਼ੋਨ ਨੰਬਰ ਵੀ ਲੀਕ ਹੋਏ ਡੇਟਾ ਵਿਚ ਮਿਲੇ। ਜ਼ਾਹਿਰ ਹੈ ਕਿ ਕਿਸੇ ਖ਼ਾਸ ਮਨੋਰਥ ਤਹਿਤ ਉਹ ਸਾਰੇ ਨਿਗਰਾਨੀ ਹੇਠ ਸਨ। ਅਨਿਲ ਅੰਬਾਨੀ ਅਤੇ ਉਸ ਦੇ ਅਧਿਕਾਰੀ ਇਸ ਲਈ ਨਿਗਰਾਨੀ ਹੇਠ ਸਨ ਕਿ ਉਹ ਰਾਫ਼ੇਲ ਘੁਟਾਲੇ ਵਿਚ ਕੋਈ ਬਿਆਨ ਦੇ ਕੇ ਮੋਦੀ ਵਜ਼ਾਰਤ ਲਈ ਕੋਈ ਮੁਸੀਬਤ ਖੜ੍ਹੀ ਨਾ ਕਰ ਦੇਣ। ਆਰ ਐੱਸ ਐੱਸ-ਬੀ ਜੇ ਪੀ ਸਰਕਾਰ ਨੇ ਇਹ ਝੂਠ ਪ੍ਰਚਾਰਨ ਦੀ ਕੋਸ਼ਿਸ਼ ਕੀਤੀ ਕਿ ਇਸ ਦਾ ਜਾਸੂਸੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਮੁੱਦਾ ਉਛਾਲਿਆ ਗਿਆ ਕਿ ਇਹ ਸਰਕਾਰ ਨੂੰ ਬਦਨਾਮ ਕਰਨ ਦੀ ਵਿਰੋਧੀ ਧਿਰ ਦੀ ਸਾਜ਼ਿਸ਼ ਹੈ। ਜਾਅਲੀ ਖ਼ਬਰਾਂ ਅਤੇ ਅਫ਼ਵਾਹਾਂ ਦੇ ਮਾਹਿਰ ਸੰਘ ਬਰਗੇਡ ਨੇ ਇਨ੍ਹਾਂ ਖ਼ੁਲਾਸਿਆਂ ਨੂੰ 'ਪੀਲੀ ਪੱਤਰਕਾਰੀ' ਕਹਿਣ ਦੀ ਬੇਸ਼ਰਮੀਂ ਕੀਤੀ। ਪਰ ਉਨ੍ਹਾਂ ਨੇ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਜੋ ਸਾਫ਼ਟਵੇਅਰ ਸਿਰਫ਼ ਸਰਕਾਰਾਂ ਨੂੰ ਵੇਚਿਆ ਜਾਂਦਾ ਹੈ ਅਤੇ ਜੋ ਆਮ ਨਾਗਰਿਕਾਂ ਦੀ ਪਹੁੰਚ ਵਿਚ ਨਹੀਂ ਹੈ, ਉਹ ਭਾਰਤ ਵਿਚ ਕਿਵੇਂ ਵਰਤਿਆ ਗਿਆ। ਜੇ ਭਾਰਤ ਸਰਕਾਰ ਨੇ ਨਹੀਂ ਖ਼ਰੀਦਿਆ, ਫਿਰ ਉਹ ਕਿਹੜੀ ਏਜੰਸੀ ਹੈ ਜਿਸ ਨੇ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਹੀ ਖ਼ਰੀਦ ਕੇ ਐਨੇ ਲੋਕਾਂ ਦੀ ਜਾਸੂਸੀ ਕੀਤੀ ਅਤੇ ਉਸ ਦਾ ਮਨੋਰਥ ਕੀ ਸੀ? ਫਰਾਂਸ ਨੇ ਇਸ ਦੀ ਪਾਰਲੀਮੈਂਟਰੀ ਜਾਂਚ ਦਾ ਆਦੇਸ਼ ਦਿੱਤਾ; ਜਰਮਨੀ ਦੇ ਚਾਂਸਲਰ ਨੇ ਇਸ ਸਾਫ਼ਟਵੇਅਰ ਦੇ ਵਪਾਰ ਉੱਪਰ ਬੰਦਸ਼ਾਂ ਲਾਉਣ ਦਾ ਸੱਦਾ ਦਿੱਤਾ; ਹੰਗਰੀ ਨੇ ਵੀ ਜਾਂਚ ਕਰਾਉਣ ਦਾ ਐਲਾਨ ਕੀਤਾ, ਪਰ ਭਾਰਤ ਦੀ ਭਗਵਾ ਸਰਕਾਰ ਜਾਂਚ ਕਰਾਉਣ ਤੋਂ ਹੀ ਟਾਲਮਟੋਲ ਕਰਦੀ ਰਹੀ। ਨਾ ਇਸ ਨੇ ਸਾਫ਼ਟਵੇਅਰ ਖ਼ਰੀਦਣ ਦੀ ਪੁਸ਼ਟੀ ਕੀਤੀ ਅਤੇ ਨਾ ਇਨਕਾਰ ਕੀਤਾ। 2021 'ਚ ਸੁਪਰੀਮ ਕੋਰਟ ਦੇ ਆਦੇਸ਼ 'ਤੇ ਬਣਾਈ ਤਕਨੀਕੀ ਕਮੇਟੀ ਨੇ ਪੰਜ ਫ਼ੋਨਾਂ ਦੀ ਜਾਂਚ ਕਰਕੇ ਕਿਹਾ ਕਿ ਉਨ੍ਹਾਂ ਨੂੰ ਸਿੱਟਾਜਨਕ ਸਬੂਤ ਤਾਂ ਨਹੀਂ ਮਿਲਿਆ, ਪਰ ਇਹ ਗੱਲ ਵੀ ਕਹੀ ਕਿ ਕੇਂਦਰ ਸਰਕਾਰ ਨੇ ਜਾਂਚ 'ਚ ਸਹਿਯੋਗ ਨਹੀਂ ਦਿੱਤਾ। ਰਿਪੋਰਟ ਅਜੇ ਵੀ ਸੀਲਬੰਦ ਪਈ ਹੈ। ਭਾਰਤ ਵਰਗੇ ਮੁਲਕਾਂ 'ਚ ਜਿੱਥੇ ਨਾਗਰਿਕਾਂ ਦੀ ਨਿੱਜਤਾ ਦੀ ਸੁਰੱਖਿਆ ਲਈ ਭਰੋਸੇਯੋਗ ਸੰਵਿਧਾਨਕ ਵਿਵਸਥਾ ਨਾ ਹੋਣ ਕਾਰਨ ਸਰਕਾਰ ਦੀ ਕੋਈ ਜਵਾਬਦੇਹੀ ਨਹੀਂ ਹੈ ਅਤੇ ਜਿੱਥੇ ਸੰਵਿਧਾਨ ਦੀਆਂ ਸਭ ਤੋਂ ਵੱਧ ਧੱਜੀਆਂ ਹਕੂਮਤ ਵੱਲੋਂ ਹੀ ਉਡਾਈਆਂ ਜਾਂਦੀਆਂ ਹਨ, ਉੱਥੇ ਕੇਂਦਰ ਸਰਕਾਰ ਵੱਲੋਂ ਆਪਣੀ ਕਿਸੇ ਖ਼ੁਫ਼ੀਆ ਏਜੰਸੀ ਰਾਹੀਂ ਨਾਗਰਿਕਾਂ ਦੀ ਨਿੱਜਤਾ 'ਚ ਸੰਨ੍ਹ ਲਾਉਣਾ ਬਹੁਤ ਸੌਖਾ ਹੈ। ਏਸ਼ੀਆ ਟਾਈਮਜ਼ ਦੀ 2019 ਦੀ ਰਿਪੋਰਟ ਅਨੁਸਾਰ, 'ਘੱਟੋਘੱਟ ਇਕ ਕੇਂਦਰੀ ਖ਼ੁਫ਼ੀਆ ਏਜੰਸੀ ਪੈਗਾਸਸ ਜਾਸੂਸੀ ਸਾਫ਼ਟਵੇਅਰ ਦੇ ਖ਼ਰੀਦਦਾਰਾਂ ਚੋਂ ਇਕ ਸੀ ਜੋ ਹਰ ਸੂਬੇ ਤੋਂ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਦੀ ਹੈ।' ਕੇਂਦਰੀ ਏਜੰਸੀ ਆਈ ਬੀ (ਇੰਟੈਲੀਜੈਂਸ ਬਿਊਰੋ) ਬਰਤਾਨਵੀ ਹਕੂਮਤ ਦੇ 1887 ਦੇ ਇਕ ਹੁਕਮ ਤਹਿਤ ਬਣਾਈ ਗਈ ਸੀ ਅਤੇ ਰਾਅ ਵੀ 1968 'ਚ ਸਿਰਫ਼ ਇਕ ਸਰਕਾਰੀ ਹੁਕਮ ਰਾਹੀਂ ਬਣਾਈ ਗਈ ਸੀ। ਆਈ ਬੀ ਦਾ ਸਾਬਕਾ ਜੁਆਇੰਟ ਡਾਇਰੈਕਟਰ ਮਲੋਏ ਕ੍ਰਿਸ਼ਨਾ ਧਰ ਆਪਣੀ ਚਰਚਿਤ ਕਿਤਾਬ 'ਖੁੱਲ੍ਹੇ ਭੇਤ' ਵਿਚ ਏਜੰਸੀ ਦੀਆਂ ਮਨਮਾਨੀਆਂ ਉੱਪਰ ਗੰਭੀਰ ਸਵਾਲ ਉਠਾ ਚੁੱਕਾ ਹੈ। ਇਹ ਏਜੰਸੀਆਂ ਸਿੱਧੀਆਂ ਕੇਂਦਰ ਸਰਕਾਰ ਦੇ ਹੁਕਮਾਂ ਅਨੁਸਾਰ ਕੇਂਦਰੀ ਵਜ਼ਾਰਤ, ਖ਼ਾਸ ਕਰਕੇ ਪ੍ਰਧਾਨ ਮੰਤਰੀ ਦੀਆਂ ਨਿੱਜੀ ਏਜੰਸੀਆਂ ਵਜੋਂ ਕੰਮ ਕਰਦੀਆਂ ਹਨ। ਕੇਂਦਰ ਸਰਕਾਰ ਦੀਆਂ ਖ਼ੁਫ਼ੀਆ ਜਾਣਕਾਰੀ ਹਾਸਲ ਕਰਨ ਦੀਆਂ ਸਮਰੱਥਾਵਾਂ ਉੱਪਰ ਸੰਸਦ ਦਾ ਕੋਈ ਕੁੰਡਾ ਨਹੀਂ ਹੈ ਅਤੇ ਕੋਈ ਸੰਸਦੀ ਕਮੇਟੀ ਇਨ੍ਹਾਂ ਦੀ ਨਿਗਰਾਨੀ ਨਹੀਂ ਕਰਦੀ। ਐੱਨ ਐੱਸ ਓ ਗਰੁੱਪ ਦਾ ਇਜ਼ਰਾਇਲੀ ਸਟੇਟ ਨਾਲ ਗੂੜ੍ਹਾ ਰਿਸ਼ਤਾ ਹੈ। ਪੈਗਾਸਸ ਇਜ਼ਰਾਇਲ ਦੇ ਰੱਖਿਆ ਮੰਤਰਾਲੇ ਦੀ ਮਨਜ਼ੂਰੀ ਨਾਲ ਵੇਚਿਆ ਜਾਂਦਾ ਹੈ। ਫਾਸ਼ੀਵਾਦੀ ਇਜ਼ਰਾਇਲੀ ਰਾਜ ਦੀ ਭਾਰਤੀ ਰਾਜ ਨਾਲ ਗੂੜ੍ਹੀ ਸਾਂਝ ਹੈ ਅਤੇ ਪੈਗਾਸਸ ਵਰਗੇ ਅਤਿ-ਆਧੁਨਿਕ, ਅਤਿ ਮਹਿੰਗੇ ਸਾਫ਼ਟਵੇਅਰ ਸਿਰਫ਼ ਭਾਰਤ ਸਰਕਾਰ ਹੀ ਵਰਤ ਸਕਦੀ ਹੈ। ਜਾਸੂਸੀ ਦੇ ਸਮੇਂ ਅਤੇ ਭਾਰਤ ਵਿਚਲੇ ਤੱਤਕਾਲੀ ਘਟਨਾਕ੍ਰਮ ਨੂੰ ਦੇਖਦਿਆਂ ਪੈਗਾਸਸ ਦਾ ਸੰਬੰਧ ਮੋਦੀ ਸਰਕਾਰ ਨਾਲ ਜੁੜਦਾ ਹੈ।

• ਬਾਕੀ ਅਗਲੇ ਸਫ਼ੇ 'ਤੇ






# ਨੌਜਵਾਨਾਂ ਦੇ ਮਾਪਿਆਂ ਵਲੋਂ ਦੋਸ਼ : ਪੰਜਾਬ ਪੁਲਿਸ ਨੇ ਝੂਠਾ ਮੁਕਾਬਲਾ ਬਣਾਇਆ

## ਨੌਜਵਾਨਾਂ ਦਾ ਸਬੰਧ ਖ਼ਾਲਿਸਤਾਨ ਫ਼ੋਰਸ ਨਾਲ ਸੀ : ਪੰਜਾਬ ਪੁਲਿਸ

ਪੰਜਾਬ ਦੇ ਗੁਰਦਾਸਪੁਰ ਵਿੱਚ ਹੋਏ ਗ੍ਰਨੇਡ ਹਮਲੇ ਵਿੱਚ ਕਥਿਤ ਤੌਰ ’ਤੇ ਸ਼ਾਮਲ ਤਿੰਨ ਸ਼ੱਕੀ ਖਾੜਕੂ ਗੁਰਵਿੰਦਰ ਸਿੰਘ (25), ਵਰਿੰਦਰ ਸਿੰਘ ਉਰਫ਼ ਰਵੀ (23) ਅਤੇ ਜਸ਼ਨਪ੍ਰੀਤ ਸਿੰਘ ਉਰਫ਼ ਪ੍ਰਤਾਪ ਸਿੰਘ (18) ਬੀਤੇ ਦਿਨੀਂ ਤੜਕੇ ਪੀਲੀਭੀਤ ਵਿੱਚ ਉੱਤਰ ਪ੍ਰਦੇਸ਼ ਤੇ ਪੰਜਾਬ ਪੁਲੀਸ ਦੀ ਸਾਂਝੀ ਟੀਮ ਨਾਲ ਹੋਏ ਮੁਕਾਬਲੇ ਵਿੱਚ ਮਾਰੇ ਗਏ ਸਨ। ਇਸ ਨੂੰ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ (ਕੇਜ਼ੈੱਡਐੱਫ) ਮਾਡਿਊਲ ਖ਼ਿਲਾਫ਼ ਪੁਲੀਸ ਦੀ ਇੱਕ ਵੱਡੀ ਸਫਲਤਾ ਕਰਾਰ ਦਿੱਤਾ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਦਾ ਕਹਿਣਾ ਹੈ ਕਿ ਪੰਜਾਬ ਵਿਚ ਪੁਲਿਸ ਥਾਣਿਆਂ ਤੇ ਚੌਕੀਆਂ ’ਤੇ ਹਮਲੇ ਵਿਦੇਸ਼ ਤੋਂ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ (ਕੇਜ਼ੈੱਡਐੱਫ) ਦਾ ਪ੍ਰਮੁੱਖ ਰਣਜੀਤ ਸਿੰਘ ਨੀਟਾ ਕਰਵਾ ਰਿਹਾ ਹੈ। ਹਮਲਿਆਂ ਨੂੰ ਅੰਜਾਮ ਦੇਣ ਲਈ ਨੀਟਾ ਗ੍ਰੀਸ ਵਿਚ ਬੈਠੇ ਜਸਵਿੰਦਰ ਸਿੰਘ ਬਾਗੀ ਉਰਫ਼ ਮਨੂੰ ਅਗਵਾਨ ਨੂੰ ਹੈਂਡਲਰ ਦੇ ਰੂਪ ਵਿਚ ਇਸਤੇਮਾਲ ਕਰ ਰਿਹਾ ਹੈ। ਕੇਜ਼ੈੱਡਐੱਫ ਨਾਲ ਜੁੜਿਆ ਬਰਤਾਨੀਆਂ ਵਿਚ ਬੈਠੇ ਇਕ ਹੈਂਡਲਰ ਜਗਜੀਤ ਸਿੰਘ ਨੇ ਥਾਣਿਆਂ ਤੇ ਚੌਕੀਆਂ ’ਤੇ ਧਮਾਕਿਆਂ ਦੀ ਜ਼ਿੰਮੇਵਾਰੀ ਲੈਣ ਲਈ ‘ਫ਼ਤੇਹ ਸਿੰਘ ਬਾਗੀ’ ਦੀ ਪਛਾਣ ਦਾ ਇਸਤੇਮਾਲ ਕੀਤਾ ਸੀ। ਜਗਜੀਤ ਬ੍ਰਿਟਿਸ਼ ਆਰਮੀ ਵਿਚ ਕੰਮ ਕਰ ਰਿਹਾ ਹੈ। ਡੀਆਈਜੀ ਬਾਰਡਰ ਰੇਂਜ ਸਤਿੰਦਰ ਸਿੰਘ ਨੇ ਦੱਸਿਆ ਕਿ ਤਕਨੀਕੀ ਤੇ ਖ਼ੁਫ਼ੀਆ ਇਨਪੁਟ ਵਿਚ ਇਹ ਜਾਣਕਾਰੀ ਸਾਹਮਣੇ ਆਈ ਸੀ ਕਿ ਇਨ੍ਹਾਂ ਧਮਾਕਿਆਂ ਵਿਚ ਸ਼ਾਮਲ ਮੁਲਜ਼ਮ ਯੂਪੀ ਦੇ ਪੀਲੀਭੀਤ ਵਿਚ ਕਿਤੇ ਪਨਾਹ ਲੈ ਕੇ ਬੈਠੇ ਹੋਏ ਹਨ। ਪੰਜਾਬ ਪੁਲਿਸ ਨੇ ਸਾਂਝੀ ਮੁਹਿੰਮ ਸ਼ੁਰੂ ਕਰਨ ਲਈ ਗੁਰਦਾਸਪੁਰ ਤੋਂ ਪੁਲਿਸ ਟੀਮਾਂ ਨੂੰ ਪੀਲੀਭੀਤ ਭੇਜਿਆ ਸੀ। ਉਹਨਾਂ ਦੱਸਿਆ ਕਿ ਇਹ ਸਾਰੇ ਹੀ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਕਲਾਨੌਰ ਦੇ ਰਹਿਣ ਵਾਲੇ ਸਨ ਅਤੇ ਕਲਾਨੌਰ ਦੇ ਬਕਸ਼ੀਵਾਲਾ ਥਾਣੇ ’ਤੇ ਹੋਏ ਗ੍ਰਨੇਡ ਹਮਲੇ ਵਿਚ ਸ਼ਾਮਲ ਸਨ। ਬਾਅਦ ਵਿੱਚ ਕੇਜ਼ੈੱਡਐੱਫ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਸੀ। ਇਹ ਮੁਕਾਬਲਾ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਪੀਲੀਭੀਤ ਦੇ ਪੂਰਨਪੁਰ ਖੇਤਰ ਵਿੱਚ ਹੋਇਆ ਸੀ। ਡੀਜੀਪੀ ਨੇ ਕਿਹਾ ਕਿ ਪੂਰੇ ਖਾੜਕੂ ਮਾਡਿਊਲ ਦਾ ਪਰਦਾਫਾਸ਼ ਕਰਨ ਲਈ ਜਾਂਚ ਜਾਰੀ ਹੈ।

ਉੱਤਰ ਪ੍ਰਦੇਸ਼ ਦੇ ਬਰੇਲੀ ਜ਼ਿਲ੍ਹੇ ਦੇ ਏਡੀਜੀ ਰਮਿਤ ਸ਼ਰਮਾ ਨੇ ਦੱਸਿਆ ਕਿ 18 ਦਸੰਬਰ ਨੂੰ ਪੰਜਾਬ ਦੇ ਗੁਰਦਾਸਪੁਰ 'ਚ ਗ੍ਰਨੇਡ ਨਾਲ ਹੋਇਆ ਸੀ। ਇਸ ਵਿੱਚ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਤਿੰਨ ਖਾੜਕੂ ਵੀ



ਸ਼ਾਮਲ ਸਨ। ਇਸ ਸਬੰਧੀ ਪੁਖ਼ਤਾ ਜਾਣਕਾਰੀ ਸੀ, ਜਿਸ 'ਤੇ ਕਾਰਵਾਈ ਕਰਨ ਲਈ ਚੌਕਸੀ ਵਧਾ ਦਿੱਤੀ ਗਈ ਸੀ। ਇਸੇ ਕੜੀ ਤਹਿਤ ਜਦੋਂ ਪੰਜਾਬ ਪੁਲਿਸ ਦੀ ਟੀਮ ਇੱਥੇ ਆਈ ਅਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਗਈ। ਚੈਕਿੰਗ ਦੌਰਾਨ ਇਨ੍ਹਾਂ ਘੇਰਿਆ ਗਿਆ।ਉਨ੍ਹਾਂ ਨੇ ਦੱਸਿਆ, "ਜਦੋਂ ਉਨ੍ਹਾਂ ਨੇ ਆਪਣੇ ਆਪ ਨੂੰ ਪੁਲਿਸ ਵੱਲੋਂ ਘਿਰਿਆ ਮਹਿਸੂਸ ਕੀਤਾ ਤਾਂ ਉਨ੍ਹਾਂ ਨੇ ਪੁਲਿਸ ’ਤੇ ਜਾਨ ਤੋਂ ਮਾਰਨ ਦੀ ਨੀਤ ਨਾਲ ਗੋਲੀਬਾਰੀ ਕੀਤੀ ਅਤੇ ਪੁਲਿਸ ਨੇ ਵੀ ਆਤਮ ਰੱਖਿਆ ਦੇ ਤਹਿਤ ਜਵਾਬੀ ਕਾਰਵਾਈ ਕੀਤੀ, ਜਿਸ ਵਿਚਾਲੇ ਉਹ ਜ਼ਖਮੀ ਹੋ ਗਏ ਅਤੇ ਇਲਾਜ ਲਈ ਲੈ ਕੇ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ।ਇਸ ਵਿੱਚ ਦੋ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਏ ਹਨ। ਇਨ੍ਹਾਂ ਤਿੰਨਾਂ ਦੇ ਨਾਂ ਗੁਰਵਿੰਦਰ ਸਿੰਘ, ਵਰਿੰਦਰ ਸਿੰਘ ਅਤੇ ਜਸ਼ਨਪ੍ਰੀਤ ਸਿੰਘ ਹਨ।ਰਮਿਤ ਸ਼ਰਮਾ ਨੇ ਅੱਗ ਦੱਸਿਆ ਕਿ ਇਨ੍ਹਾਂ ਕੋਲੋਂ 2 ਮੋਡੀਫਾਈਡ ਏਕੇ ਰਾਈਫਲ, 2 ਵਿਦੇਸ਼ੀ ਪਿਸਤੌਲ, ਭਾਰੀ ਮਾਤਰਾ ਵਿੱਚ ਅਸਲਾ ਅਤੇ ਇੱਕ ਚੋਰੀ ਦੀ ਬਾਈਕ ਬਰਾਮਦ ਹੋਈ ਹੈ।

### ਜਸ਼ਨ ਤੇ ਗੁਰਵਿੰਦਰ ਦੇ ਪਰਿਵਾਰਕ ਮੈਂਬਰਾਂ ਨੇ ਬੱਚਿਆਂ ਦੇ ਖਾੜਕੂਆਂ ਨਾਲ ਸੰਬੰਧਾਂ ਨੂੰ ਨਕਾਰਿਆ

ਉਧਰ ਮ੍ਰਿਤਕ ਵਰਿੰਦਰ ਸਿੰਘ (23) ਰਵੀ ਅਗਵਾਨ ਦੇ ਪਰਿਵਾਰਾਂ ਦੇ ਘਰਾਂ ਨੂੰ ਜਿੰਦਰੇ ਲੱਗੇ ਹਨ ਤੇ ਪਰਿਵਾਰ ਘਰ ਨਹੀਂ ਸੀ, ਜਦਕਿ ਨੇੜਲੇ ਪਿੰਡ ਸ਼ਹੂਰ ਖੁਰਦ ਵਾਸੀ ਜਸ਼ਨਪ੍ਰੀਤ ਸਿੰਘ (18) ਦੀ ਮਾਤਾ ਪਰਮਜੀਤ ਕੌਰ, ਪਤਨੀ ਗੁਰਪ੍ਰੀਤ ਨੇ ਦੱਸਿਆ ਕਿ ਉਹ ਤਿੰਨ ਭਰਾ ਅਤੇ ਦੋ ਭੈਣਾਂ ਹਨ ਅਤੇ ਤਿੰਨੇ ਭਰਾ ਅਨਪੜ੍ਹ ਹੋਣ ਕਾਰਨ ਮਜ਼ਦੂਰੀ ਕਰਦੇ ਹਨ । ਜਸ਼ਨਪ੍ਰੀਤ ਸਿੰਘ ਦਾ ਪਿੰਡ ਕਲਾਨੌਰ ਤੋਂ ਕਰੀਬ 10 ਕਿਲੋਮੀਟਰ ਦੂਰ ਨਿੱਕਾ ਸ਼ਹੂਰ ਪੈਂਦਾ ਹੈ। ਉਸ ਦਾ ਪਰਿਵਾਰ ਦੋ ਕਮਰਿਆਂ ਵਾਲਾ ਇੱਕ ਘਰ ਵਿਚ ਰਹਿੰਦਾ ਹੈ, ਜਿਸ ਨੂੰ ਪਲੱਸਤਰ ਵੀ ਨਹੀਂ ਹੋਇਆ ਸੀ। ਉਹ ਆਪਣੀ ਪਤਨੀ ਨੂੰ ਕਹਿ ਰਿਹਾ ਸੀ ਕਿ ਉਹ ਦਿਹਾੜੀ ਨਹੀਂ ਸਗੋਂ ਟਰੱਕ ਡਰਾਇਵਰੀ ਸਿੱਖੇਗਾ। ਜਸ਼ਨਪ੍ਰੀਤ ਦੇ ਮਾਪਿਆ ਮੁਤਾਬਕ ਬੀਤੇ ਮੰਗਲਵਾਰ ਵਰਿੰਦਰ ਰਵੀ ਉਨ੍ਹਾਂ ਦੇ ਮੁੰਡੇ ਨੂੰ ਘਰੋਂ ਲੈ ਕੇ ਗਿਆ ਸੀ। ਉਦੋਂ ਉਹਨਾਂ ਕਿਹਾ ਸੀ ਕਿ ਉਹ ਟਰੱਕ ਡਰਾਇਵਰੀ ਲਈ ਜਾ ਰਹੇ ਹਨ।ਮ੍ਰਿਤਕ ਜਸ਼ਨਪ੍ਰੀਤ ਸਿੰਘ ਦੀ ਮਾਂ ਪਰਮਜੀਤ ਕੌਰ ਨੇ ਕਿਹਾ ਕਿ ਉਹਨਾਂ ਦਾ ਪੁੱਤਰ ਪਿਛਲੇ ਕਰੀਬ ਇੱਕ ਹਫ਼ਤੇ ਤੋਂ ਘਰ ਨਹੀਂ ਆਇਆ ਸੀ ਅਤੇ ਉਹ ਦਿਹਾੜੀ ਵਗੈਰਾ ਕਰਦਾ ਸੀ। ਕਰੀਬ ਅੱਠ ਦਿਨ ਹੋ ਗਏ, ਉਸ ਨੂੰ ਗਏ ਹੋਏ ਜਿਸ ਤੋਂ ਬਾਅਦ ਉਸ ਦਾ ਫ਼ੋਨ ਵੀ ਨਹੀਂ ਲੱਗਾ ਅਤੇ ਜਦੋਂ ਅਸੀਂ ਕਾਲ ਕਰਦੇ ਸੀ ਤਾਂ ਉਸ ਦਾ ਫ਼ੋਨ ਬੰਦ ਆਉਂਦਾ ਸੀ। ਸਾਨੂੰ ਤਾਂ ਹੁਣ ਇਸ ਘਟਨਾ ਦਾ ਪਤਾ ਲੱਗਾ ਹੈ। ਪਰਿਵਾਰਕ ਮੈਂਬਰਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦਾ ਬੱਚਾ ਕਿਸੇ ਵੀ ਖਾੜਕੂ ਜਥੇਬੰਦੀ ਨਾਲ ਸੰਬੰਧਿਤ ਨਹੀਂ ਸੀ।

ਉਧਰ ਗੁਰਵਿੰਦਰ ਸਿੰਘ ਦੇ ਪਿਤਾ ਗੁਰਦੇਵ ਸਿੰਘ ਵਾਸੀ ਰਹੀਮਾਬਾਦ ਨੇ ਦੱਸਿਆ ਕਿ ਉਹ ਇਕਲੌਤਾ ਸੀ ਤੇ ਪਿੰਡ ਰਹੀਮਾਬਾਦ ਤੋਂ ਘਰ ਵੇਚ ਕੇ ਪਿਛਲੇ ਲੰਮੇਂ ਸਮੇਂ ਤੋਂ ਪਰਿਵਾਰ ਕਲਾਨੌਰ ਰਹਿ ਰਿਹਾ ਸੀ ਤੇ ਮਿਹਨਤ ਕਰ ਕੇ ਗੁਜ਼ਾਰਾ ਕਰ ਰਿਹਾ ਸੀ ।ਉਨ੍ਹਾਂ ਦੱਸਿਆ ਕਿ ਗੁਰਵਿੰਦਰ ਸਿੰਘ ਨੇ ਦੋ ਸਾਲ ਪਹਿਲਾਂ ਬਾਰ੍ਹਵੀਂ ਜਮਾਤ ਪਾਸ ਕੀਤੀ ਸੀ। ਉਹ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਅਜੇ ਤੱਕ ਕੋਈ ਕੰਮ-ਕਾਰ ਨਹੀਂ ਕਰਦਾ ਸੀ।ਅਤੇ ਗੁਰਵਿੰਦਰ ਸਿੰਘ 'ਤੇ ਕੁਝ ਸਮਾਂ ਪਹਿਲਾਂ ਮੁਕੱਦਮਾ ਦਰਜ ਸੀ, ਜੋ ਅਦਾਲਤ ਵਿਚ ਚੱਲ ਰਿਹਾ ਹੈ।

ਗੁਰਵਿੰਦਰ ਸਿੰਘ ਦੇ ਪਿਤਾ ਗੁਰਦੇਵ ਸਿੰਘ ਨੇ ਦੱਸਿਆ, "ਉਹ ਸੋਚਦੇ ਰਹੇ ਕਿ ਉਨ੍ਹਾਂ ਦਾ ਮੁੰਡਾ ਆਪਣੇ ਦੋਸਤਾਂ ਨਾਲ ਘੁੰਮਣ-ਫਿਰਨ ਗਿਆ ਹੋਇਆ ਹੈ। ਉਨ੍ਹਾਂ ਨੂੰ ਪੁਲਿਸ ਨੇ ਆ ਕੇ ਦੱਸਿਆ ਕਿ ਤੁਹਾਡਾ ਮੁੰਡਾ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ ਹੈ।ਅਸੀਂ ਨਹੀਂ ਜਾਣਦੇ ਕਿ ਉਹ ਯੂਪੀ ਕਿਵੇਂ ਪਹੁੰਚ ਗਿਆ, ਮੈਂ ਤਾਂ ਦਿਹਾੜੀਦਾਰ ਬੰਦਾ ਹਾਂ ਅਤੇ ਕਿਰਾਏ ਉੱਤੇ ਰਹਿੰਦਾ ਹਾਂ।"

ਗੁਰਦੇਵ ਸਿੰਘ ਮੁਤਾਬਕ ਗੁਰਵਿੰਦਰ ਸਿੰਘ 3-4 ਦਿਨ ਪਹਿਲਾਂ ਰੂਟੀਨ ਵਾਂਗ ਹੀ ਘਰੋਂ ਗਿਆ ਸੀ, ਜਦੋਂ ਅਸੀਂ ਫੋਨ ਕੀਤਾ ਤਾਂ ਕਹਿੰਦਾ ਮੈਂ ਆ ਜਾਵਾਂਗਾ, ਪਰ ਬਾਅਦ ਵਿੱਚ ਉਸ ਦਾ ਫੋਨ ਹੀ ਬੰਦ ਹੋ ਗਿਆ। ਅਤੇ ਜਦੋਂ ਬੀਤੇ ਮੰਗਲਵਾਰ ਘਰੋਂ ਪ੍ਰਾਹੁਣੇ ਨੂੰ ਛੱਡਣ ਲਈ ਗਿਆ ਤਾਂ ਬਾਅਦ ਵਿਚ ਕੋਈ ਪਤਾ ਨਹੀਂ ਲੱਗਾ ।ਪਰਿਵਾਰਕ ਮੈਂਬਰਾਂ ਨੇ ਆਪਣੇ ਬੱਚਿਆਂ ਦੇ ਕਿਸੇ ਵੀ ਜਥੇਬੰਦੀ ਨਾਲ ਸੰਬੰਧ ਹੋਣ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੇ ਬੱਚੇ ਕੁਝ ਦਿਨ ਪਹਿਲਾਂ ਘਰੋਂ ਗਾਇਬ ਹੋਏ ਹਨ ਤੇ ਉਨ੍ਹਾਂ ਘਰ ਇਸ ਮਾਮਲੇ ਵਿਚ ਕਦੇ ਵੀ ਪੁਲਿਸ ਨਹੀਂ ਆਈ, ਜਦਕਿ ਜਦੋਂ ਹੁਣ ਉਨ੍ਹਾਂ ਨੂੰ ਪੁਲਿਸ ਰਾਹੀਂ ਬੱਚਿਆਂ ਦੇ ਮੁਕਾਬਲੇ ਸੰਬੰਧੀ ਪਤਾ ਲੱਗਾ ਤਾਂ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ । ਇਸ ਸੰਬੰਧੀ ਪੰਜਾਬ ਦੇ ਡੀ.ਜੀ.ਪੀ. ਸ੍ਰੀ ਗੌਰਵ ਯਾਦਵ ਵਲੋਂ ਉਕਤ ਤਿੰਨਾਂ ਨੌਜਵਾਨਾਂ ਦੇ ਖ਼ਾਲਿਸਤਾਨ ਜਿੰਦਾਬਾਦ ਫੋਰਸ ਜਥੇਬੰਦੀ ਨਾਲ ਸੰਬੰਧ ਦੱਸੇ ਅਤੇ ਕਿਹਾ ਕਿ ਇਨ੍ਹਾਂ ਵਲੋਂ ਪੁਲਿਸ ਥਾਣਾ ਕਲਾਨੌਰ ਦੀ ਬੰਦ ਪਈ ਪੁਲਿਸ ਚੌਕੀ ਬਖਸ਼ੀਵਾਲ ਵਿਚ ਧਮਾਕਾ ਕੀਤਾ ਸੀ ਅਤੇ ਉਹ ਫਰਾਰ ਸਨ, ਜਿਨ੍ਹਾਂ ਨੂੰ ਹਥਿਆਰਾਂ ਸਮੇਤ ਪਿੱਛਾ ਕਰਨ ਉਪਰੰਤ ਪੀਲੀਭੀਤ ਵਿਚ ਮੁਕਾਬਲੇ ਦੌਰਾਨ ਹਲਾਕ ਕੀਤਾ ਹੈ।

### ਕੀ ਕਹਿਣਾ ਹੈ ਲੋਕਾਂ ਦਾ

ਸ਼ੋਸ਼ਲ ਮੀਡੀਆ ਉਪਰ ਲੋਕ ਪੁਲਿਸ ਦੀ ਕਹਾਣੀ ਨੂੰ ਸ਼ੱਕੀ ਦਸ ਰਹੇ ਹਨ।ਲੋਕਾਂ ਦਾ ਕਹਿਣਾ ਹੈ ਕਿ ਪੁਲਿਸ ਦੀ ਕਹਾਣੀ ਪਹਿਲਾਂ ਹੋਏ ਝੂਠੇ ਪੁਲਿਸ ਮੁਕਾਬਲਿਆਂ ਵਰਗੀ ਹੈ,ਬਸ ਪਾਤਰ ਬਦਲੇ ਗਏ ਹਨ। ਗਰੀਬ ਸਿਖ ਮਜ਼ਦੂਰਾਂ ਦੇ ਬੱਚੇ ਬਲੀ ਚੜ੍ਹ ਗਏ।ਪਰ ਅਜੇ ਤਕ ਕਿਸੇ ਮਨੁੱਖੀ ਅਧਿਕਾਰ ਸੰਗਠਨ ਦਾ ਕੋਈ ਬਿਆਨ ਸਾਹਮਣੇ ਨਹੀਂ ਆਇਆ।ਮਾਂ ਬਾਪ ਗਰੀਬ ਹੋਣ ਕਾਰਣ ਨਿਆਂ ਵੀ ਨਹੀਂ ਮੰਗ ਸਕਦੇ।ਇਸ ਮੁਕਾਬਲੇ ਦੀ ਜੁਡੀਸ਼ੀਅਲ ਜਾਂਚ ਕਰਾਈ ਜਾਵੇ।ਬੀਬੀ ਪਰਮਜੀਤ ਕੌਰ ਖਾਲੜਾ ਦਾ ਕਹਿਣਾ ਹੈ ਕਿ ਪੁਲੀਸ ਮੁਕਾਬਲਿਆਂ ਦੇ ਨਾਂ ਹੇਠ ਕਤਲਾਂ ਦੀ ਨੀਤੀ ਬੰਦ ਕੀਤੀ ਜਾਵੇ ਅਤੇ ਆਨੇ-ਬਹਾਨੇ ਲੋਕਾਂ ਦੇ ਮੁੱਢਲੇ ਜਮਹੂਰੀ ਹੱਕਾਂ ਦਾ ਘਾਣ ਬੰਦ ਜਾਵੇ ਕਿਉਂਕਿ ਜਮਹੂਰੀ ਹੱਕਾਂ ਦੀ ਮਹਿਫੂਜ਼ੀਅਤ ਹੀ ਲੋਕਤੰਤਰ ਦੀ ਰੂਹ ਹੈ।


# 32 ਸਾਲਾਂ ਬਾਅਦ ਪੰਜਾਬ ਪੁਲਿਸ ਦੇ ਤਿੰਨ ਸਾਬਕਾ ਅਧਿਕਾਰੀ ਫਰਜ਼ੀ ਮੁਕਾਬਲੇ ਮਾਰੇ ਗਏ ਨੌਜਵਾਨ ਦੇ ਮਾਮਲੇ ‘ਚ ਦੋਸ਼ੀ ਕਰਾਰ

## "ਛੋਟਾ ਬੱਚਾ ਸੀ ਮੇਰਾ ਭਰਾ, ਜਿਸ ਨੂੰ ਪੁਲਿਸ ਘਰੋਂ ਚੁੱਕ ਕੇ ਲੈ ਗਈ ਤੇ ਉਸ ਦਾ ਐਨਕਾਊਂਟਰ ਕਰ ਦਿੱਤਾ"

32 ਸਾਲਾਂ ਦੇ ਲੰਬੇ ਵਕਫ਼ੇ ਤੋਂ ਬਾਅਦ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੀ ਵਿਸ਼ੇਸ਼ ਅਦਾਲਤ ਨੇ ਸੋਮਵਾਰ ਨੂੰ ਪੰਜਾਬ ਪੁਲਿਸ ਦੇ ਤਿੰਨ ਸਾਬਕਾ ਅਧਿਕਾਰੀਆਂ ਨੂੰ ਕਥਿਤ ਫ਼ਰਜ਼ੀ ਮੁਕਾਬਲੇ ਯਾਨੀ ਫੈਕ ਐਨਕਾਊਂਟਰ ਤਹਿਤ ਦੋ ਵਿਅਕਤੀਆਂ ਦੀ ਹੱਤਿਆ ਕਰਨ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਹੈ। ਮਯੰਕ ਮੌਂਗੀਆ ਮੁਤਾਬਕ ਇਹ ਕੇਸ 1992 ਦਾ ਹੈ, ਜਿਸ ਵਿੱਚ ਪੰਜਾਬ ਪੁਲਿਸ ਦੇ ਅਧਿਕਾਰੀਆਂ ਵੱਲੋਂ ਪੰਜਾਬ ਪੁਲਿਸ ਦੇ ਹੀ ਦੋ ਮੁਲਾਜ਼ਮਾਂ ਦਾ ਕਥਿਤ ਫਰਜ਼ੀ ਮੁਕਾਬਲਾ ਬਣਾ ਕੇ ਕਤਲ ਕਰ ਦਿੱਤਾ ਗਿਆ ਸੀ। ਅਦਾਲਤ ਨੇ ਥਾਣਾ ਸਿਟੀ ਤਰਨ ਤਾਰਨ ਦੇ ਤਤਕਾਲੀ ਐੱਸਐੱਚਓ ਗੁਰਬਚਨ ਸਿੰਘ, ਏਐੱਸਆਈ ਰੇਸ਼ਮ ਸਿੰਘ ਅਤੇ ਪੁਲੀਸ ਅਧਿਕਾਰੀ ਹੰਸਰਾਜ ਸਿੰਘ ਨੂੰ ਪੁਲਿਸ ਮੁਲਾਜ਼ਮ ਜਗਦੀਪ ਸਿੰਘ ਮੱਖਣ ਅਤੇ ਗੁਰਨਾਮ ਸਿੰਘ ਪਾਲੀ ਦੇ ਕਤਲ ਮਾਮਲੇ ਵਿੱਚ ਦੋਸ਼ੀ ਪਾਇਆ ਹੈ। ਤਿੰਨਾਂ ਦੋਸ਼ੀਆਂ ਨੂੰ ਅਦਾਲਤ ਨੇ ਧਾਰਾ 302 ਅਤੇ 120ਬੀ ਤਹਿਤ ਉਮਰ ਕੈਦ ਅਤੇ 2-2 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਤਿੰਨਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। 32 ਸਾਲਾਂ ਦੇ ਲੰਬੇ ਵਕਫ਼ੇ ਤੋਂ ਬਾਅਦ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੀ ਵਿਸ਼ੇਸ਼ ਅਦਾਲਤ ਨੇ ਸੋਮਵਾਰ ਨੂੰ ਪੰਜਾਬ ਪੁਲਿਸ ਦੇ ਤਿੰਨ ਸਾਬਕਾ ਅਧਿਕਾਰੀਆਂ ਨੂੰ ਕਥਿਤ ਫ਼ਰਜ਼ੀ ਮੁਕਾਬਲੇ ਯਾਨੀ ਫੈਕ ਐਨਕਾਊਂਟਰ ਤਹਿਤ ਦੋ ਵਿਅਕਤੀਆਂ ਦੀ ਹੱਤਿਆ ਕਰਨ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਹੈ। ਮਯੰਕ ਮੌਂਗੀਆ ਮੁਤਾਬਕ ਇਹ ਕੇਸ 1992 ਦਾ ਹੈ, ਜਿਸ ਵਿੱਚ ਪੰਜਾਬ ਪੁਲਿਸ ਦੇ ਅਧਿਕਾਰੀਆਂ ਵੱਲੋਂ ਪੰਜਾਬ ਪੁਲਿਸ ਦੇ ਹੀ ਦੋ ਮੁਲਾਜ਼ਮਾਂ ਦਾ ਕਥਿਤ ਫਰਜ਼ੀ ਮੁਕਾਬਲਾ ਬਣਾ ਕੇ ਕਤਲ ਕਰ ਦਿੱਤਾ ਗਿਆ ਸੀ। ਅਦਾਲਤ ਨੇ ਥਾਣਾ ਸਿਟੀ ਤਰਨ ਤਾਰਨ ਦੇ ਤਤਕਾਲੀ ਐੱਸਐੱਚਓ ਗੁਰਬਚਨ ਸਿੰਘ, ਏਐੱਸਆਈ ਰੇਸ਼ਮ ਸਿੰਘ ਅਤੇ ਪੁਲੀਸ ਅਧਿਕਾਰੀ ਹੰਸਰਾਜ ਸਿੰਘ ਨੂੰ ਪੁਲਿਸ ਮੁਲਾਜ਼ਮ ਜਗਦੀਪ ਸਿੰਘ ਮੱਖਣ ਅਤੇ ਗੁਰਨਾਮ ਸਿੰਘ ਪਾਲੀ ਦੇ ਕਤਲ ਮਾਮਲੇ ਵਿੱਚ ਦੋਸ਼ੀ ਪਾਇਆ ਹੈ। ਤਿੰਨਾਂ ਦੋਸ਼ੀਆਂ ਨੂੰ ਅਦਾਲਤ ਨੇ ਧਾਰਾ 302 ਅਤੇ 120ਬੀ ਤਹਿਤ ਉਮਰ ਕੈਦ ਅਤੇ 2-2 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਤਿੰਨਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

### ਦੋਸ਼ੀਆਂ ਨੇ ਕਿਵੇਂ ਇਸ ਮਾਮਲੇ ਨੂੰ ਐਨਕਾਊਂਟਰ ਵਜੋਂ ਦਰਸਾਇਆ

ਸੀਬੀਆਈ ਵੱਲੋਂ 2021 ਵਿੱਚ ਅਦਾਲਤ 'ਚ ਇੱਕ ਚਾਰਜਸ਼ੀਟ ਦਾਖ਼ਲ



ਕੀਤੀ ਗਈ ਸੀ। ਜਿਸਦੇ ਮੁਤਾਬਕ ਪੁਲੀਸ ਨੇ ਇਸ ਹੱਤਿਆ ਨੂੰ ਐਨਕਾਊਂਟਰ ਦੱਸਦਿਆਂ ਐੱਫਆਈਆਰ ਨੰਬਰ 130/92 ਦਰਜ ਕੀਤੀ ਸੀ। ਐੱਫਆਈਆਰ ਵਿੱਚ ਕਿਹਾ ਗਿਆ ਸੀ ਕਿ ਗੁਰਬਚਨ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਸਵੇਰੇ ਗਸ਼ਤ ਦੌਰਾਨ ਇੱਕ ਵਾਹਨ ਵਿੱਚ ਸਵਾਰ ਇੱਕ ਸ਼ੱਕੀ ਨੌਜਵਾਨ ਨੂੰ ਫੜਿਆ, ਜਿਸ ਨੇ ਆਪਣੀ ਪਛਾਣ ਗੁਰਨਾਮ ਸਿੰਘ ਵਜੋਂ ਦੱਸੀ। ਇਸ ਤੋਂ ਬਾਅਦ ਉਸ ਨੂੰ ਝੂਠੇ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ।

ਸੀਬੀਆਈ ਨੇ ਘਟਨਾ ਦੀ ਜਾਂਚ ਤੋਂ ਬਾਅਦ 2021 ਵਿੱਚ ਅਦਾਲਤ 'ਚ ਚਾਰਜਸ਼ੀਟ ਦਾਇਰ ਕੀਤੀ ਸੀ। ਸੁਣਵਾਈ ਦੌਰਾਨ ਮੁਲਜ਼ਮ ਪੁਲਿਸ ਮੁਲਾਜ਼ਮ ਅਰਜੁਨ ਸਿੰਘ ਦੀ ਦਸੰਬਰ 2021 ਵਿੱਚ ਮੌਤ ਹੋ ਗਈ ਸੀ, ਜਿਸ ਕਾਰਨ ਉਸ ਖ਼ਿਲਾਫ਼ ਕਾਰਵਾਈ ਬੰਦ ਕਰ ਦਿੱਤੀ ਗਈ ਸੀ। ਕਰੀਬ 32 ਸਾਲ ਪਹਿਲਾਂ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰੇ ਗਏ ਆਪਣੇ ਭਰਾ ਗੁਰਨਾਮ ਸਿੰਘ ਪਾਲੀ ਨੂੰ ਯਾਦ ਕਰਦਿਆਂ ਹਰਬੰਸ ਕੌਰ ਅੱਜ ਆਪਣੇ ਹੰਝੂ ਨਹੀਂ ਰੋਕ ਸਕੇ। ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਕਿਹਾ ਕਿ ਆਖਿਰਕਾਰ ਨਿਆਂ ਦੀ ਜਿੱਤ ਹੋਈ ਹੈ। ਹਰਬੰਸ ਕੌਰ ਦੱਸਦੇ ਹਨ, "ਮੇਰੇ ਭਰਾ ਨੂੰ ਪੁਲਿਸ ਅਧਿਕਾਰੀ ਗੁਰਬਚਨ ਸਿੰਘ ਸਵੇਰੇ ਹੀ ਘਰ ਆ ਕੇ ਆਪਣੇ ਨਾਲ ਲੈ ਗਏ ਸਨ ਤੇ ਬਾਅਦ ਵਿੱਚ ਸਾਨੂੰ ਕਦੇ ਮਿਲਣ ਨਹੀਂ ਦਿੱਤਾ ਗਿਆ। ਕੁਝ ਦਿਨ ਬਾਅਦ ਅਖਬਾਰ ਵਿੱਚ ਖਬਰ ਪੜ੍ਹੀ ਕਿ ਐਨਕਾਊਂਟਰ ਵਿੱਚ ਮੇਰੇ ਭਰਾ ਅਤੇ ਉਸ ਨਾਲ ਜਗਜੀਤ ਸਿੰਘ ਮੱਖਣ ਨੂੰ ਮਾਰ ਦਿੱਤਾ ਗਿਆ। ਉਨ੍ਹਾਂ ਨੇ ਸਾਨੂੰ ਨਾ ਲਾਸ਼ ਦਿੱਤੀ ਤੇ ਨਾ ਹੀ ਦੇਖਣ ਦਿੱਤਾ।"

"ਮੇਰੀ ਮਾਂ ਇਨਸਾਫ ਦੀ ਉਡੀਕ ਕਰਦੇ-ਕਰਦੇ ਚਾਰ ਸਾਲ ਪਹਿਲਾਂ ਚੱਲ ਵਸੇ। ਉਹ ਇਹੀ ਕਹਿੰਦੇ ਹੁੰਦੇ ਸੀ ਕਿ ਕਦੋਂ ਮੇਰੇ ਪੁੱਤ ਦਾ ਫ਼ੈਸਲਾ ਆਵੇਗਾ।" ਹਰਬੰਸ ਕੌਰ ਦੱਸਦੇ ਹਨ, "ਸੀਬੀਆਈ ਦੀ ਬਦੌਲਤ ਹੀ ਅੱਜ ਸਾਨੂੰ ਇਨਸਾਫ਼ ਮਿਲਿਆ, ਉਨ੍ਹਾਂ ਨੇ ਅੱਜ ਤੱਕ ਸਾਡਾ ਸਾਥ ਦਿੱਤਾ। ਪਰ ਪੁਲਿਸ ਵਾਲੇ ਸਾਨੂੰ ਕੇਸ ਛੱਡਣ ਲਈ ਕਈ ਪੇਸ਼ਕਸ਼ ਦਿੰਦੇ ਰਹੇ ਹਨ। ਮੈਂ ਮੌਕੇ ਦੀ ਗਵਾਹ ਸੀ, ਇਸ ਲਈ ਮੇਰੇ ਭਰਾਵਾਂ ਨੂੰ ਕਹਿੰਦੇ ਸਨ ਕਿ ਇਸ ਨੂੰ ਕਹੋ ਗਵਾਹੀ ਨਾ ਦੇਵੇ। ਸਾਨੂੰ ਲਾਲਚ ਦਿੰਦੇ ਰਹੇ ਕਿ ਅਸੀਂ ਇਸ ਨੂੰ ਨੌਕਰੀ ਲਵਾ ਦੇਵਾਂਗੇ, ਪੈਸੇ ਵੀ ਦੇਵਾਂਗੇ ਤੇ ਘਰ ਵੀ ਬਣਾ ਕੇ ਦੇਵਾਂਗੇ ਪਰ ਮੇਰੀ ਮਾਂ ਨੇ ਕਿਹਾ ਸਾਨੂੰ ਸਿਰਫ ਇਨਸਾਫ਼ ਚਾਹੀਦਾ।" ਹਰਬੰਸ ਕੌਰ ਦੱਸਦੇ ਹਨ ਕਿ ਜਦੋਂ ਉਨ੍ਹਾਂ ਦੇ ਭਰਾ ਦਾ ਐਨਕਾਊਂਟਰ ਕੀਤਾ ਗਿਆ, ਉਸ ਵੇਲੇ ਉਸ ਦੀ ਉਮਰ ਸਿਰਫ 19-20 ਸਾਲ ਦੀ ਸੀ। "ਉਹ ਸਭ ਤੋਂ ਛੋਟਾ ਸੀ ਤੇ ਸਭ ਦਾ ਲਾਡਲਾ ਸੀ। ਉਸ ਦੀ ਅੱਜ ਵੀ ਬਹੁਤ ਯਾਦ ਆਉਂਦੀ ਹੈ। ਸਾਨੂੰ ਅੱਜ ਤੱਕ ਨਹੀਂ ਪਤਾ ਲੱਗ ਸਕਿਆ ਮੇਰੇ ਭਰਾ ਨੇ ਕੀ ਗਲਤੀ ਕੀਤੀ ਸੀ।" ਹਰਬੰਸ ਕੌਰ ਦੱਸਦੇ ਹਨ ਕਿ ਇਸ ਕੇਸ ਵਿੱਚ ਸਰਬਜੀਤ ਵੇਰਕਾ ਨੇ ਉਨ੍ਹਾਂ ਦਾ ਬਹੁਤ ਸਾਥ ਦਿੱਤਾ ਹੈ।

ਮ੍ਰਿਤਕ ਜਗਜੀਤ ਸਿੰਘ ਮੱਖਣ ਦੇ ਵੱਡੇ ਭਰਾ ਹੀਰਾ ਸਿੰਘ ਨੇ ਵੀ ਪੱਤਰਕਾਰ ਰਵਿੰਦਰ ਸਿੰਘ ਰੋਬਿਨ ਨਾਲ ਗੱਲਬਾਤ ਕੀਤੀ ਹੈ।

ਉਹ ਕਹਿੰਦੇ ਹਨ, "ਜੇ ਸੀਬੀਆਈ ਨੇ ਮਦਦ ਨਾ ਕੀਤੀ ਹੁੰਦੀ ਅਤੇ ਸਰਬਜੀਤ ਵੇਰਕਾ ਨੇ ਉਨ੍ਹਾਂ ਦਾ ਸਾਥ ਨਾ ਦਿੱਤਾ ਹੁੰਦਾ ਤਾਂ ਸ਼ਾਇਦ ਉਨ੍ਹਾਂ ਨੂੰ ਕਦੇ ਇਨਸਾਫ਼ ਨਾਲ ਮਿਲਦਾ। ਉਨ੍ਹਾਂ ਕਿਹਾ ਕਿ ਪਿਛਲੇ 32 ਸਾਲ ਉਨ੍ਹਾਂ ਲਈ ਬਹੁਤ ਸੰਘਰਸ਼ਪੂਰਨ ਰਹੇ ਹਨ।" ਉਨ੍ਹਾਂ ਨੇ ਇਹ ਵੀ ਖੁਲਾਸਾ ਕੀਤਾ ਕਿ ਪੁਲਿਸ ਨੇ ਕੇਸ ਵਾਪਸ ਲੈਣ ਲਈ ਕਈ ਪੇਸ਼ਕਸ਼ ਕੀਤੀਆਂ ਸਨ, ਪਰ ਉਹ ਡਟੇ ਰਹੇ ਅਤੇ ਪਿੱਛੇ ਨਹੀਂ ਹਟੇ। ਉਨ੍ਹਾਂ ਕਿਹਾ, "ਗੁਰਬਚਨ ਸਿੰਘ ਨੇ ਆਪਣੀਆਂ ਫੀਤੀਆਂ ਲਗਾਉਣ ਖਾਤਰ ਕਈ ਵਾਰਦਾਤਾਂ ਨੂੰ ਅੰਜਾਮ ਦਿੱਤਾ। ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਸੀ।"

# ਭਾਰਤ ਸਰਕਾਰ ਆਪਣਾ ਹੱਠ ਛੱਡੇ

ਲਿਖਤ : ਸਤਨਾਮ ਸਿੰਘ ਮਾਣਕ



ਖਨੌਰੀ ਦੀ ਸਰਹੱਦ ’ਤੇ ਸੰਯੁਕਤ ਕਿਸਾਨ ਮੋਰਚਾ (ਗ਼ੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚੇ ਵਲੋਂ ਆਰੰਭੇ ਕਿਸਾਨ ਅੰਦੋਲਨ ਦੇ ਸੰਦਰਭ ਵਿਚ ਬਜ਼ੁਰਗ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵਲੋਂ ਰੱਖਿਆ ਗਿਆ ਮਰਨ ਵਰਤ ਜੋ ਕਿ ਤਕਰੀਬਨ 1 ਮਹੀਨੇ ਦੇ ਕਰੀਬ ਦਾਖਲ ਹੋਣ ਵਾਲਾ ਹੈ। ਡਾਕਟਰਾਂ ਅਨੁਸਾਰ ਉਨ੍ਹਾਂ ਦੀ ਸਿਹਤ ਬੇਹੱਦ ਖਰਾਬ ਹੁੰਦੀ ਜਾ ਰਹੀ ਹੈ। ਉਨ੍ਹਾਂ ਦੀ ਇਕ ਕਿਡਨੀ ਵੀ ਪ੍ਰਭਾਵਿਤ ਹੋ ਗਈ ਹੈ। ਇਸ ਦੇ ਬਾਵਜੂਦ ਉਹ ਕਿਸਾਨੀ ਮੰਗਾਂ ਲਈ ਆਪਣਾ ਵਰਤ ਜਾਰੀ ਰੱਖਣ ਲਈ ਦ੍ਰਿੜ੍ਹ ਸੰਕਲਪ ਹਨ। ਦੂਜੇ ਪਾਸੇ ਪੈਦਾ ਹੋਈ ਇਸ ਗੰਭੀਰ ਸਥਿਤੀ ਨੂੰ ਵੇਖਦਿਆਂ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਅਤੇ ਕੇਂਦਰੀ ਗ੍ਰਹਿ ਵਿਭਾਗ ਦੇ ਡਾਇਰੈਕਟਰ ਮਾਯੰਕ ਮਿਸ਼ਰਾ ਨੇ ਵੀ ਖਨੌਰੀ ਜਾ ਕੇ ਜਗਜੀਤ ਸਿੰਘ ਡੱਲੇਵਾਲ ਅਤੇ ਹੋਰ ਕਿਸਾਨ ਆਗੂਆਂ ਨਾਲ ਮੁਲਾਕਾਤ ਕਰਕੇ ਡੱਲੇਵਾਲ ਨੂੰ ਆਪਣਾ ਮਰਨ ਵਰਤ ਛੱਡਣ ਲਈ ਮਨਾਉਣ ਦਾ ਯਤਨ ਕੀਤਾ ਹੈ। ਪ੍ਰਸਿਧ ਕਿਸਾਨ ਆਗੂ ਰਕੇਸ਼ ਟਕੈਤ ਅਤੇ ਪੰਜਾਬ ਦੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਵੀ ਪਿਛਲੇ ਦਿਨੀਂ ਉਨ੍ਹਾਂ ਨਾਲ ਮੁਲਾਕਾਤ ਕੀਤੀ ਹੈ। ਪਰ ਜਗਜੀਤ ਸਿੰਘ ਡੱਲੇਵਾਲ ਨੇ ਕਿਸਾਨੀ ਮੰਗਾਂ ਪੂਰੀਆਂ ਹੋਣ ਤੋਂ ਬਿਨਾਂ ਆਪਣਾ ਵਰਤ ਸਮਾਪਤ ਕਰਨ ਤੋਂ ਨਾਂਹ ਕਰ ਦਿੱਤੀ ਹੈ। ਇਸ ਤੋਂ ਇਲਾਵਾ ਸ਼ੰਭੂ ਦੀ ਸਰਹੱਦ ਤੋਂ ਪਿਛਲੇ ਦਿਨਾਂ ਦੌਰਾਨ ਤਿੰਨ ਵਾਰ ਕਿਸਾਨਾਂ ਨੇ ਪੁਰਅਮਨ ਢੰਗ ਨਾਲ ਦਿੱਲੀ ਜਾਣ ਲਈ ਜਥਿਆਂ ਦੇ ਰੂਪ ਵਿਚ ਹਰਿਆਣੇ ਵਲ ਵਧਣ ਦੇ ਯਤਨ ਕੀਤੇ ਹਨ। ਪਰ ਹਰਿਆਣਾ ਪੁਲਿਸ ਵਲੋਂ ਅੱਥਰੂ ਗੈਸ ਦੇ ਗੋਲੇ ਛੱਡ ਕੇ ਅਤੇ ਰਬੜ ਦੀਆਂ ਗੋਲੀਆਂ ਚਲਾ ਕੇ ਕਿਸਾਨਾਂ ਨੂੰ ਅੱਗੇ ਵਧਣ ਤੋਂ ਵਾਰ-ਵਾਰ ਰੋਕਿਆ ਗਿਆ, ਜਿਸ ਕਾਰਨ ਅਨੇਕਾਂ ਕਿਸਾਨ ਗੰਭੀਰ ਰੂਪ ਵਿਚ ਜ਼ਖ਼ਮੀ ਵੀ ਹੋਏ ਹਨ। ਇਸ ਵਾਰ ਤਾਂ ਹਰਿਆਣਾ ਪੁਲਿਸ ਵਲੋਂ ਕਿਸਾਨਾਂ ‘ਤੇ ਘੱਗਰ ਦਾ ਰਸਾਇਣਾਂ ਯੁਕਤ ਗੰਦਾ ਪਾਣੀ ਵੀ ਸੁੱਟਿਆ ਗਿਆ। ਇਥੇ ਵਰਣਨਯੋਗ ਹੈ ਕਿ ਸੰਯੁਕਤ ਕਿਸਾਨ ਮੋਰਚਾ (ਗ਼ੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚੇ ਵਲੋਂ ਸਾਂਝੇ ਤੌਰ ‘ਤੇ ਪਿਛਲੇ 10 ਮਹੀਨਿਆਂ ਤੋਂ ਸ਼ੰਭੂ ਅਤੇ ਖਨੌਰੀ ਦੀਆਂ ਹਰਿਆਣੇ ਨਾਲ ਲਗਦੀਆਂ ਸਰਹੱਦਾਂ ‘ਤੇ ਖੇਤੀ ਜਿਣਸਾਂ ਦੇ ਸਵਾਮੀਨਾਥਨ ਕਮਿਸ਼ਨ ਦੇ ਸੀ2+50 ਫ਼ੀਸਦੀ ਮੁਨਾਫ਼ੇ ਦੇ ਫਾਰਮੂਲੇ ਮੁਤਾਬਿਕ ਸਮਰਥਨ ਮੁੱਲ ਹਾਸਿਲ ਕਰਨ ਅਤੇ ਹੋਰ 11 ਕਿਸਾਨੀ ਮੰਗਾਂ ਲਈ ਸੰਘਰਸ਼ ਆਰੰਭਿਆ ਹੋਇਆ ਹੈ। ਇਸ ਸੰਘਰਸ਼ ਦੀ ਸ਼ੁਰੂਆਤ ਇਸ ਸਾਲ 12 ਫਰਵਰੀ ਨੂੰ ਉਪਰੋਕਤ ਮੰਗਾਂ ਲਈ ‘ਦਿੱਲੀ ਚੱਲੋ’ ਦੇ ਨਾਅਰੇ ਨਾਲ ਹੋਈ ਸੀ। ਹਰਿਆਣਾ ਦੀ ਸਰਕਾਰ ਨੇ ਕੇਂਦਰੀ ਸਰਕਾਰ ਦੀ ਮਿਲੀ-ਭੁਗਤ ਨਾਲ ਕਿਸਾਨਾਂ ਨੂੰ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ‘ਤੇ ਹੀ ਰੋਕਣ ਦਾ ਸਖ਼ਤ ਫ਼ੈਸਲਾ ਲਿਆ ਅਤੇ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ‘ਤੇ ਹਰਿਆਣੇ ਵਾਲੇ ਪਾਸੇ ਸਖ਼ਤ ਨਾਕਾਬੰਦੀ ਕੀਤੀ ਗਈ ਅਤੇ ਪੰਜਾਬ ਤੋਂ ਦਿੱਲੀ ਨੂੰ ਜਾਣ ਵਾਲੇ ਰਸਤਿਆਂ ‘ਤੇ ਕੰਕਰੀਟ ਦੀਆਂ ਕੰਧਾਂ ਵੀ ਵੀ ਖੜ੍ਹੀਆਂ ਕਰ ਦਿੱਤੀਆਂ ਗਈਆਂ। ਕੰਡਿਆਲੀਆਂ ਤਾਰਾਂ ਤੇ ਲੋਹੇ ਦੀਆਂ ਕਿੱਲਾਂ ਸਮੇਤ ਹੋਰ ਵੀ ਕਈ ਤਰ੍ਹਾਂ ਦੀਆਂ ਰੋਕਾਂ ਲਗਾਈਆਂ ਗਈਆਂ। ਇਸ ਦੇ ਬਾਵਜੂਦ ਕਿਸਾਨਾਂ ਦੇ ਜਥਿਆਂ ਨੇ ਸ਼ੰਭੂ ਦੀ ਸਰਹੱਦ ਤੋਂ ਜਾਂ ਖਨੌਰੀ ਦੀ ਸਰਹੱਦ ਤੋਂ ਪਿਛਲੇ 10 ਮਹੀਨਿਆਂ ਵਿਚ ਜਦੋਂ ਵੀ ਹਰਿਆਣੇ ਵੱਲ ਵਧਣ ਦਾ ਯਤਨ ਕੀਤਾ ਤਾਂ ਉਨ੍ਹਾਂ ‘ਤੇ ਅੱਥਰੂ ਗੈਸ ਦੇ ਗੋਲੇ ਵਰ੍ਹਾਏ ਗਏ, ਰਬੜ ਦੀਆਂ ਗੋਲੀਆਂ ਚਲਾਈਆਂ ਗਈਆਂ ਤੇ ਪਾਣੀ ਦੀਆਂ ਬੁਛਾਰਾਂ ਵੀ ਮਾਰੀਆਂ ਗਈਆਂ। ਕਿਸਾਨ ਸੰਗਠਨਾਂ ਦਾ ਇਹ ਵੀ ਦੋਸ਼ ਹੈ ਕਿ 10 ਮਹੀਨੇ ਚੱਲੇ ਲੰਮੇ ਘਟਨਾਕ੍ਰਮ ਦੌਰਾਨ ਹਰਿਆਣੇ ਵਾਲੇ ਪਾਸੇ ਤੋਂ ਸੁਰੱਖਿਆ ਦਲਾਂ ਅਤੇ ਬਿਨਾਂ ਵਰਦੀਆਂ ਤੋਂ ਕੁਝ ਹੋਰ ਅਨਸਰਾਂ ਵਲੋਂ ਕਿਸਾਨਾਂ ‘ਤੇ ਥ੍ਰੀਨਟ-ਥ੍ਰੀ ਦੀਆਂ ਰਾਈਫ਼ਲਾਂ ਅਤੇ ਪਿਸਤੌਲਾਂ ਨਾਲ ਵੀ ਗੋਲੀਆਂ ਚਲਾਈਆਂ ਗਈਆਂ। ਇਸ ਕਾਰਨ ਹੀ ਇਕ ਕਿਸਾਨ ਦੀ ਮੌਤ ਹੋਈ ਸੀ। ਖਨੌਰੀ ਬਾਰਡਰ ‘ਤੇ ਤਾਂ ਹਰਿਆਣੇ ਦੇ ਸੁਰੱਖਿਆ ਦਲਾਂ ਨੇ ਪੰਜਾਬ ਦੇ ਖੇਤਰ ਵਿਚ ਦਾਖਲ ਹੋ ਕੇ ਕਿਸਾਨਾਂ ਦੇ ਵਾਹਨਾਂ ਦੀ ਭੰਨਤੋੜ ਵੀ ਕੀਤੀ ਸੀ ਅਤੇ ਕੁਝ ਕਿਸਾਨਾਂ ਨੂੰ ਪੁਲਿਸ ਚੁੱਕ ਕੇ ਵੀ ਲੈ ਗਈ ਸੀ ਤੇ ਉਨ੍ਹਾਂ ‘ਤੇ ਤਸ਼ੱਦਦ ਕੀਤਾ ਗਿਆ ਸੀ। ਇਸ ਦੌਰਾਨ ਕੇਂਦਰ ਸਰਕਾਰ ਲੰਮਾ ਸਮਾਂ ਖਾਮੋਸ਼ ਰਹੀ। ਪਰ ਲੋਕ ਸਭਾ ਦੀਆਂ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਚੰਡੀਗੜ੍ਹ ਵਿਚ ਕੇਂਦਰ ਸਰਕਾਰ ਦੇ ਕੁਝ ਮੰਤਰੀਆਂ ਵਲੋਂ ਅੰਦੋਲਨਕਾਰੀ ਕਿਸਾਨਾਂ ਨਾਲ ਕਈ ਦੌਰਾਂ ਵਿਚ ਗੱਲਬਾਤ ਕੀਤੀ ਗਈ ਪਰ ਕੋਈ ਸਹਿਮਤੀ ਨਾ ਬਣ ਸਕੀ। ਦੂਜੇ ਪਾਸੇ ਕਿਸਾਨ ਆਪਣੀਆਂ ਮੰਗਾਂ ਲਈ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ‘ਤੇ ਡਟੇ ਰਹੇ। ਲੋਕ ਸਭਾ ਦੀਆਂ ਚੋਣਾਂ ਹੋਈਆਂ ਨੂੰ ਵੀ ਹੁਣ ਕਈ ਮਹੀਨੇ ਗੁਜ਼ਰ ਚੁੱਕੇ ਹਨ, ਇਸ ਦੇ ਬਾਵਜੂਦ ਕੇਂਦਰ ਸਰਕਾਰ ਵਲੋਂ ਕਿਸਾਨਾਂ ਨਾਲ ਮੁੜ ਤੋਂ ਗੱਲਬਾਤ ਸ਼ੁਰੂ ਕਰਨ ਲਈ ਨਵੇਂ ਸਿਰਿਓਂ ਕੋਈ ਪਹਿਲ ਨਹੀਂ ਕੀਤੀ ਗਈ। ਕਿਸਾਨੀ ਮੰਗਾਂ ਅਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਦਾ ਮੁੱਦਾ ਸੁਪਰੀਮ ਕੋਰਟ ਵਿਚ ਵੀ ਵੱਖ-ਵੱਖ ਪੁਟੀਸ਼ਨਾਂ ਦੇ ਹਵਾਲੇ ਨਾਲ ਚਰਚਾ ਵਿਚ ਆਇਆ ਹੈ। ਸੁਪਰੀਮ ਕੋਰਟ ਨੇ ਕਿਸਾਨੀ ਮੰਗਾਂ ‘ਤੇ ਵਿਚਾਰ ਕਰਨ ਤੇ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ‘ਤੇ ਕਿਸਾਨਾਂ ਵਲੋਂ ਨਿਰੰਤਰ ਧਰਨੇ ਲਾਏ ਜਾਣ ਸੰਬੰਧੀ ਦਾਖ਼ਲ ਹੋਈਆਂ ਕਈ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਕੁਝ ਮਹੀਨੇ ਪਹਿਲਾਂ ਕਿਸਾਨੀ ਮੰਗਾਂ ‘ਤੇ ਵਿਚਾਰ ਕਰਕੇ ਉਨ੍ਹਾਂ ਦਾ ਕੋਈ ਹੱਲ ਕੱਢਣ ਲਈ ਅਤੇ ਕਿਸਾਨਾਂ ਤੋਂ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ਖਾਲੀ ਕਰਵਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਸੀ। ਸੁਪਰੀਮ ਕੋਰਟ ਵਲੋਂ ਬਣਾਈ ਗਈ ਕਮੇਟੀ ਕਿਸਾਨੀ ਮੰਗਾਂ ਬਾਰੇ ਇਸ ਸਮੇਂ ਵੀ ਵਿਚਾਰ ਕਰ ਰਹੀ ਹੈ, ਜੋ ਕਿ ਚੰਗੀ ਗੱਲ ਹੈ। ਪਰ ਸੁਪਰੀਮ ਕੋਰਟ ਨੇ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ‘ਤੇ ਕਿਸਾਨਾਂ ਵਲੋਂ ਲਗਾਏ ਪੱਕੇ ਧਰਨਿਆਂ ਅਤੇ ਦੂਜੇ ਪਾਸੇ ਹਰਿਆਣੇ ਦੀ ਸਰਹੱਦ ਅੰਦਰ ਸੁਰੱਖਿਆ ਦਲਾਂ ਵਲੋਂ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ‘ਤੇ ਲਗਾਈਆਂ ਗਈਆਂ ਪੱਕੀਆਂ ਰੋਕਾਂ ਕਾਰਨ ਪਿਛਲੇ 10 ਮਹੀਨਿਆਂ ਤੋਂ ਹਰਿਆਣੇ ਅਤੇ ਪੰਜਾਬ ਦਰਮਿਆਨ ਜੋ ਸੜਕੀ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ, ਉਸ ਸੰਬੰਧੀ ਅਜੇ ਤੱਕ ਵੀ ਕੋਈ ਸਪੱਸ਼ਟ ਫ਼ੈਸਲਾ ਨਹੀਂ ਲਿਆ। ਪਿਛਲੇ 10 ਮਹੀਨਿਆਂ ਤੋਂ ਪੰਜਾਬ ਤੋਂ ਹਰਿਆਣੇ ਜਾਂ ਹਰਿਆਣੇ ਤੋਂ ਪੰਜਾਬ ਆਉਣ ਵਾਲੇ ਲੋਕਾਂ ਨੂੰ ਬੇਹੱਦ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਮ ਲੋਕ ਛੋਟੇ-ਮੋਟੇ ਰਸਤਿਆਂ ਰਾਹੀਂ ਪੰਜਾਬ ਤੋਂ ਹਰਿਆਣੇ ਜਾਂਦੇ ਹਨ ਅਤੇ ਹਰਿਆਣੇ ਤੋਂ ਛੋਟੇ-ਮੋਟੇ ਰਸਤਿਆਂ ਰਾਹੀਂ ਹੀ ਪੰਜਾਬ ਆਉਂਦੇ ਹਨ। ਪੰਜਾਬ ਤੋਂ ਹਿਮਾਚਲ ਅਤੇ ਜੰਮੂ-ਕਸ਼ਮੀਰ ਜਾਣ ਵਾਲੇ ਲੋਕਾਂ ਨੂੰ ਵੀ ਇਹੋ ਜਿਹੀਆਂ ਹੀ ਮੁਸ਼ਕਿਲਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਪੰਜਾਬ ਦੇ ਸਨਅਤਕਾਰਾਂ ਅਤੇ ਵਪਾਰੀਆਂ ਨੂੰ ਆਪਣਾ ਮਾਲ ਬਾਹਰ ਭੇਜਣ ਜਾਂ ਦਿੱਲੀ ਜਾਂ ਹਰਿਆਣੇ ਤੋਂ ਮਾਲ ਮੰਗਵਾਉਣ ਲਈ ਵੀ ਵੱਡੀਆਂ ਔਕੜਾਂ ਆਉਂਦੀਆਂ ਹਨ, ਕਿਉਂਕਿ ਛੋਟੀਆਂ ਤੇ ਟੇਢੀਆਂ-ਮੇਢੀਆਂ ਸੜਕਾਂ ‘ਤੇ ਵੱਡੇ ਵਾਹਨ ਨਹੀਂ ਚੱਲ ਸਕਦੇ। ਅਜਿਹੀਆਂ ਸੜਕਾਂ ‘ਤੇ ਵੱਡੇ ਵਾਹਨ ਜਦੋਂ ਫਸ ਜਾਂਦੇ ਹਨ ਤਾਂ ਛੋਟੇ ਵਾਹਨਾਂ ਦੀ ਆਵਾਜਾਈ ਵੀ ਠੱਪ ਹੋ ਜਾਂਦੀ ਹੈ। ਪੰਜਾਬ ਅਤੇ ਹਰਿਆਣਾ ਦੇ ਸਰਹੱਦੀ ਪਿੰਡ ਜਿਨ੍ਹਾਂ ਦੀਆਂ ਛੋਟੀਆਂ-ਮੋਟੀਆਂ ਸੜਕਾਂ ਤੋਂ ਆਵਾਜਾਈ ਹੋ ਰਹੀ ਹੈ, ਉਹ ਵੀ ਬੇਹੱਦ ਤੰਗ ਆਏ ਹੋਏ ਹਨ। ਇਸ ਦੇ ਬਾਵਜੂਦ ਨਾ ਤਾਂ ਕੇਂਦਰ ਸਰਕਾਰ ਲੋਕਾਂ ਦੀਆਂ ਮੁਸ਼ਕਿਲਾਂ ਪ੍ਰਤੀ ਟੱਸ ਤੋਂ ਮੱਸ ਹੋਈ ਹੈ, ਨਾ ਹੀ ਸੁਪਰੀਮ ਕੋਰਟ ਨੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਲਿਆ ਹੈ। ਅਸੀਂ ਸਮਝਦੇ ਹਾਂ ਕਿ ਸੁਪਰੀਮ ਕੋਰਟ ਨੇ ਕਿਸਾਨੀ ਮੰਗਾਂ ਦਾ ਹੱਲ ਲੱਭਣ ਦੇ ਮੁੱਦੇ ਨੂੰ ਅਤੇ ਪੰਜਾਬ ਤੇ ਹਰਿਆਣੇ ਦਰਮਿਆਨ ਰੁਕੀ ਹੋਈ ਆਵਾਜਾਈ ਨੂੰ ਰਲਗਡ ਕਰਕੇ ਸਹੀ ਪਹੁੰਚ ਅਖ਼ਤਿਆਰ ਨਹੀਂ ਕੀਤੀ। ਦੇਸ਼ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਨੂੰ ਪੰਜਾਬ ਅਤੇ ਹਰਿਆਣੇ ਦਰਮਿਆਨ ਆਵਾਜਾਈ ਬਹਾਲ ਕਰਵਾਉਣ ਨੂੰ ਤਰਜੀਹੀ ਆਧਾਰ ‘ਤੇ ਲੈਣਾ ਚਾਹੀਦਾ ਸੀ। ਸੁਪਰੀਮ ਕੋਰਟ ਨੂੰ ਬਿਨਾਂ ਦੇਰੀ ਸਪੱਸ਼ਟ ਰੂਪ ਵਿਚ ਆਦੇਸ਼ ਦੇਣੇ ਚਾਹੀਦੇ ਸਨ ਕਿ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ‘ਤੇ ਹਰਿਆਣੇ ਦੇ ਸੁਰੱਖਿਆ ਦਲਾਂ ਵਲੋਂ ਜੋ ਕੰਕਰੀਟ ਦੀਆਂ ਰੋਕਾਂ ਖੜ੍ਹੀਆਂ ਕੀਤੀਆਂ ਗਈਆਂ ਹਨ ਜਾਂ ਕੰਡਿਆਲੀਆਂ ਤਾਰਾਂ ਲਗਾਈਆਂ ਗਈਆਂ ਹਨ, ਉਨ੍ਹਾਂ ਨੂੰ ਤੁਰੰਤ ਹਟਾਇਆ ਜਾਵੇ ਅਤੇ ਕਿਸਾਨਾਂ ਨੂੰ ਪੁਰਅਮਨ ਢੰਗ ਨਾਲ ਰੋਸ ਪ੍ਰਗਟ ਕਰਨ ਲਈ ਦੇਸ਼ ਦੀ ਰਾਜਧਾਨੀ ਦਿੱਲੀ ਆਉਣ ਦਿੱਤਾ ਜਾਵੇ। ਕਿਸਾਨ ਸੰਗਠਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ‘ਤੇ ਪੱਕੇ ਧਰਨੇ ਲਗਾ ਕੇ ਆਵਾਜਾਈ ਵਿਚ ਕਿਸੇ ਵੀ ਤਰ੍ਹਾਂ ਦਾ ਵਿਘਨ ਨਾ ਪਾਉਣ। ਕਿਸਾਨਾਂ ਦੀ ਇਸ ਦਲੀਲ ‘ਤੇ ਵੀ ਗੰਭੀਰਤਾ ਨਾਲ ਵਿਚਾਰ ਹੋਣੀ ਚਾਹੀਦੀ ਸੀ ਕਿ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ‘ਤੇ ਉਨ੍ਹਾਂ ਨੇ ਸੜਕਾਂ ਨਹੀਂ ਸਨ ਰੋਕੀਆਂ। ਉਹ ਤਾਂ ਕਿਸਾਨੀ ਮੰਗਾਂ ਦੇ ਹੱਕ ਵਿਚ ਅੰਦੋਲਨ ਕਰਨ ਲਈ ਦੇਸ਼ ਦੀ ਰਾਜਧਾਨੀ ਦਿੱਲੀ ਜਾਣਾ ਚਾਹੁੰਦੇ ਸਨ। ਪਰ ਹਰਿਆਣੇ ਦੇ ਸੁਰੱਖਿਆ ਦਲਾਂ ਨੇ ਹੀ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ਰੋਕ ਕੇ ਉਨ੍ਹਾਂ ਨੂੰ ਇਥੇ ਬੈਠਣ ਲਈ ਮਜਬੂਰ ਕੀਤਾ ਹੈ। ਸਾਡਾ ਇਹ ਮੰਨਣਾ ਹੈ ਕਿ ਜੇਕਰ ਹਰਿਆਣਾ ਸਰਕਾਰ ਅਤੇ ਕੇਂਦਰ ਸਰਕਾਰ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਨਾ ਰੋਕਦੀ ਤਾਂ ਕਿਸਾਨਾਂ ਨੇ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ‘ਤੇ ਪੱਕੇ ਧਰਨੇ ਲਗਾ ਕੇ ਨਹੀਂ ਸੀ ਬੈਠਣਾ ਅਤੇ ਨਾ ਹੀ ਪੰਜਾਬ ਅਤੇ ਹਰਿਆਣਾ ਦਰਮਿਆਨ ਸੜਕੀ ਆਵਾਜਾਈ ਠੱਪ ਹੋਣੀ ਸੀ। ਅੱਗੇ ਜੇਕਰ ਕਿਸਾਨ ਦਿੱਲੀ ਪਹੁੰਚ ਕੇ ਆਵਾਜਾਈ ਵਿਚ ਕੋਈ ਵਿਘਨ ਪਾਉਂਦੇ ਜਾਂ ਜਨਜੀਵਨ ਲਈ ਕੋਈ ਹੋਰ ਮੁਸ਼ਕਿਲ ਖੜ੍ਹੀ ਕਰਦੇ ਤਾਂ ਕੇਂਦਰ ਸਰਕਾਰ ਪੈਦਾ ਹੋਈ ਸਥਿਤੀ ਮੁਤਾਬਿਕ ਆਪਣੀ ਕਾਰਵਾਈ ਕਰ ਸਕਦੀ ਸੀ। ਜੇ ਉਹ ਚਾਹੁੰਦੀ ਤਾਂ ਉਹ ਪੁਰਅਮਨ ਢੰਗ ਨਾਲ ਰੋਸ ਪ੍ਰਗਟ ਕਰਨ ਲਈ ਕਿਸਾਨਾਂ ਨੂੰ ਜੰਤਰ ਮੰਤਰ ‘ਤੇ ਜਾਂ ਰਾਮ ਲੀਲ੍ਹਾ ਗਰਾਊਂਡ ਵਿਚ ਥਾਂ ਦੇ ਸਕਦੀ ਸੀ। ਜੇ ਉਹ ਅਜਿਹੀ ਇਜਾਜ਼ਤ ਨਾ ਦੇਣਾ ਚਾਹੁੰਦੀ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਸਕਦੀ ਸੀ। ਪਰ ਹਰਿਆਣਾ ਅਤੇ ਕੇਂਦਰ ਦੀ ਸਰਕਾਰ ਨੂੰ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ‘ਤੇ ਪੱਕੀਆਂ ਕੰਕਰੀਟ ਦੀਆਂ ਰੋਕਾਂ ਖੜ੍ਹੀਆਂ ਕਰਕੇ ਸੜਕਾਂ ਨੂੰ ਰੋਕਣ ਦਾ ਨਾ ਤਾਂ ਕੋਈ ਸੰਵਿਧਾਨਕ ਜਾਂ ਕਾਨੂੰਨੀ ਹੱਕ ਪਹਿਲਾਂ ਸੀ ਨਾ ਹੀ ਅੱਜ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਹਿਲਾਂ ਇਸ ਸੰਬੰਧੀ ਬਿਲਕੁਲ ਸਹੀ ਫ਼ੈਸਲਾ ਦਿੱਤਾ ਸੀ ਕਿ ਹਰਿਆਣਾ ਦੇ ਸੁਰੱਖਿਆ ਦਲ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ਨੂੰ ਖਾਲੀ ਕਰਨ ਅਤੇ ਕਿਸਾਨਾਂ ਨੂੰ ਦਿੱਲੀ ਜਾਣ ਦੇਣ। ਪਰ ਇਹ ਹੈਰਾਨੀ ਵਾਲੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਇਸ ਸੰਬੰਧੀ ਤਰਜੀਹੀ ਆਧਾਰ ‘ਤੇ ਰਸਤੇ ਖੋਲ੍ਹਣ ਦੇ ਆਦੇਸ਼ ਦੇਣ ਦੀ ਥਾਂ ਇਸ ਮੁੱਦੇ ਨੂੰ ਕਿਸਾਨੀ ਮੰਗਾਂ ਨਾਲ ਰਲਗੱਡ ਕਰਕੇ ਇਕ ਤਰ੍ਹਾਂ ਨਾਲ ਅਣਮਿੱਥੇ ਸਮੇਂ ਲਈ ਇਹ ਗੰਭੀਰ ਮਾਮਲਾ ਖਟਾਈ ਵਿਚ ਪਾ ਦਿੱਤਾ। ਆਜ਼ਾਦ ਭਾਰਤ ਵਿਚ ਅਜਿਹਾ ਕਦੇ ਵੀ ਨਹੀਂ ਹੋਇਆ ਕਿ ਇਕ ਰਾਜ ਨੇ ਦੂਜੇ ਰਾਜ ਦਾ 10 ਮਹੀਨਿਆਂ ਲਈ ਰਸਤਾ ਰੋਕਿਆ ਹੋਵੇ, ਉਹ ਵੀ ਦੇਸ਼ ਦੀ ਰਾਜਧਾਨੀ ਦਿੱਲੀ ਜਾਣ ਦਾ ਰਸਤਾ। ਇਹ ਜਮਹੂਰੀਅਤ ਦਾ ਅਤੇ ਲੋਕਾਂ ਦੇ ਹੱਕਾਂ ਦਾ ਮਜ਼ਾਕ ਉਡਾਉਣ ਵਾਲੀ ਗੱਲ ਹੈ। ਜੇਕਰ ਅਜਿਹਾ ਨਾ ਹੁੰਦਾ ਤਾਂ ਹੁਣ ਜੋ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਰੱਖਣ ਕਾਰਨ ਸਥਿਤੀ ਪੈਦਾ ਹੋਈ ਹੈ, ਇਹ ਵੀ ਪੈਦਾ ਨਹੀਂ ਸੀ ਹੋਣੀ। ਵਰਤਮਾਨ ਸਥਿਤੀ ਦੇ ਸੰਦਰਭ ਵਿਚ ਸਾਡੀ ਬੜੀ ਸਪੱਸ਼ਟ ਰਾਏ ਹੈ ਕਿ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ ਤੋਂ ਸੁਰੱਖਿਆ ਦਲ ਤੁਰੰਤ ਹਟਾਏ ਜਾਣ। ਕੰਕਰੀਟ ਦੀਆਂ ਰੋਕਾਂ ਖ਼ਤਮ ਕੀਤੀਆਂ ਜਾਣ। ਪੰਜਾਬ ਅਤੇ ਹਰਿਆਣਾ ਦਰਮਿਆਨ ਸੜਕੀ ਆਵਾਜਾਈ ਨੂੰ ਆਮ ਵਾਂਗ ਬਹਾਲ ਕੀਤਾ ਜਾਵੇ। ਕਿਸਾਨੀ ਮੰਗਾਂ ਦੇ ਹੱਲ ਲਈ ਕੇਂਦਰ ਸਰਕਾਰ ਤਰਜੀਹੀ ਆਧਾਰ ‘ਤੇ ਕਿਸਾਨ ਸੰਗਠਨਾਂ ਨਾਲ ਗੱਲਬਾਤ ਕਰਕੇ ਇਸ ਦਾ ਕੋਈ ਸੁਚੱਜਾ ਤੇ ਸੁਖਾਵਾਂ ਹੱਲ ਕੱਢੇ। ਜੇਕਰ ਕੇਂਦਰ ਸਰਕਾਰ ਪਹਿਲਾਂ ਦੀ ਤਰ੍ਹਾਂ ਕਿਸਾਨ ਸੰਗਠਨਾਂ ਨਾਲ ਗੱਲਬਾਤ ਨਾ ਕਰਨ ਦੀ ਆਪਣੀ ਜ਼ਿੱਦ ‘ਤੇ ਕਾਇਮ ਰਹਿੰਦੀ ਹੈ ਅਤੇ ਇਸ ਕਾਰਨ ਬਦਕਿਸਮਤੀ ਨਾਲ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਲਈ ਕੋਈ ਵੱਡਾ ਜ਼ੋਖਮ ਪੈਦਾ ਹੁੰਦਾ ਹੈ, ਤਾਂ ਇਸ ਤੋਂ ਨਿਕਲਣ ਵਾਲੇ ਸਿੱਟਿਆਂ ਲਈ ਮੁੱਖ ਤੌਰ ‘ਤੇ ਕੇਂਦਰ ਸਰਕਾਰ ਅਤੇ ਹਰਿਆਣੇ ਦੀਆਂ ਸਰਕਾਰਾਂ ਹੀ ਜ਼ਿੰਮੇਵਾਰ ਹੋਣਗੀਆਂ। ਦੂਜੇ ਪਾਸੇ ਅਸੀਂ ਅੰਦੋਲਨਕਾਰੀ ਸੰਗਠਨਾਂ ਨੂੰ ਵੀ ਇਹ ਰਾਏ ਦੇਣਾ ਚਾਹਾਂਗੇ ਕਿ ਉਹ ਆਪਸੀ ਏਕਤਾ ਨੂੰ ਮਜ਼ਬੂਤ ਕਰਨ ਅਤੇ ਅਨੁਸ਼ਾਸਨ ਵਿਚ ਰਹਿ ਕੇ ਪੁਰਅਮਨ ਢੰਗ ਨਾਲ ਹੀ ਆਪਣੀਆਂ ਮੰਗਾਂ ਲਈ ਅੰਦੋਲਨ ਕਰਨ। ਆਪਣੇ ਅੰਦੋਲਨ ਰਾਹੀਂ ਕਿਸੇ ਵੀ ਰੂਪ ਵਿਚ ਉਹ ਆਮ ਜਨਜੀਵਨ ਅਤੇ ਸੜਕੀ ਆਵਾਜਾਈ ਨੂੰ ਵਾਰ-ਵਾਰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਾ ਕਰਨ। ਕਿਉਂਕਿ ਪਿਛਲੇ ਕਈ ਸਾਲਾਂ ਤੋਂ ਵੱਖ-ਵੱਖ ਕਿਸਾਨੀ ਮੰਗਾਂ ਲਈ ਜੋ ਕਿਸਾਨਾਂ ਵਲੋਂ ਵਾਰ-ਵਾਰ ਰੇਲ ਅਤੇ ਸੜਕ ਆਵਾਜਾਈ ਨੂੰ ਰੋਕਿਆ ਗਿਆ ਹੈ, ਉਸ ਨਾਲ ਵੀ ਪੰਜਾਬ ਦੇ ਸਨਅਤਕਾਰਾਂ, ਵਪਾਰੀਆਂ ਅਤੇ ਆਮ ਲੋਕਾਂ ਦਾ ਵੱਡਾ ਨੁਕਸਾਨ ਹੋਇਆ ਹੈ। ਆਸ ਕਰਦੇ ਹਾਂ ਕਿ ਸਾਰੀਆਂ ਸੰਬੰਧਿਤ ਧਿਰਾਂ ਜ਼ਿੰਮੇਵਾਰੀ ਤੋਂ ਕੰਮ ਲੈਂਦੀਆਂ ਹੋਈਆਂ ਪੈਦਾ ਹੋਈ, ਇਸ ਗੰਭੀਰ ਸਥਿਤੀ ਦਾ ਕੋਈ ਬਿਹਤਰ ਹੱਲ ਕੱਢਣ ਲਈ ਆਪੋ-ਆਪਣਾ ਉਸਾਰੂ ਯੋਗਦਾਨ ਪਾਉਣਗੀਆਂ।

## ਪਿਛਲੇ ਸਫ਼ੇ ਦਾ ਬਾਕੀ

ਤੱਥਾਂ ਅਨੁਸਾਰ ਭਾਰਤ ਵਿਚ ਪੈਗਾਸਸ ਦਾ ਇਸਤੇਮਾਲ 2017 ’ਚ ਨਰਿੰਦਰ ਮੋਦੀ ਦੀ ਇਜ਼ਰਾਇਲ ਫੇਰੀ ਅਤੇ ਇਜ਼ਰਾਇਲੀ ਦੇ ਤੱਤਕਾਲੀ ਰਾਸ਼ਟਰਪਤੀ ਬੈਂਜਾਮਿਨ ਨੇਤਨਯਾਹੂ ਨਾਲ ਲੰਮੀ ਮੁਲਾਕਾਤ ਤੋਂ ਬਾਦ ਸ਼ੁਰੂ ਹੋਇਆ। ਉੱਘੇ ਵਕੀਲ ਪ੍ਰਸ਼ਾਂਤ ਭੂਸ਼ਨ ਵੱਲੋਂ ਕੀਤੇ ਖ਼ੁਲਾਸੇ ਅਨੁਸਾਰ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਬਜਟ ਜੋ 2016-17 ’ਚ 33 ਕਰੋੜ ਰੁਪਏ ਸੀ ਉਹ 2017-18 ’ਚ ਦਸ ਗੁਣਾਂ ਵਧਾ ਕੇ 333 ਕਰੋੜ ਰੁਪਏ ਕੀਤਾ ਗਿਆ ਜਿਸ ਦਾ ਦੋ-ਤਿਹਾਈ ਹਿੱਸਾ ਸਾਈਬਰ ਸਕਿਊਰਿਟੀ ਰਿਸਰਚ ਲਈ ਸੀ। ਇਹ ਉਹੀ ਵਕਤ ਹੈ ਜਦੋਂ 100 ਕਰੋੜ ਰੁਪਏ ਪੈਗਾਸਸ ਖ਼ਰੀਦਣ ਉੱਪਰ ਖ਼ਰਚੇ ਗਏ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਖ਼ੁਲਾਸਾ ਕੀਤਾ ਸੀ ਕਿ ਚਾਰ-ਪੰਜ ਸਾਲ ਪਹਿਲਾਂ ਉਸ ਨੂੰ ਰਾਜ ਦੀ ਪੁਲਿਸ ਲਈ 25 ਕਰੋੜ ਰੁਪਏ ’ਚ ਪੈਗਾਸਸ ਮੁਹੱਈਆ ਕਰਨ ਦੀ ਪੇਸ਼ਕਸ਼ ਕੀਤੀ ਗਈ ਸੀ। ਆਂਧਰਾ ਪ੍ਰਦੇਸ਼ ’ਚ ਵੀ ਪੈਗਾਸਸ ਦੀ ਵਰਤੋਂ ਵਾਈ ਐੱਸ ਆਰ ਕਾਂਗਰਸ ਪਾਰਟੀ ਅਤੇ ਤੇਲਗੂ ਦੇਸਮ ਪਾਰਟੀ ਦਰਮਿਆਨ ਰਾਜਨੀਤਕ ਮੁੱਦਾ ਬਣੀ ਹੋਈ ਹੈ। 2022 ’ਚ ਤਤਕਾਲੀ ਸਰਕਾਰ ਨੇ ਇਹ ਜਾਂਚ ਕਰਾਉਣ ਲਈ ਵਿਧਾਨਸਭਾ ’ਚ ਮਤਾ ਪਾਸ ਕੀਤਾ ਕਿ ਕੀ ਚੰਦਰਬਾਬੂ ਨਾਇਡੂ ਵੱਲੋਂ ਆਪਣੇ ਰਾਜਨੀਤਕ ਸ਼ਰੀਕਾਂ ਦੀ ਜਾਸੂਸੀ ਲਈ ਪੈਗਾਸਸ ਖ਼ਰੀਦਿਆ ਗਿਆ ਸੀ? 2024 ’ਚ ਚੰਦਰਬਾਬੂ ਦੀ ਸਰਕਾਰ ਬਣੀ ਤਾਂ ਉਸਨੇ ਡੀਜੀਪੀ ਤੋਂ ਰਿਪੋਰਟ ਮੰਗ ਲਈ ਕਿ ਕੀ ਜਗਨ ਮੋਹਨ ਰੈੱਡੀ ਦੀ ਸਰਕਾਰ ਨੇ ਉਸਦੇ ਅਤੇ ਉਸਦੇ ਪੁੱਤਰ ਦੇ ਫ਼ੋਨਾਂ ਦੀ ਜਾਸੂਸੀ ਲਈ ਪੈਗਾਸਸ ਵਰਤਿਆ ਸੀ ਜਾਂ ਨਹੀਂ। ਇਹ ਵੀ ਭਾਰਤ ਸਰਕਾਰ ਦੀ ਮਨਜ਼ੂਰੀ ਨਾਲ ਪੈਗਾਸਸ ਵਰਤਣ ਦੇ ਸੰਕੇਤ ਹਨ। ਮਨੁੱਖਤਾ ਵਿਰੋਧੀ ਇਸ ਮਹਾਂ-ਜੁਰਮ ਲਈ ਸਿਰਫ਼ ਇਜ਼ਰਾਇਲੀ ਕੰਪਨੀ ਜ਼ਿੰਮੇਵਾਰ ਨਹੀਂ ਹੈ, ਅਸਲ ਜ਼ਿੰਮੇਵਾਰ ਇਜ਼ਰਾਇਲੀ ਸਟੇਟ ਅਤੇ ਇਸ ਦਾ ਸਰਪ੍ਰਸਤ ਅਮਰੀਕਾ ਹੈ ਜਿਸ ਦੀ ਮਨਜ਼ੂਰੀ ਤੋਂ ਬਿਨਾਂ ਸਾਫ਼ਟਵੇਅਰ ਵੇਚਣਾ ਸੰਭਵ ਹੀ ਨਹੀਂ ਹੈ। ਅਮਰੀਕਾ ਦੇ ਫ਼ੋਨ ਨੈੱਟਵਰਕ ਇਸ ਸਾਫ਼ਟਵੇਅਰ ਦੀ ਮਾਰ ਤੋਂ ਬਾਹਰ ਰੱਖੇ ਗਏ ਹਨ। ਇਸ ਕਰਕੇ ਇਸ ਦਾ ਅਸਲ ਯੋਜਨਾਘਾੜਾ ਅਮਰੀਕਨ-ਇਜ਼ਰਾਇਲੀ ਗੱਠਜੋੜ ਹੈ ਅਤੇ ਪੈਗਾਸਸ ਦੀ ਵਰਤੋਂ ਉਨ੍ਹਾਂ ਮੁਲਕਾਂ ’ਚ ਸਾਹਮਣੇ ਆਈ ਹੈ ਜਿੱਥੇ ਅਮਰੀਕਾ-ਇਜ਼ਰਾਇਲ ਗੱਠਜੋੜ ਦੇ ਭੂਗੋਲਿਕ-ਰਾਜਨੀਤਕ ਹਿਤ ਹਨ। ਇਸ ਲਈ ਜਾਸੂਸੀ ਉੱਪਰ ਅਮਰੀਕਨ ਹੁਕਮਰਾਨਾਂ ਦੀ ਖੇਖਣਹਾਰ ਚਿੰਤਾ ਨਿਰਾ ਢੌਂਗ ਹੈ। ਇਹ ਵਿਵਾਦ ਖੜ੍ਹਾ ਹੋਣ ’ਤੇ 2021 ’ਚ ਬਾਇਡਨ ਸਰਕਾਰ ਨੇ ਐੱਨ ਐੱਸ ਓ ਨੂੰ ਕਾਲੀ ਸੂਚੀ ਵਿਚ ਪਾ ਦਿੱਤਾ ਸੀ ਅਤੇ ਅਮਰੀਕਾ ਦੀਆਂ ਸਰਕਾਰੀ ਏਜੰਸੀਆਂ ਨੂੰ ਇਸ ਦਾ ਸਮਾਨ ਖ਼ਰੀਦਣ ਦੀ ਮਨਾਹੀ ਕਰ ਦਿੱਤੀ ਸੀ। ਇਹ ਨਹੀਂ ਕਿਹਾ ਜਾ ਸਕਦਾ ਕਿ ਬਾਇਡਨ ਪ੍ਰਸ਼ਾਸਨ ਨਾਗਰਿਕਤਾ ਦੀ ਨਿੱਜਤਾ ਲਈ ਗੰਭੀਰ ਸੀ। ਇਸ ਦਾ ਕਾਰਨ ਭਰੋਸੇਯੋਗਤਾ ਬਣਾਈ ਰੱਖਣ ਦੀ ਜ਼ਰੂਰਤ ਵੀ ਹੋ ਸਕਦਾ ਹੈ ਅਤੇ ਇਜ਼ਰਾਇਲ ਤੋਂ ਛੋਟਾਂ ਲੈਣ ਲਈ ਉਸ ਉੱਪਰ ਦਬਾਅ ਪਾਉਣਾ ਵੀ। ਪੈਗਾਸਸ ਸਾਫ਼ਟਵੇਅਰ ਰਾਹੀਂ ਡਿਜੀਟਲ ਜਾਸੂਸੀ ਦੇ ਵਾਰ-ਵਾਰ ਖ਼ੁਲਾਸੇ ਦੁਨੀਆ ਲਈ ਗੰਭੀਰ ਚੇਤਾਵਨੀ ਹਨ ਕਿ ਨਾਗਰਿਕਾਂ ਦੀ ਨਿੱਜਤਾ ਅਤਿਅੰਤ ਖ਼ਤਰਨਾਕ ਹਮਲੇ ਦੀ ਮਾਰ ਹੇਠ ਹੈ। ਨਿੱਜਤਾ ’ਚ ਇਹ ਸੰਨ੍ਹ ਸਟੇਟ ਵੱਲੋਂ ਹੋਣ ਕਾਰਨ ਇਸ ਦਾ ਦਾਇਰਾ ਅਤਿਅੰਤ ਵਸੀਹ ਹੈ। ਵੱਟਸਐਪ, ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਐਪਸ ਦੇ ਵਰਤੋਂਕਾਰਾਂ ਦੀ ਨਿੱਜੀ ਜਾਣਕਾਰੀ ਨੂੰ ਬਿਨਾਂ ਦੱਸੇ ਕਿੱਥੇ ਅਤੇ ਕਿਵੇਂ ਇਸਤੇਮਾਲ ਕਰਨਾ ਹੈ, ਇਹ ਹਕੂਮਤੀ ਦੀ ਮਿਲੀਭੁਗਤ ਨਾਲ ਪੂਰੀ ਤਰ੍ਹਾਂ ਕਾਰਪੋਰੇਟ ਸਰਮਾਏਦਾਰੀ ਦੇ ਕੰਟਰੋਲ ’ਚ ਹੈ। ਭਾਰਤ ਵਿਚ ਫ਼ੋਨ ਅਤੇ ਹੋਰ ਜਾਣਕਾਰੀ ਨੂੰ ਆਧਾਰ ਨੰਬਰ ਨਾਲ ਜੋੜਨ ਦਾ ਮਨੋਰਥ ਵੀ ਕਥਿਤ ਸੁਰੱਖਿਆ ਅਤੇ ਸਹੂਲਤ ਦੀ ਬਜਾਏ ਨਾਗਰਿਕਾਂ ਦੀ ਨਿੱਜਤਾ ਉੱਪਰ ਕੰਟਰੋਲ ਹੀ ਹੈ। ਅਤਿਆਧੁਨਿਕ ਸਾਫ਼ਟਵੇਅਰ ਜਾਂ ਸਪਾਈਵੇਅਰ ਨਾਲ ਲੈਸ ਏਜੰਸੀਆਂ ਨੇ ਕਦੋਂ, ਕਿਸ ਨੂੰ ਨਿਸ਼ਾਨਾ ਬਣਾਉਣਾ ਹੈ ਇਹ ਹਾਸਲ ਹਾਲਾਤ ਵਿਚ ਹੁਕਮਰਾਨ ਧਿਰ ਦੇ ਏਜੰਡਿਆਂ ਅਤੇ ਜ਼ਰੂਰਤਾਂ ਤੋਂ ਤੈਅ ਹੁੰਦਾ ਹੈ। ਭਾਰਤ ਦੀ ਤ੍ਰਾਸਦੀ ਇਹ ਹੈ ਕਿ ਇੱਥੇ ਡਿਜੀਟਲ ਤਕਨਾਲੋਜੀ ਵਰਤਣ ਦਾ ਜਨੂੰਨ ਤਾਂ ਹੈ ਪਰ ਅਜੇ ਨਿੱਜਤਾ ਬਾਰੇ ਜਾਗਰੂਕਤਾ ਬਿਲਕੁਲ ਨਹੀਂ ਹੈ। ਲਿਹਾਜ਼ਾ, ਭਗਵਾ ਹਕੂਮਤ ਨੂੰ ਉਪਰੋਕਤ ਘਿਣਾਉਣੀ ਜਾਸੂਸੀ ਰਾਹੀਂ ਨਿੱਜਤਾ ਨੂੰ ਕੰਟਰੋਲ ਕਰਨ ਸਮੇਂ ਕਿਸੇ ਵੱਡੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਜਦੋਂ ਕਦੇ ਭਵਿੱਖ ’ਚ ਭਾਰਤ ਦੇ ਆਵਾਮ ਇਸ ਬਾਰੇ ਜਾਗਰੂਕ ਹੋਏ, ਉਦੋਂ ਬਹੁਤ ਦੇਰ ਹੋ ਚੁੱਕੀ ਹੋਵੇਗੀ।

# ਪੱਛਮੀ ਦੇਸਾਂ ਦੇ ਰੁਖ ਨੂੰ ਪਛਾਣ ਕੇ ਪੰਜਾਬੀ ਸਹੀ ਰਸਤੇ ਇਖਤਿਆਰ ਕਰਨ ਦੀ ਲੋੜ

ਲੇਖਕ : ਸੁਖਪਾਲ ਸਿੰਘ ਗਿੱਲ

ਪ੍ਰਵਾਸ ਦਾ ਚਾਅ ਪੰਜਾਬੀਆਂ ਵਿੱਚ ਇਸ ਕਦਰ ਵੱਧ ਚੁੱਕਾ ਹੈ, ਜਿਸ ਤਰ੍ਹਾਂ ਜੋਬਨ ਉੱਤੇ ਫਲਾਂ ਨਾਲ ਭਰੇ ਦਰਖਤਾਂ ਨੂੰ ਦੇਖ ਕੇ ਮਾਲੀ ਜਾਂ ਮਾਲਕ ਨੂੰ ਹੁੰਦਾ ਹੈ। ਫਲਾਂ ਨਾਲ ਭਰੇ ਦਰਖਤ ਨੂੰ ਜਦੋਂ ਕੋਈ ਹਲੂਣਾ ਦੇ ਦਿੰਦਾ ਹੈ, ਪੱਕੇ ਕੱਚੇ ਸਭ ਝੜ ਜਾਂਦੇ ਹਨ।

ਇਸੇ ਤਰ੍ਹਾਂ ਪੱਛਮੀ ਮੁਲਕਾਂ ਨੇ ਪੰਜਾਬੀਆਂ ਦੇ ਪ੍ਰਵਾਸ ਨੂੰ ਹਲੂਣਾ ਦੇਣਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਸ਼ੰਕਾਵਾਂ ਅਤੇ ਚਿੰਤਾਵਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਪੰਜਾਬੀ 1950 ਵਿੱਚ ਹੀ ਬਾਹਰਲੇ ਮੁਲਕਾਂ ਵਿੱਚ ਜਾਣੇ ਸ਼ੁਰੂ ਹੋ ਗਏ ਸਨ। ਉਦੋਂ ਇਹ ਖਿਆਲ ਵੀ ਮਨ ਵਿੱਚ ਆਉਂਦਾ ਕਿ ਦੇਸ਼ ਦੀ ਅਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਦਾ ਕੀ ਫਾਇਦਾ ਹੋਇਆ, ਜੇ ਅੰਗਰੇਜ਼ਾਂ ਦੇ ਮਗਰ ਹੀ ਦੌੜਨਾ ਸੀ। ਪਿਛਲੇ ਢਾਈ ਤਿੰਨ ਦਹਾਕਿਆਂ ਤੋਂ ਤਾਂ ਤਤਾਗੀ ਬੰਨ੍ਹ ਹੀ ਪੰਜਾਬੀ ਪ੍ਰਵਾਸੀ ਬਣ ਰਹੇ ਹਨ। ਇਸਦਾ ਸਭ ਤੋਂ ਵੱਡਾ ਕਾਰਨ ਬੇਰੁਜ਼ਗਾਰੀ ਹੈ, ਜਿਸਦੀ ਦਰ 2019 ਵਿੱਚ 8.2 ਫੀਸਦੀ ਸੀ। ਇਸ ਤੋਂ ਇਲਾਵਾ ਨੌਕਰੀ ਦੀ ਅਸੁਰੱਖਿਆ ਅਤੇ ਹੁਨਰ ਦੀ ਕਮੀ ਵੀ ਪ੍ਰਵਾਸ ਦਾ ਕਾਰਨ ਬਣਿਆ। ਜਿਸ ਤਰਜ਼ 'ਤੇ ਆਈ.ਟੀ.ਆਈਜ਼ ਸਨ, ਉਸ ਦਾ ਮਤਲਬ ਹੀ ਹੁਨਰਮੰਦੀ ਪੈਦਾ ਕਰਕੇ ਰੁਜ਼ਗਾਰ ਦੇਣਾ ਸੀ। ਇਹ ਸੰਸਥਾਵਾਂ ਵੀ ਚੰਗੇ ਨਤੀਜੇ ਨਹੀਂ ਦੇ ਸਕੀਆਂ। ਪੰਜਾਬ ਸਰਕਾਰ ਨੇ ਸਕਿਲਡ ਸੈਂਟਰ ਖੋਲ੍ਹੇ, ਪਰ ਇਹ ਵੀ ਕੋਈ ਪਹੁੰਚ ਨਹੀਂ ਅਪਣਾ ਸਕੇ। ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਨੌਜਵਾਨੀ ਅਸਥਿਰ ਅਤੇ ਲਾਚਾਰ ਹੋਣ ਲੱਗੀ। ਵੇਲਾ ਬੀਤਣ ਤੋਂ ਬਾਅਦ ਜਾਗਣਾ ਨਿਸਫਲ ਹੁੰਦਾ ਹੈ। ਹੁਣ ਪੰਜਾਬੀ ਨੌਜਵਾਨ ਤਰੱਕੀ ਅਤੇ ਬਜ਼ੁਰਗ ਘਰਾਂ ਦੀ ਰੌਣਕ ਲੱਭ ਰਹੇ ਹਨ।

ਪ੍ਰਵਾਸ ਲਈ ਇੱਕ ਦੂਜੇ ਤੋਂ ਅੱਗੇ ਨੱਠ ਨੌਜਵਾਨੀ ਆਪਣੇ ਆਪ ਗਵਾਚ ਗਈ ਹੈ। ਇਸ ਵਰਤਾਰੇ ਨੇ ਸੱਭਿਆਚਾਰ, ਸਿੱਖਿਆ ਅਤੇ ਪੰਜਾਬੀਅਤ ਨੂੰ ਭੁਲਾਉਣ ਲਈ ਨਾਂਹ ਪੱਖੀ ਰੋਲ ਨਿਭਾਇਆ ਹੈ। ਵਿਧਾਤਾ ਸਿੰਘ ਤੀਰ ਦੀਆਂ ਲਿਖੀਆਂ ਇਨ੍ਹਾਂ ਸਤਰਾਂ ਵਾਲਾ ਪੰਜਾਬੀ ਮੋਹ ਪਿਆਰ ਅੱਜ ਨਹੀਂ ਰਿਹਾ,



ਮੰਗਾਂ ਰੋਜ਼ ਮੁਰਾਦ ਮੈਂ ਰੱਬ ਕੋਲੋਂ,
ਮੇਰੇ ਦਿਲ ਦਾ ਤਾਂ ਅਰਮਾਨ ਨਿਕਲੇ,
ਇਸ ਵਤਨ ਵਿੱਚ ਜੰਮਿਆਂ ਪਲਿਆਂ ਹਾਂ,
ਵਤਨ ਵਿੱਚ ਹੀ ਮੇਰਾ ਬਾਬਾਨ ਨਿਕਲੇ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਤਤਕਾਲੀ ਵਾਈਸ ਚਾਂਸਲਰ ਸ੍ਰੀ ਜੋਗਿੰਦਰ ਸਿੰਘ ਪਵਾਰ ਨੇ ਬਹੁਤ ਸਮਾਂ ਪਹਿਲਾਂ ਹੀ ਪੰਜਾਬੀਆਂ ਦੇ ਵਿਦੇਸ਼ੀ ਰੁਝਾਨ ਨੂੰ ਰੋਕਣ ਲਈ ਰੁਜ਼ਗਾਰ ਗਰੰਟੀ ਘੜਨ ਦੀ ਸਲਾਹ ਦਿੱਤੀ ਸੀ। ਇਹ ਸਲਾਹ ਖੂਹ ਖਾਤੇ ਪੈ ਗਈ ਜਾਂ ਪਾ ਦਿੱਤੀ ਗਈ। ਹੈਰਾਨੀ ਉਦੋਂ ਵਧਦੀ ਹੈ ਜਦੋਂ ਅੰਕੜਾ ਆਉਂਦਾ ਹੈ ਕਿ ਹਰ ਸਾਲ 20 ਹਜ਼ਾਰ ਪੰਜਾਬੀ ਗੈਰਕਾਨੂੰਨੀ ਢੰਗ ਨਾਲ ਪ੍ਰਵਾਸ ਕਰਦੇ ਹਨ। 25 ਲੱਖ ਪੰਜਾਬੀ ਅਬਾਦੀ ਵਿਦੇਸ਼ਾਂ ਵਿੱਚ ਬੈਠੀ ਹੈ। ਕੈਨੇਡਾ ਦੀ ਅਬਾਦੀ ਦੀ 1.3% ਵਸੋਂ ਪੰਜਾਬੀ ਹੈ। ਅਮਰੀਕਾ, ਕੈਨੇਡਾ, ਅਸਟ੍ਰੇਲੀਆ ਅਤੇ ਇੰਗਲੈਂਡ ਵਿੱਚ ਕਾਫੀ ਪੰਜਾਬੀ ਵਸਦੇ ਹਨ। ਇਸੇ ਤਰ੍ਹਾਂ ਹੋਰ ਯੂਰਪੀ ਮੁਲਕਾਂ ਵਿੱਚ ਵੀ ਪੰਜਾਬੀ ਵਸਦੇ ਹਨ। ਪੰਜਾਬੀਆਂ ਦਾ ਵਿਦੇਸ਼ਾਂ ਵੱਲ ਪ੍ਰਵਾਸ ਉਸੇ ਰਫਤਾਰ ਨਾਲ ਜਾਰੀ ਹੈ। ਸਵੈ-ਜਲਾਵਤਨੀ ਨਾਲ ਪੰਜਾਬੀ ਆਪਣਾ ਦੇਸ਼, ਭਾਸ਼ਾ, ਖਿੱਤਾ ਅਤੇ ਕਿੱਤਾ ਛੱਡ ਕੇ ਜਾ ਰਹੇ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਰਿਪੋਰਟ ਮੁਤਾਬਕ ਪੰਜਾਬੀਆਂ ਨੇ ਵਿਦੇਸ਼ ਜਾਣ ਦੀ ਹੋੜ ਹੇਠ 14342 ਕਰੋੜ ਦਾ ਕਰਜ਼ਾ ਚੜ੍ਹਾ ਲਿਆ। ਲੜਕੀਆਂ ਲਈ ਖਤਰਾ ਅਤੇ ਏਜੰਟਾਂ ਦੀ ਲੁੱਟ ਵੀ ਇਸੇ ਲੜੀ ਦਾ ਹਿੱਸਾ ਹੈ। 2024 ਵਿੱਚ 1335678 ਭਾਰਤੀ ਵਿਦਿਆਰਥੀ ਬਾਹਰ ਪੜ੍ਹਨ ਗਏ। ਸਭ ਤੋਂ ਵੱਧ ਕੈਨੇਡਾ ਵਿੱਚ 42700 ਵਿਦਿਆਰਥੀ ਗਏ। ਅਮਰੀਕਾ ਵਿੱਚ 37763 ਵਿਦਿਆਰਥੀ ਗਏ। ਇਸੇ ਤਰ੍ਹਾਂ ਹੋਰ ਮੁਲਕਾਂ ਵਿੱਚ ਵੀ ਗਏ। ਪੰਜਾਬੀ ਨਿਯਮ ਤੋੜ ਕੇ ਵੀ ਖਤਰਿਆਂ ਦੇ ਖਿਲਾੜੀ ਬਣ ਜਾਂਦੇ ਹਨ। ਇਸ ਵਰਤਾਰੇ ਨੇ ਉਹਨਾਂ ਮੁਲਕਾਂ ਨੂੰ ਪ੍ਰਵਾਸ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਲਗਦਾ ਹੈ ਜਿਵੇਂ ਪੱਛਮੀ ਮੁਲਕਾਂ ਨੇ ਪ੍ਰਵਾਸੀਆਂ ਨੂੰ ਹਲੂਣਾ ਦਿੱਤਾ ਹੈ। ਅੱਗੇ ਕੀ ਕੁਝ ਹੁੰਦਾ ਹੈ, ਸਮਾਂ ਦੱਸੇਗਾ। ਅਮਰੀਕਾ ਵਿੱਚ ਫਿਰ ਤੋਂ ਟਰੰਪ ਕਾਰਡ ਚੱਲ ਗਿਆ ਹੈ। ਉਹ ਅਮਰੀਕਾ ਅੰਦਰ ਪ੍ਰਵਾਸ ਨੂੰ ਬੁਰਾ ਮੰਨਦਾ ਹੈ। ਆਸਟ੍ਰੇਲੀਆ ਵੀ ਕਾਫ਼ੀ ਸਖ਼ਤ ਹੋ ਗਿਆ। ਨਿਊਜ਼ੀਲੈਂਡ ਵੀ ਦੇਰ ਨਾਲ ਘਸਾ ਘਸਾ ਕੇ ਖ਼ੈਰ ਪਾਉਂਦਾ ਹੈ। ਇੰਗਲੈਂਡ ਅਤੇ ਜਰਮਨੀ ਵਿੱਚ ਵਿਆਹ ਤੋਂ ਬਿਨਾਂ ਜਾਂ ਹੀ ਨਹੀਂ ਸਕਦੇ। ਇਹ ਦੇਸ਼ ਮਾਂ ਪਿਓ ਲਿਜਾਣ ਬਾਰੇ ਵੀ ਨਿਯਮ ਘੜ ਰਹੇ ਹਨ।

ਕੈਨੇਡਾ ਦੀ ਗੱਲ ਕਰੀਏ ਤਾਂ ਉੱਥੇ ਟਰੂਡੋ ਫੈਕਟਰ ਵੀ ਦਾਅ 'ਤੇ ਲੱਗ ਚੁੱਕਾ ਹੈ। ਭਾਰਤ ਅਤੇ ਕੈਨੇਡਾ ਦੇ ਸੰਬੰਧ ਵਿਗੜ ਗਏ ਹਨ। ਕੈਨੇਡਾ ਆਪਣੇ ਦੇਸ਼ ਦੀਆਂ ਨਵੀਂਆਂ ਅਵਾਸ ਨੀਤੀਆਂ ਘੜ ਰਿਹਾ ਹੈ। ਅੱਜ ਲੱਖਾਂ ਵਿਦਿਆਰਥੀ ਅਤੇ ਰਿਫਿਊਜੀ ਪੱਛਮੀ ਮੁਲਕਾਂ ਵਿੱਚ ਵਾਰੀ ਦੀ ਉਡੀਕ ਵਿੱਚ ਲੱਗੇ ਹੋਏ ਹਨ। ਇਹਨਾਂ ਦਾ ਭਵਿੱਖ ਅਨਿਸ਼ਚਿਤ ਹੈ।

ਪੰਜਾਬੀਆਂ ਨੂੰ ਆਏ ਹਲੂਣੇ ਪਿੱਛੇ ਖੁਦ ਸਹੇੜੀਆਂ ਆਦਤਾਂ ਵੀ ਹਨ। ਉੱਥੇ ਨਸ਼ਿਆਂ, ਵੀਜ਼ਾ ਦੁਰਵਰਤੋਂ, ਵਾਰਦਾਤਾਂ ਅਤੇ ਚੋਰ ਮੋਰੀਆਂ ਵੀ ਹਲੂਣੇ ਦਾ ਕਾਰਨ ਬਣੀਆਂ। ਮਾਰਕ ਮਿੱਲਰ ਦੇ ਬਿਆਨ ਇੱਥੇ, ਉੱਥੇ ਸਤਾ ਰਹੇ ਹਨ। ਕੈਨੇਡਾ ਨੇ ਆਪਣੀ ਅਵਾਸ ਨੀਤੀਆਂ ਵਿੱਚ ਕਈ ਸੋਧਾਂ ਕੀਤੀਆਂ, ਜਿਸ ਨਾਲ ਪੰਜਾਬੀ ਪ੍ਰਭਾਵਤ ਹੋਣਗੇ। ਮਲਟੀਪਲ ਵੀਜ਼ਾ ਸੀਮਤ ਕਰ ਦਿੱਤਾ ਗਿਆ ਹੈ। ਸਥਾਈ ਰਿਹਾਇਸ਼ ਲਈ ਸਖ਼ਤ ਨਿਯਮ ਘੜੇ ਗਏ ਹਨ। ਕੈਨੇਡਾ ਆਪਣੇ ਨਾਗਰਿਕਾਂ ਨੂੰ ਹੁਨਰ ਵਿੱਚ ਪਹਿਲ ਦੇਵੇਗਾ। ਛੋਟੇ ਕੋਰਸਾਂ ਵਾਲੇ ਸਪਾਊਸ ਵੀਜ਼ਾ ਨਹੀਂ ਲੈ ਸਕਣਗੇ। ਵਰਕ ਪਰਮਿਟ ਤੋਂ ਪਹਿਲਾਂ ਆਈਲੈਟ ਦੀ ਸ਼ਰਤ ਲਾ ਦਿੱਤੀ ਹੈ। ਜੀ ਆਈ ਸੀ 10 ਹਜ਼ਾਰ ਡਾਲਰ ਤੋਂ ਵਧਾ ਕੇ 20 ਹਜ਼ਾਰ 675 ਡਾਲਰ ਕਰ ਦਿੱਤਾ ਹੈ। ਇਸ ਸਭ ਨੇ ਪੰਜਾਬੀਆਂ ਲਈ ਹੋਰ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਭਾਰਤ ਸਰਕਾਰ ਨੂੰ ਤੁਰੰਤ ਜਾਗਣ ਅਤੇ ਮੌਕਾ ਸਾਂਭਣ ਦੀ ਜ਼ਰੂਰਤ ਹੈ ਤਾਂ ਕੂਟਨੀਤਕ ਸੰਬੰਧਾਂ ਰਾਹੀਂ ਪੱਛਮੀ ਮੁਲਕਾਂ ਨੂੰ ਨਰਮ ਵਰਤਾਓ ਲਈ ਗੁਹਾਰ ਲਾਈ ਜਾ ਸਕੇ। ਪੱਛਮੀ ਮੁਲਕਾਂ ਦੇ ਰੁਖ ਨੂੰ ਪਛਾਣ ਕੇ ਪੰਜਾਬੀਆਂ ਨੂੰ ਵੀ ਸਹੀ ਰਸਤੇ ਇਖਤਿਆਰ ਕਰਨੇ ਚਾਹੀਦੇ ਹਨ ਤਾਂ ਜੋ ਭਵਿੱਖੀ ਚਿੰਤਾ ਤੋਂ ਛੁਟਕਾਰਾ ਮਿਲ ਸਕੇ।

# ਅਕਾਲੀ ਦਲ ਨੂੰ ਗ਼ਲਤੀ ਦਰ ਗ਼ਲਤੀ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ

ਲੇਖਕ : ਉਜਾਗਰ ਸਿੰਘ ਫੋਨ: 94178-13072

ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਾਰ ਆਪਣੀਆਂ ਗ਼ਲਤੀਆਂ ਨੂੰ ਸੁਧਾਰਨ ਦੀ ਥਾਂ ਗ਼ਲਤੀ ਦਰ ਗ਼ਲਤੀ ਕਰਦੀ ਜਾ ਰਹੀ ਹੈ। ਕੀ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਮੁਅਤਲੀ/ਜਥੇਦਾਰੀ ਦੇ ਅਹੁਦੇ ਦੇ ਫਰਜ਼ ਨਿਭਾਉਣ 'ਤੇ ਲਗਾਈ ਗਈ ਰੋਕ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਨੇਤਾਵਾਂ ਦਾ ਖੁਸਿਆ ਹੋਇਆ ਵਕਾਰ ਬਹਾਲ ਕਰਨ ਵਿੱਚ ਸਹਾਈ ਹੋ ਸਕਦੀ ਹੈ? ਬਿਲਕੁਲ ਕੋਈ ਸੰਭਾਵਨਾ ਨਹੀਂ ਲੱਗਦੀ, ਸਗੋਂ ਇਉਂ ਲੱਗ ਰਿਹਾ ਹੈ ਕਿ ਅਕਾਲੀ ਦਲ, ਸ੍ਰੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸਿੱਖ ਸੰਸਥਾਵਾਂ ਨੂੰ ਖ਼ਤਮ ਕਰਨ 'ਤੇ ਤੁਲੀ ਹੈ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਮ ਕਮੇਟੀ ਦੇ ਇਸ ਜਲਦਬਾਜ਼ੀ ਵਿੱਚ ਲਏ ਗਏ ਫ਼ੈਸਲੇ ਦਾ ਸਿੱਖ ਕੌਮ ਨੂੰ ਕੀ ਲਾਭ ਹੋਵੇਗਾ? ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ, ਪੰਜ ਤਖ਼ਤਾਂ ਅਤੇ ਉਨ੍ਹਾਂ 'ਤੇ ਸ਼ਸ਼ੋਵਤ ਜਥੇਦਾਰ ਸਾਹਿਬਾਨ ਦੀ ਸ਼ਾਖ਼ ਹੋਰ ਮਜ਼ਬੂਤ ਹੋਵੇਗੀ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਰਤਮਾਨ ਫ਼ੈਸਲੇ ਨਾਲ ਉਨ੍ਹਾਂ ਦਾ ਖੋਇਆ ਹੋਇਆ ਵਕਾਰ ਮੁੜ ਬਹਾਲ ਹੋਇਆ ਹੈ। ਸ਼੍ਰੋਮਣੀ ਕਮੇਟੀ ਨੇ ਅਜਿਹਾ ਫ਼ੈਸਲਾ ਪਹਿਲੀ ਵਾਰ ਨਹੀਂ ਕੀਤਾ, ਜਦੋਂ ਕੋਈ ਜਥੇਦਾਰ ਉਨ੍ਹਾਂ ਮੁਤਾਬਕ ਫ਼ੈਸਲੇ ਨਹੀਂ ਕਰਦਾ ਫਿਰ ਉਹ ਕੋਈ ਬਹਾਨਾ ਬਣਾਕੇ ਉਸਨੂੰ ਹਟਾ ਦਿੰਦੇ ਹਨ। ਸਭ ਤੋਂ ਪਹਿਲਾਂ 1999 ਵਿੱਚ ਭਾਈ ਰਣਜੀਤ ਸਿੰਘ , ਮਾਰਚ 2000 ਵਿੱਚ ਗਿਆਨੀ ਪੂਰਨ ਸਿੰਘ, 2003 ਵਿੱਚ ਭਾਈ ਮਨਜੀਤ ਸਿੰਘ, 2015 ਵਿੱਚ ਗਿਆਨੀ ਬਲਵੰਤ ਸਿੰਘ ਨੰਦਗੜ੍ਹ, 2017 ਵਿੱਚ ਗਿਆਨੀ ਗੁਰਮੁੱਖ ਸਿੰਘ ਅਤੇ ਛੇਵੇਂ ਗਿਆਨੀ ਹਰਪ੍ਰੀਤ ਸਿੰਘ ਹਨ। ਹਾਲਾਂ ਕਿ ਜਥੇਦਾਰ ਸਾਹਿਬਾਨ ਵਿਰੁੱਧ ਅਜਿਹਾ ਫ਼ੈਸਲਾ ਕਰਨ ਦਾ ਅਧਿਕਾਰੀ ਕਮੇਟੀ ਕੋਲ ਹੈ ਹੀ ਨਹੀਂ। ਇਹ ਅਧਿਕਾਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਹੈ। ਜੇਕਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਿਰੁੱਧ ਕੋਈ ਸ਼ਿਕਾਇਤ ਹੋਵੇ ਉਸਦੀ ਪੜਤਾਲ ਦਾ ਅਧਿਕਾਰ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਕੋਲ ਹੈ। ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਜਿਹੜੀ ਸ਼ਿਕਾਇਤ ਉਸਦੇ ਰਿਸ਼ਤੇਦਾਰ ਨੇ ਹੁਣ ਦਿੱਤੀ ਹੈ, ਇਹ ਇੱਕ ਪਰਿਵਾਰਿਕ ਮਸਲਾ/ਝਗੜਾ ਹੈ, ਜੋ ਹਰ ਪਰਿਵਾਰ ਵਿੱਚ ਹੁੰਦਾ ਹੈ। ਗਿਆਨੀ ਹਰਪ੍ਰੀਤ ਸਿੰਘ 'ਤੇ 1999 ਵਿੱਚ ਇਹ ਦੋਸ਼ ਲੱਗੇ ਸੀ, ਸ਼੍ਰੋਮਣੀ ਕਮੇਟੀ ਨੇ 2007 ਪੜਤਾਲ ਕਰਵਾਈ ਤੇ ਗਿਆਨੀ ਹਰਪ੍ਰੀਤ ਸਿੰਘ ਨਿਰਦੋਸ਼ ਪਾਇਆ ਗਿਆ। ਪ੍ਰੰਤੂ ਸ਼ਿਕਾਇਤ ਕਰਤਾ ਗੁਰਪ੍ਰੀਤ ਸਿੰਘ ਦੀ ਇਸੇ ਸ਼ਿਕਾਇਤ 'ਤੇ ਪੁਲਿਸ ਨੇ ਪੜਤਾਲ ਕੀਤੀ ਜਿਸ ਕਰਕੇ ਗੁਰਪ੍ਰੀਤ ਸਿੰਘ ਨੂੰ ਸਜਾ ਹੋ ਗਈ ਸੀ। ਇਹ ਸ਼ਿਕਾਇਤ ਸਜ਼ਾ ਯਾਫਤਾ ਵਿਅਕਤੀ ਨੇ ਦਿੱਤੀ ਹੈ। ਉਸ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਲਗਾਇਆ ਸੀ। ਹੁਣ ਦੁਬਾਰਾ ਪੜਤਾਲ ਕਰਵਾਉਣ ਦਾ ਭਾਵ ਸ਼ਪਸ਼ਟ ਹੈ ਕਿ ਉਸਦਾ ਪੰਜ ਸਿੰਘ ਸਹਿਬਾਨ ਵਿੱਚ ਸ਼ਾਮਲ ਹੋ ਕੇ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹ ਲਗਾਉਣਾ ਹਜ਼ਮ ਨਹੀਂ ਹੋ ਰਿਹਾ। ਇਸ ਫ਼ੈਸਲੇ 'ਤੇ ਸ਼ੱਕ ਦੀ ਸੂਈ ਘੁੰਮਦੀ ਹੈ ਕਿਉਂਕਿ ਇਹ ਫ਼ੈਸਲਾ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਨੇਤਾਵਾਂ ਨੂੰ ਤਨਖ਼ਾਹ ਲਗਾਏ ਜਾਣ ਦਾ ਪ੍ਰਤੀ ਕਰਮ ਹੈ। ਸਿੱਖ ਸੰਗਤ ਇਸ ਨੂੰ ਬਦਲੇ ਦੀ ਕਾਰਵਾਈ ਕਹਿ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੀ ਸਰਕਾਰ ਦੇ ਉਨ੍ਹਾਂ ਮੰਤਰੀਆਂ ਜਿਹੜੇ ਅਕਾਲੀ ਸਰਕਾਰ ਦਾ ਹਿੱਸਾ ਰਹੇ ਸਨ, ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹ ਲਗਾਏ ਜਾਣ ਤੋਂ ਬਾਅਦ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਦਾ ਭਵਿਖ ਖ਼ਤਰੇ ਵਿੱਚ ਪੈ ਗਿਆ ਲੱਗਦਾ ਸੀ। ਇਸ ਫ਼ੈਸਲੇ ਦਾ ਸੰਸਾਰ ਦੇ ਵੱਖ-ਵੱਖ ਹਿੱਸਿਆ ਵਿੱਚ ਵਸਦੀ ਸਿੱਖ ਸੰਗਤ ਨੇ ਖੁਲ੍ਹੇ ਦਿਲ ਨਾਲ ਸਵਾਗਤ ਕੀਤਾ, ਕਿਉਂਕਿ 1970 ਤੋਂ ਬਾਅਦ ਪਹਿਲੀ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਿਰਪੱਖਤਾ ਨਾਲ ਪੰਥਕ ਹਿੱਤਾਂ ਲਈ ਕੀਤਾ ਗਿਆ ਫ਼ੈਸਲਾ ਮੰਨਿਆਂ ਗਿਆ ਹੈ। ਇਸ ਫ਼ੈਸਲੇ ਨਾਲ ਅਕਾਲੀ ਫੂਲਾ ਸਿੰਘ ਦੀ ਮਹਾਰਾਜਾ ਰਣਜੀਤ ਸਿੰਘ ਨੂੰ ਲਗਾਈ ਤਨਖ਼ਾਹ ਦੀ ਯਾਦ ਤਾਜਾ ਹੋ ਗਈ ਹੈ। ਇਹ ਫ਼ੈਸਲਾ ਵੀ ਅਕਾਲੀ ਫੂਲਾ ਸਿੰਘ ਵਰਗਾ ਹੀ ਲੱਗਦਾ ਹੈ। ਸਿੱਖ ਸੰਗਤ ਨੂੰ ਮਹਿਸੂਸ ਹੋ ਗਿਆ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਆਪਣੀ ਹੋਂਦ ਦਾ ਪ੍ਰਗਟਾਵਾ ਕਰ ਦਿੱਤਾ ਹੈ ਕਿ ਉਹ ਕਿਸੇ ਸਿਆਸਤਦਾਨ ਦੇ ਹੱਥਠੋਕੇ ਨਹੀਂ ਹਨ ਅਤੇ ਉਨ੍ਹਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੁਸਤਾ ਤੇ ਮਾਣ ਮਰਿਆਦਾ ਸਰਵੋਤਮ ਹੈ। ਇਸ ਤੋਂ ਪਹਿਲਾਂ ਜਥੇਦਾਰ ਸਾਹਿਬਾਨ 'ਤੇ ਇਲਜ਼ਾਮ ਲੱਗਦੇ ਰਹੇ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੋਠੀ ਬੁਲਾਕੇ ਫ਼ੈਸਲੇ ਕਰਨ ਦੇ ਹੁਕਮ ਦਿੱਤੇ ਜਾਂਦੇ ਸਨ। ਸਿੱਖ ਸੰਗਤ ਨੂੰ ਇਸ ਫ਼ੈਸਲੇ ਵਿੱਚੋਂ ਪੰਥਕ ਸੋਚ ਦੀ ਖ਼ੁਸ਼ਬੋ ਆਉਂਦੀ ਮਹਿਸੂਸ ਹੋ ਰਹੀ ਸੀ। ਇਉਂ ਵੀ ਲੱਗ ਰਿਹਾ ਸੀ ਕਿ ਸਜ਼ਾ ਭੁਗਤਣ ਤੋਂ ਬਾਅਦ ਸਿੱਖ ਸਿਆਸਤਦਾਨ ਸੱਚੇ ਮਾਰਗ 'ਤੇ ਚਲਣਗੇ ਤੇ ਅਕਾਲੀ ਦਲ ਦੁਬਾਰਾ ਆਪਣੀ ਸ਼ਾਖ਼ ਬਣਾਉਣ ਦੇ ਸਮਰੱਥ ਹੋਵੇਗਾ। ਸੁਖਬੀਰ ਸਿੰਘ ਬਾਦਲ ਨੂੰ ਲਗਾਈ ਗਈ ਤਨਖ਼ਾਹ ਤੋਂ ਬਾਅਦ ਲੰਬਾ ਸਮਾਂ ਸਜ਼ਾ ਨਾ ਸੁਣਾਏ ਜਾਣ ਕਰਕੇ ਸ਼੍ਰੋਮਣੀ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਘਬਰਾਹਟ ਵਿੱਚ ਆ ਗਏ ਸਨ, ਜਿਸਦੇ ਸਿੱਟੇ ਵਜੋਂ ਅਕਾਲੀ ਦਲ ਦੇ ਕੁਝ ਲੀਡਰਾਂ ਜਿਨ੍ਹਾਂ ਵਿੱਚੋਂ ਵਿਰਸਾ ਸਿੰਘ ਵਲਟੋਹਾ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਗੰਭੀਰ ਇਲਜ਼ਾਮ ਲਗਾ ਦਿੱਤੇ ਸਨ। ਸਮੁੱਚੇ ਸੰਸਾਰ ਦੀ ਸਿੱਖ ਸੰਗਤ ਨੇ ਵਿਰਸਾ ਸਿੰਘ ਵਲਟੋਹਾ ਦੇ ਇਲਜ਼ਾਮਾ ਦਾ ਬਹੁਤ ਬੁਰਾ ਮਨਾਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਹਿਬਾਨ ਨੇ ਵਿਰਸਾ ਸਿੰਘ ਵਲਟੋਹਾ ਨੂੰ 10 ਸਾਲ ਲਈ ਅਕਾਲੀ ਦਲ ਵਿੱਚੋਂ ਕੱਢਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਐਕਟਿੰਗ ਪ੍ਰਧਾਨ ਨੂੰ ਹੁਕਮ ਕੀਤੇ ਸਨ। ਅਕਾਲੀ ਦਲ ਨੇ ਵਿਰਸਾ ਸਿੰਘ ਵਲਟੋਹਾ ਨੂੰ ਕੱਢਿਆ ਨਹੀਂ ਸਗੋਂ ਉਸ ਤੋਂ ਅਸਤੀਫ਼ਾ ਲੈ ਲਿਆ। ਇਸ ਦਾ ਵੀ ਸਿੱਖ ਸੰਗਤ ਨੇ ਬੁਰਾ ਮਨਾਇਆ ਕਿ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਦੇ ਹੁਕਮਾ ਦੀ ਅਵੱਗਿਆ ਕੀਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦੇ ਪ੍ਰਧਾਨ ਦਾ ਅਸਤੀਫ਼ਾ ਕਾਰਜਕਾਰਨੀ ਨੂੰ ਤਿੰਨ ਦਿਨਾ ਵਿੱਚ ਮਨਜ਼ੂਰ ਕਰਨ ਦੀ ਹਦਾਇਤ ਤੇ ਵੀ ਅਜੇ ਤੱਕ ਅਮਲ ਨਹੀਂ ਹੋਇਆ। ਅਕਾਲੀ ਦਲ ਨੂੰ ਲਗਾਤਾਰ ਖੋਰਾ ਨੇਤਾਵਾਂ ਦੀਆਂ ਗ਼ਲਤੀਆਂ ਕਰਕੇ ਲੱਗ ਰਿਹਾ ਹੈ। ਇਸ ਸਮੇਂ ਦੌਰਾਨ ਚਾਰ ਵਿਧਾਨ ਸਭਾ ਦੇ ਹਲਕਿਆਂ ਦੀ ਉਪ ਚੋਣ ਆ ਗਈ। ਅਕਾਲੀ ਦਲ ਨੇ ਉਪ ਚੋਣਾ ਨਾ ਲੜਨ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਦਾ ਅਰਥ ਇਹ ਨਿਕਲਦਾ ਸੀ ਕਿ ਸੁਖਬੀਰ ਸਿੰਘ ਬਾਦਲ ਤੋਂ ਬਿਨਾ ਅਕਾਲੀ ਦਲ ਦੀ ਹੋਂਦ ਹੀ ਨਹੀਂ ਜਾਂ ਇਉਂ ਕਹਿ ਲਵੋ ਕਿ ਸੁਖਬੀਰ ਸਿੰਘ ਬਾਦਲ ਤੋਂ ਬਿਨਾ ਅਕਾਲੀ ਦਲ ਕੋਲ ਕੋਈ ਸਮਰੱਥ ਨੇਤਾ ਹੀ ਨਹੀਂ। ਸਿੱਖ ਸੰਗਤ ਨੇ ਉਪ ਚੋਣਾ ਨਾ ਲੜਨ ਨੂੰ ਵੀ ਗ਼ਲਤ ਫ਼ੈਸਲਾ ਕਿਹਾ। ਇਹ ਵੀ ਪਤਾ ਲੱਗਿਆ ਹੈ ਕਿ ਅਕਾਲੀ ਦਲ ਦੀ ਸੋਸ਼ਲ ਮੀਡੀਆ ਟੀਮ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ 10 ਇਲਜ਼ਾਮ ਲਗਾਕੇ ਮੀਡੀਆ ਵਿੱਚ ਸਰਕੂਲੇਟ ਕਰ ਦਿੱਤੇ ਹਨ। ਇਹ ਉਹੀ ਇਲਜ਼ਾਮ ਹਨ, ਜਿਹੜੇ ਗਿਆਨੀ ਹਰਪ੍ਰੀਤ ਸਿੰਘ ਦੇ ਰਿਸ਼ਤੇਦਾਰ ਨੇ ਲਗਾਏ ਹਨ। ਇਸਦਾ ਅਰਥ ਹੈ ਕਿ ਅਕਾਲੀ ਤੇ ਸ਼੍ਰੋਮਣੀ ਕਮੇਟੀ ਨੇ ਇਹ ਇਲਜ਼ਾਮ ਉਸ ਵਿਅਕਤੀ ਤੋਂ ਖੁਦ ਲਏ ਹਨ। ਇਨ੍ਹਾਂ ਇਲਜ਼ਾਮਾ ਦਾ ਜਵਾਬ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਪਿਆਰਿਆਂ ਨੂੰ ਦੇ ਦਿੱਤਾ, ਕੀ ਹਰਜਿੰਦਰ ਸਿੰਘ ਧਾਮੀ ਦੀ ਅੰਤ੍ਰਿੰਗ ਕਮੇਟੀ ਪੰਜ ਪਿਆਰਿਆਂ ਨਾਲੋਂ ਵੱਡੀ ਹੈ? ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਅੰਤ੍ਰਿਮ ਕਮੇਟੀ ਦੀ ਮੀਟਿੰਗਿ ਲੁਧਿਆਣਾ ਜ਼ਿਲ੍ਹਾ ਦੇ ਗੁਰਦੁਆਰਾ ਦੇਗਸਰ ਸਾਹਿਬ ਕਟਾਣਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੂੰ ਮੁਅੱਤਲ ਕਰਨ ਬਾਰੇ ਵਿਚਾਰ ਚਰਚਾ ਕੀਤੀ ਗਈ ਪ੍ਰੰਤੂ ਕੁਝ ਕਮੇਟੀ ਮੈਂਬਰਾਂ ਦੇ ਇਤਰਾਜ਼ ਕਰਨ 'ਤੇ ਇੱਕ ਤਿੰਨ ਮੈਂਬਰੀ ਕਮੇਟੀ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਦੀ ਬਣਾਈ ਹੈ, ਜਿਹੜੀ ਗਿਆਨੀ ਹਰਪ੍ਰੀਤ 'ਤੇ ਲੱਗੇ ਦੋਸ਼ਾਂ ਦੀ ਪੜਤਾਲ ਕਰੇਗੀ, ਉਤਨੀ ਦੇਰ ਤੱਕ ਗਿਆਨੀ ਹਰਪ੍ਰੀਤ ਸਿੰਘ 'ਤੇ ਸ੍ਰੀ ਅਕਾਲ ਤਖ਼ਤ ਦੀਆਂ ਮੀਟਿੰਗਾਂ ਵਿੱਚ ਜਾਣ ਤੇ ਰੋਕ ਲਗਾ ਦਿੱਤੀ ਹੈ। ਉਨ੍ਹਾਂ ਦੀ ਥਾਂ ਤਖ਼ਤ ਦਮਦਮਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਤਖ਼ਤ ਦਾ ਕੰਮ ਵੇਖਣ ਦੀ ਹਦਾਇਤ ਕੀਤੀ ਗਈ ਹੈ। ਤਿੰਨ ਮੈਂਬਰੀ ਕਮੇਟੀ ਵਿੱਚ ਸਾਰੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਧੜੇ (ਬਾਦਲ) ਦੇ ਹੀ ਹਨ, ਫਿਰ ਉਹ ਕਮੇਟੀ ਫ਼ੈਸਲਾ ਨਿਰਪੱਖਤਾ ਨਾਲ ਕਿਵੇਂ ਕਰੇਗੀ? ਪਾਰਦਰਸ਼ਤਾ ਲਈ ਵਿਰੋਧੀ ਧਿਰ ਦਾ ਮੈਂਬਰ ਕਮੇਟੀ ਵਿੱਚ ਲੈਣਾ ਚਾਹੀਦਾ ਸੀ। ਸ਼੍ਰੋਮਣੀ ਕਮੇਟੀ ਦੇ ਇਨ੍ਹਾਂ ਕਦਮਾ ਨਾਲ ਉਸਦੀ ਨੀਅਤ 'ਤੇ ਸ਼ੱਕ ਦੀ ਗੁੰਜਾਇਸ਼ ਬਣ ਗਈ ਹੈ। ਇਸ ਫ਼ੈਸਲੇ ਤੋਂ ਬਾਅਦ ਸਿੱਖ ਸੰਗਤਾਂ ਵਿੱਚ ਰੋਸ ਦੀ ਲਹਿਰ ਦੌੜ ਗਈ ਹੈ। ਜਿਤਨੀ ਦੇਰ ਜਥੇਦਾਰ ਸਾਹਿਬਾਨ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਰਹੇ, ਉਦੋਂ ਉਹ ਦੁੱਧ ਧੋਤੇ ਸਨ ਪ੍ਰੰਤੂ ਜਦੋਂ ਉਨ੍ਹਾਂ ਸਚਾਈ ਦਾ ਪੰਥਕ ਮਾਰਗ ਅਪਣਾਇਆ ਉਦੋਂ ਉਨ੍ਹਾਂ 'ਤੇ ਚਿਕੜ ਉਛਾਲਣਾ ਸ਼ੁਰੂ ਕਰ ਦਿੱਤਾ। ਜਥੇਦਾਰ ਸਾਹਿਬਾਨ ਸਿੱਖ ਜਗਤ ਲਈ ਸਰਵੋਤਮ ਧਾਰਮਿਕ ਸ਼ਖ਼ਸੀਅਤਾਂ ਹਨ, ਇਨ੍ਹਾਂ 'ਤੇ ਇਲਜ਼ਾਮ ਲਗਾਉਣਾ ਸ਼ੁਭ ਸ਼ਗਨ ਨਹੀਂ, ਸਗੋਂ ਇਹ ਇਲਜ਼ਾਮ ਉਦੋਂ ਲਗਾਉਣੇ ਵਾਜਬ ਸਨ ਜਦੋਂ ਸਿਰਸੇ ਵਾਲੇ ਰਾਮ ਰਹੀਮ ਨੂੰ ਪੰਥ ਵਿੱਚ ਸ਼ਾਮਲ ਕੀਤਾ ਸੀ। ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਫ਼ੈਸਲਾ ਰੱਦ ਕਰ ਦੇਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੂੰ ਅੰਤਰਝਾਤ ਮਾਰਨੀ ਚਾਹੀਦੀ ਹੈ, ਇਤਿਹਾਸ ਵਿੱਚ ਉਨ੍ਹਾਂ ਦੇ ਨਾਮ ਉਨ੍ਹਾਂ ਜਥੇਦਾਰਾਂ ਨਾਲ ਅੰਕਤ ਹੋ ਜਾਣਗੇ ਜਿਨ੍ਹਾਂ ਨੇ ਸਿਰਸੇ ਵਾਲੇ ਨੂੰ ਮੁਆਫ਼ੀ ਦਿੱਤੀ ਸੀ।

# ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਸ਼ਹੀਦੀ

## ਅਤਿਵਾਦੀ ਸਾਬਤ ਕਰਨ ਲਈ ਭਾਈ ਕਾਉਂਕੇ ਨੂੰ ਪੁਲਿਸ ਹਿਰਾਸਤ ਦੌਰਾਨ ਰੱਜ ਕੇ ਬੇਇੱਜ਼ਤ ਕੀਤਾ ਗਿਆ ਪੰਜਾਬ ਸਰਕਾਰ ਉਨ੍ਹਾਂ ਦੀ ਸ਼ਹਾਦਤ 'ਤੇ ਲਗਾਤਾਰ ਪਰਦਾ ਪਾਉਣ ਦਾ ਕੰਮ ਕਰ ਰਹੀ ਹੈ: ਖਾਲੜਾ ਮਿਸ਼ਨ ਆਰਗੇਨਾਇਜ਼ੇਸ਼ਨ



ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਕੇ ਨੂੰ ਸ਼ਹੀਦ ਹੋਏ ਅੱਜ 30 ਸਾਲ ਹੋ ਚੁਕੇ ਹਨ। ਭਾਈ ਗੁਰਦੇਵ ਸਿੰਘ ਕਾਉਕੇ ਨੂੰ 1 ਜਨਵਰੀ 1993 ਨੂੰ ਸ਼ਹੀਦ ਕਰ ਦਿਤਾ ਗਿਆ ਸੀ ਪਰ ਪੰਜਾਬ ਦੀ ਸੱਤਾ 'ਤੇ ਕਾਬਜ਼ ਅਕਾਲੀ ਸਰਕਾਰ ਵਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਹਲਫ਼ੀਆ ਬਿਆਨ ਦੇ ਕੇ ਕਿਹਾ ਗਿਆ ਹੈ ਕਿ ਭਾਈ ਕਾਉਕੇ ਪੁਲਿਸ ਦੀ ਹਿਰਾਸਤ ਵਿਚੋਂ ਭੱਜ ਗਏ ਸਨ ਤੇ ਉਨ੍ਹਾਂ ਦੀ ਭਾਲ ਅਜੇ ਤਕ ਜਾਰੀ ਹੈ। ਪੰਜਾਬ ਵਿਚ ਚਲੇ ਖਾੜਕੂਵਾਦ ਦੌਰਾਨ ਪੁਲਿਸ ਹਿਰਾਸਤ ਵਿਚ ਹੋਏ ਜ਼ੁਲਮ ਬਾਰੇ ਰੌਂਗਟੇ ਖੜੇ ਕਰਨ ਵਾਲੀਆਂ ਕਈ ਘਟਨਾਵਾਂ ਪ੍ਰਚਲਤ ਹਨ ਜਿਨ੍ਹਾਂ ਨੂੰ ਪੜ੍ਹ ਸੁਣ ਕੇ ਸਮੇਂ ਦਾ ਸੱਚ ਸਾਹਮਣੇ ਆਉਂਦਾ ਹੈ। ਅਜਿਹੇ ਪੁਲਿਸ ਜਬਰ ਦੀ ਇਕ ਸਚਾਈ ਭਾਈ ਗੁਰ-ਦੇਵ ਸਿੰਘ ਕਾਉਕੇ ਦੀ ਸ਼ਹਾਦਤ ਬਾਰੇ ਵੀ ਸਾਹਮਣੇ ਆਈ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਸਾਰੀ ਸਚਾਈ ਕਿਸੇ ਹੋਰ ਨੇ ਨਹੀਂ ਬਲਕਿ ਉਸ ਸਮੇਂ ਮੌਕੇ 'ਤੇ ਤਾਇ-ਨਾਤ ਇਕ ਵੱਡੇ ਪੁਲਿਸ ਅਧਿਕਾਰੀ ਨੇ ਅਪਣਾ ਨਾਮ ਨਾ ਛਾਪੇ ਜਾਣ ਦੀ ਸ਼ਰਤ 'ਤੇ ਦੱਸੀ ਹੈ। ਮਨੁੱਖੀ ਅਧਿਕਾਰਾਂ ਲਈ ਕੰਮ ਕਰਦੇ ਰਹੇ ਰਾਮ ਨਰਾਇਣ ਕੁਮਾਰ ਦੁਆਰਾ ਲਿਖੀ ਕਿਤਾਬ ''ਟੈਰਰ ਇਨ ਪੰਜਾਬ'' ਵਿਚ ਛਪੀ ਪੁਲਿਸ ਅਧਿਕਾਰੀ ਦੀ ਇੰਟਰਵਿਊ ਵਿਚ ਕਈ ਅਜਿਹੇ ਅਹਿਮ ਪ੍ਰਗਟਾਵੇ ਕੀਤੇ ਗਏ ਹਨ ਜਿਨ੍ਹਾਂ ਨੂੰ ਪੜ੍ਹ ਕੇ ਉਸ ਵਖਤ ਦਾ ਸੱਚ ਸਾਹਮਣੇ ਆ ਜਾਂਦਾ ਹੈ। ਪੁਲਿਸ ਅਧਿਕਾਰੀ ਮੁਤਾਬਕ, ''ਮੈਨੂੰ ਭਾਈ ਗੁਰਦੇਵ ਸਿੰਘ ਕਾਉਕੇ 'ਤੇ ਨਿਜੀ ਤੌਰ 'ਤੇ ਕੋਈ ਸ਼ੱਕ ਨਹੀਂ ਸੀ ਕਿਉਂਕਿ ਮੈਂ ਖ਼ੁਦ ਲੰਮਾਂ ਸਮਾਂ ਜਗਰਾਉਂ ਲੱਗਾ ਰਿਹਾ ਹਾਂ। ਜਗਰਾਉਂ ਦੇ ਸੀ.ਆਈ.ਏ ਸਟਾਫ਼ ਵਲੋਂ ਉਸ (ਭਾਈ ਗੁਰਦੇਵ ਸਿੰਘ) ਨੂੰ ਕਈ ਵਾਰ ਪੁਛਗਿਛ ਲਈ ਲਿਆਂਦਾ ਗਿਆ। ਉਨ੍ਹਾਂ ਨੂੰ ਐਸ.ਪੀ. ਸ਼ਿਵ ਕੁਮਾਰ ਤੇ ਐਸ.ਪੀ. ਅਨਿਲ ਕੁਮਾਰ ਵਲੋਂ ਇਨ-ਟੈਰੋਗੇਟ ਕੀਤਾ ਗਿਆ ਪਰ ਪੁਛਗਿਛ ਦੌਰਾਨ ਉਸ ਪਾਸੋਂ ਕੁੱਝ ਵੀ ਬਰਾਮਦ ਨਾ ਹੋ ਸਕਿਆ। ਕੋਈ ਹਥਿਆਰ ਬਰਾਮਦ ਨਾ ਹੋਇਆ। ਅਤਿਵਾਦੀ ਕਾਰਵਾਈਆਂ ਨਾਲ ਸਬੰਧ ਜੋੜਨ ਲਈ ਕੁੱਝ ਅਧਿਕਾਰੀਆਂ ਵਲੋਂ ਭਾਈ ਕਾਉਂਕੇ ਨੂੰ ਬੁਰੀ ਤਰ੍ਹਾਂ ਨਾਲ ਬੇਇੱਜ਼ਤ ਕੀਤਾ ਗਿਆ। ਇਥੇ ਹੀ ਬੱਸ ਨਹੀਂ ਉਨ੍ਹਾਂ ਦੇ ਪਿੰਡ ਵਿਚ ਸੀ.ਆਰ.ਪੀ ਦੀ ਇਕ ਕੰਪਨੀ ਵੀ ਤਾਇਨਾਤ ਕਰ ਦਿਤੀ ਗਈ ਤਾਕਿ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾ ਸਕੇ। ਜਗਰਾਉਂ ਦੇ ਉਸ ਸਮੇਂ ਦੇ ਐਸ.ਐਸ.ਪੀ ਸਵਰਨ ਸਿੰਘ ਘੋਟਣਾ ਕੋਲ ਖ਼ੁਫ਼ੀਆ ਵਿਭਾਗ ਦੀਆਂ ਸਾਰੀਆਂ ਰੀਪੋਰਟਾਂ ਸਨ, ਇਸ ਦੇ ਬਾਵਜੂਦ ਕਿਸੇ ਨੇ ਉਸ ਨੂੰ ਸ਼ੱਕ ਪਾਇਆ ਸੀ ਕਿ ਭਾਈ ਕਾਉਕੇ ਕੋਲ ਹਥਿਆਰਾਂ ਦੀ ਇਕ ਖੇਪ ਪੁੱਜੀ ਹੈ। ਉਸ ਨੇ ਇਸੇ ਆਧਾਰ 'ਤੇ ਥਾਣਾ ਜਗਰਾਉਂ ਸਦਰ ਦੇ ਐਸ.ਐਚ.ਓ ਗੁਰਮੀਤ ਸਿੰਘ ਨੂੰ ਭਾਈ ਕਾਉਕੇ ਦੀ ਗ੍ਰਿਫ਼ਤਾਰੀ ਦੇ ਹੁਕਮ ਦਿਤੇ।''

ਉਕਤ ਪੁਲਿਸ ਅਧਿਕਾਰੀ ਮੁਤਾਬਕ ਸਵਰਨ ਸਿੰਘ ਘੋਟਣਾ ਨੂੰ ਸ਼ੱਕ ਸੀ ਕਿ ਇਸ ਖੇਤਰ ਵਿਚ ਵਾਪਰ ਰਹੀਆਂ ਘਟਨਾਵਾਂ ਪਿੱਛੇ ਭਾਈ ਕਾਉਕੇ ਦਾ ਹੱਥ ਹੈ ਜਦਕਿ ਸੱਚ ਇਹ ਹੈ ਕਿ ਭਾਈ ਕਾਉਕੇ ਨੇ ਕੋਈ ਜੁਰਮ ਨਹੀਂ ਸੀ ਕੀਤਾ ਤੇ ਨਾ ਹੀ ਉਸ ਕੋਲੋਂ ਕੋਈ ਹਥਿਆਰ ਹੀ ਬਰਾਮਦ ਹੋਇਆ।

ਇਥੋਂ ਤਕ ਕਿ 12 ਬੋਰ ਦੀ ਕੋਈ ਰਾਈਫ਼ਲ ਵੀ ਬਰਾਮਦ ਨਹੀਂ ਹੋਈ ਤੇ ਨਾ ਹੀ ਉਸ ਦਾ ਕਿਸੇ ਅਤਿਵਾਦੀ ਘਟਨਾ ਵਿਚ ਹੱਥ ਹੋਣਾ ਹੀ ਸਾਬਤ ਹੋਇਆ। ਪੁਲਿਸ ਅਧਿਕ-ਾਰੀ ਅਨੁਸਾਰ ਭਾਈ ਕਾਉਂਕੇ ਨੂੰ 27 ਦਸੰਬਰ 1992 ਨੂੰ ਜਗਰਾਉਂ ਦੇ ਸੀ.ਆਈ.ਏ ਸਟਾਫ਼ ਵਿਚ ਲਿਆਂਦਾ ਗਿਆ ਜਿਥੇ ਡੀ.ਐਸ.ਪੀ (ਡੀ) ਹਰਬੰਸ ਸਿੰਘ ਸੋਢੀ ਨੇ ਉਸ ਨੂੰ ਪੁਛਗਿਛ ਕੀਤੀ ਤੇ ਤਸੀਹੇ ਦਿਤੇ। ਪੁਲਿਸ ਅਧਿਕਾਰੀ ਮੁਤਾਬਕ , ''ਮੈਂ ਘੋਟਨਾ ਨੂੰ ਆਖ ਦਿਤਾ ਸੀ ਕਿ ਮੈਂ ਇਸ ਨਾਲ ਕੰਮ ਨਹੀਂ ਕਰਾਂਗਾ ਕਿਉਂਕਿ ਉਹ (ਸੋਢੀ) ਹਰ ਰੋਜ਼ ਕਿਸੇ ਨਾ ਕਿਸੇ ਨੂੰ ਮਾਰ ਕੇ ਪਾਣੀ ਵਿਚ ਸੁੱਟ ਦਿੰਦਾ ਸੀ ਅਤੇ ਇਸ ਕੰਮ ਲਈ ਉਹ ਰਾਜਕੋਟ ਅਤੇ ਸਿੱਧਵਾਂ ਦੇ ਐਸ.ਐਚ.ਓ ਦੀ ਡਿਊਟੀ ਲਗਾਉਂਦਾ ਸੀ। ਅਧਿ-ਕਾਰੀ ਮੁਤਾਬਕ ਸੋਢੀ ਭਾਈ ਕਾਉਕੇ 'ਤੇ ਤਸ਼ੱਦਦ ਕਰ ਕੇ ਉਨ੍ਹਾਂ ਪਾਸੋਂ ਘੋਟਨਾ ਦੇ ਖ਼ਿਆਲੀ ਪੁਲਾਉ ਹਥਿਆਰਾਂ ਦੀ ਉਹ ਬੋਰੀ ਬਰਾਮਦ ਕਰਨਾ ਚਾਹੁੰਦਾ ਸੀ ਜਿਸ ਬਾਰੇ ਘੋਟਨਾ ਨੂੰ ਭਾਈ ਕਾਉਕੇ 'ਤੇ ਸ਼ੱਕ ਸੀ।'' ਅਧਿਕ-ਾਰੀ ਮੁਤਾਬਕ ਭਾਈ ਕਾਉਕੇ ਦੀ ਗ੍ਰਿਫ਼ਤਾਰੀ ਤੋਂ ਬਾਅਦ ਬਾਬਾ ਰਣਜੀਤ ਸਿੰਘ ਤੇ ਹੋਰ ਕਈ ਲੋਕਾਂ ਦੀ ਗ੍ਰਿਫ਼ਤਾਰੀ ਹੋਈ ਪਰ ਕਿਸੇ ਦੀ ਵੀ ਕਿਸੇ ਸਮਾਜ ਵਿਰੋਧੀ ਕਾਰਵਾਈ ਵਿਚ ਸ਼ਮੂਲੀਅਤ ਸਾਬਤ ਨਾ ਹੋਈ। ਇਨ੍ਹਾਂ ਫੜੇ ਗਏ ਵਿਅਕਤੀਆਂ ਪਾਸੋਂ ਕੋਈ ਹਥਿਆਰ ਬਰਾਮਦ ਨਾ ਹੋਇਆ। ਉਕਤ ਪੁਲਿਸ ਅਧਿਕਾਰੀ ਨੇ ਦਸਿਆ ਕਿ ਜ਼ਾਤੀ ਤੌਰ 'ਤੇ ਉਹ ਮਹਿਸੂਸ ਕਰਦਾ ਹੈ ਕਿ ਸਵਰਨ ਸਿੰਘ ਘੋਟਣਾ ਨੂੰ ਪਤਾ ਲੱਗ ਚੁਕਾ ਸੀ ਕਿ ਉਸ ਦੀ ਬਦਲੀ ਕਿਤੇ ਬਾਹਰ ਹੋ ਸਕਦੀ ਹੈ, ਇਸ ਲਈ ਉਸ ਨੇ ਭਾਈ ਗੁਰਦੇਵ ਸਿੰਘ ਕਾਉਕੇ ਨੂੰ ਮਾਰਨ ਦਾ ਫ਼ੈਸਲਾ ਕਰ ਲਿਆ ਤਾਕਿ ਉਸ ਦੀ ਜਗਰਾਉਂ ਤੋਂ ਬਦਲੀ ਨਾ ਹੋ ਸਕੇ। ਅਧਿਕਾਰੀ ਨੇ ਇਕ ਹੋਰ ਅਹਿਮ ਪ੍ਰਗਟਾਵਾ ਕਰਦਿਆਂ ਕਿਹਾ ਕਿ ਘੋਟਨਾ ਬਦਲੀ ਤੋਂ ਬਚਣ ਲਈ ਜਾਂ ਐਸ. ਐਸ.ਪੀਜ਼ ਦੀਆਂ ਮੀਟਿੰਗਾਂ ਜੋ ਕਿ ਤਤਕਾਲੀ ਪੁਲਿਸ ਮੁਖੀ ਕੇ.ਪੀ.ਐਸ ਗਿੱਲ ਨਾਲ ਹੁੰਦੀਆਂ ਸਨ, ਵਿਚ 3 ਤੋਂ 400 ਤਕ ਖਾੜਕੂਆਂ ਦੇ ਮਾਰੇ ਜਾਣ ਦੀ ਰੀਪੋਰਟ ਰਖਦਾ ਸੀ। ਕਿਤਾਬ ਵਿਚ ਛਪੀ ਇੰਟਰਵਿਊ ਮੁਤਾਬਕ ਗਿੱਲ ਨਾਲ ਚਲਦੀ ਮੀਟਿੰਗ ਵਿਚ ਹਰ ਐਸ.ਐਸ.ਪੀ ਰੀਪੋਰਟ ਕਰਦਾ ਸੀ ਕਿ ਕਿਸੇ ਨੇ 14, 15, 10 ਜਾਂ 28 ਖਾੜਕੂ ਮਾਰੇ ਹਨ। ਗਿੱਲ ਦੀਆਂ ਮੀਟਿੰਗਾਂ ਦੌਰਾਨ ਅਜਿਹੀਆਂ ਕਾਰਵਾਈਆਂ ਨੂੰ ਪੰਜਾਬ ਵਿਚਲੇ ਅਤਿਵਾਦ ਨੂੰ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਵਜੋਂ ਪੇਸ਼ ਕੀਤਾ ਜਾਂਦਾ ਸੀ। ਅਧਿਕਾਰੀ ਨੇ ਦਸਿਆ ਕਿ ਭਾਈ ਕਾਉਂਕੇ ਨੂੰ 31 ਦਸੰਬਰ 1992 ਨੂੰ ਜਗਰਾਉਂ ਦੇ ਥਾਣਾ ਸਦਰ ਵਿਖੇ ਲਿਆਂਦਾ ਗਿਆ ਜਿਥੇ ਉਨ੍ਹਾਂ ਦੀ ਹਾਲਤ ਬਹੁਤ ਹੀ ਮਾੜੀ ਸੀ। ਇਹ ਪੁਛੇ ਜਾਣ 'ਤੇ ਕਿ ਭਾਈ ਕਾਉਕੇ ਨੂੰ 1 ਜਨਵਰੀ 1993 ਨੂੰ ਸਦਰ ਥਾਣੇ ਤੋਂ ਲੈ ਜਾਇਆ ਗਿਆ ਤਾਂ ਅਧਿਕਾਰੀ ਨੇ ਦਸਿਆ ਕਿ ਨਹੀਂ ਉਸ ਸਮੇਂ ਭਾਈ ਕਾਉਕੇ ਨੂੰ ਬੁਰੀ ਤਰ੍ਹਾਂ ਨਾਲ ਤਸੀਹੇ ਦਿਤੇ ਗਏ। ਉਸੇ ਦਿਨ ਸ਼ਾਮ ਨੂੰ ਕਿਸੇ ਹੋਰ ਥਾਂ 'ਤੇ ਲੈ ਗਏ। ਭਾਈ ਕਾਉਕੇ ਦੀ ਹਾਲਤ ਬੜੀ ਤਰਸਯੋਗ ਸੀ। ਗੁਰਮੀਤ ਸਿੰਘ ਐਸ. ਐਚ.ਓ ਸਦਰ ਨੇ ਭਾਈ ਕਾਉਕੇ ਦੀ ਹਾਲਤ ਵੇਖ ਕੇ ਉਨ੍ਹਾਂ ਦੇ ਕਮਰੇ ਵਿਚ ਹੀਟਰ ਦਾ ਪ੍ਰਬੰਧ ਕੀਤਾ ਤੇ ਭਾਈ ਕਾਉਕੇ ਨੂੰ ਕੰਬਲ ਦਿਤਾ। ਅਚਾਨਕ ਉਥੇ ਐਸ.ਐਸ.ਪੀ ਘੋਟਨਾ ਆ ਗਿਆ ਤੇ ਉਸ ਨੇ ਗੁਰਮੀਤ ਸਿੰਘ ਨੂੰ ਗੰਦੀਆਂ ਗਾਲਾਂ ਕਢਦਿਆਂ ਕਿਹਾ ਕਿ ਇਹ ਤੇਰਾ ਪਿਉ ਲਗਦਾ ਹੈ ਜਿਸ ਨੂੰ ਹੀਟਰ ਤੇ ਕੰਬਲ ਦਿਤਾ ਹੋਇਆ ਹੈ। ਉਸ ਸਾਰੇ ਸਮੇਂ ਨੂੰ ਯਾਦ ਕਰ ਕੇ ਉਕਤ ਅਧਿਕਾਰੀ ਨੇ ਦਸਿਆ ਕਿ ਭਾਈ ਕਾਉਕੇ ਦੇ ਸਰੀਰ ਵਿਚੋਂ ਖ਼ੂਨ ਨਿਕਲ ਰਿਹਾ ਸੀ। ਮੈਂ ਮੌਕੇ 'ਤੇ ਮੌਜੂਦ ਸੀ, ਘੋਟਨਾ ਨੇ ਮੇਰੇ ਵਲ ਵੇਖ ਕੇ ਕਿਹਾ, ''ਤੁਹਾਡੇ 'ਜਥੇਦਾਰ' ਦਾ ਪਿਸ਼ਾਬ ਨਿਕਲ ਗਿਆ ਹੈ।'' ਮੈਂ ਕਿਹਾ ਕਿ ਪਿਸ਼ਾਬ ਨਹੀਂ ਖ਼ੂਨ ਨਿਕਲ ਰਿਹਾ ਹੈ ਤੇ ਜਾਨ ਵੀ ਨਿਕਲ ਜਾਵੇਗੀ। 1 ਜਨਵਰੀ 1993 ਨੂੰ ਭਾਈ ਕਾਉਕੇ ਨੂੰ ਸਿੱਧਵਾਂ ਤਬਦੀਲ ਕਰ ਦਿਤਾ ਗਿਆ। ਅਧਿਕਾਰੀ ਨੇ ਦਸਿਆ ਕਿ ਉਸ ਸਮੇਂ ਹਾਈ ਕੋਰਟ ਨੇ ਭਾਈ ਕਾਉਂਕੇ ਦੀ ਭਾਲ ਲਈ ਇਕ ਵਾਰੰਟ ਅਫ਼ਸਰ ਦੀ ਡਿਊਟੀ ਲਾਈ ਸੀ, ਜੇ ਉਹ ਵਾਰੰਟ ਅਫ਼ਸਰ 1 ਜਨਵਰੀ 1993 ਨੂੰ ਸਿੱਧਾ ਸਦਰ ਥਾਣਾ ਆਉਂਦਾ ਤਾਂ ਸੰਭਵ ਹੈ ਕਿ ਭਾਈ ਕਾਉਕੇ ਆਖ਼ਰੀ ਸਾਹ ਸਦਰ ਥਾਣੇ ਵਿਚ ਹੀ ਲੈਂਦੇ। ਇਸ ਸਾਰੇ ਮਾਮਲੇ 'ਤੇ ਖਾਲੜਾ ਮਿਸ਼ਨ ਆਰਗੇ-ਨਾਇਜ਼ੇਸ਼ਨ ਅਤੇ ਹੋਰ ਮਨੁੱਖੀ ਅਧਿਕਾਰ ਸੰਗਠਨ ਭਾਵੇਂ ਭਾਈ ਕਾਉਂਕੇ ਦੀ ਸ਼ਹਾਦਤ ਦਾ ਸੱਚ ਸਾਹਮਣੇ ਲਿਅ-ਾਉਣ ਲਈ ਲਗਾਤਾਰ ਜੱਦੋ-ਜਹਿਦ ਕਰਦੇ ਆ ਰਹੇ ਹਨ ਪਰ ਪੰਜਾਬ ਸਰਕਾਰ ਉਨ੍ਹਾਂ ਦੀ ਸ਼ਹਾਦਤ 'ਤੇ ਲਗਾਤਾਰ ਪਰਦਾ ਪਾਉਣ ਦਾ ਕੰਮ ਕਰ ਰਹੀ ਹੈ। ਇਸੇ ਦੌਰਾਨ ਖਾਲੜਾ ਮਿਸ਼ਨ ਆਰਗੇਨਾਇਜ਼ੇਸਨ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਵਲੋਂ ਐਲਾਨੇ ਫ਼ਖ਼ਰ-ਇ-ਕੌਮ ਅਤੇ ਪੰਥ ਰਤਨ ਦਾ ਸਨਮਾਨ ਪ੍ਰਾਪਤ ਕਰਨ ਵਾਲੇ ਸਰਕਾਰ ਦੇ ਮੁਖੀ ਨੇ ਅੱਜ ਤਕ ਭਾਈ ਕਾਉਂਕੇ ਨੂੰ ਭਗੌੜਾ ਹੀ ਦਸਿਆ ਹੋਇਆ ਹੈ ਜਦਕਿ ਭਾਈ ਕਾਉਂਕੇ ਨੂੰ ਹੱਥ-ਕੜੀ ਲਾਉਣ ਵਾਲੇ ਸਿਪਾਹੀ ਨੂੰ ਸਾਰੀਆਂ ਹੱਦਾਂ ਟੱਪ ਕੇ ਤਰੱਕੀ ਦਿਤੀ ਗਈ। ਖਾਲੜਾ ਮਿਸ਼ਨ ਨੇ ਕਿਹਾ ਕਿ ਫ਼ਖ਼ਰ-ਇ-ਕੌਮ ਕੁਫ਼ਰ-ਇ-ਕੌਮ ਨਾ ਬਣੇ ਤੇ ਭਾਈ ਕਾਉਂਕੇ ਦੀ ਸ਼ਹਾਦਤ ਦੀ ਸਚਾਈ ਸਾਹਮਣੇ ਆ ਜਾਣ ਤੋਂ ਬਾਅਦ ਉਨ੍ਹਾਂ 'ਤੇ ਜ਼ੁਲਮ ਕਰਨ ਵਾਲੇ ਸਵਰਨ ਸਿੰਘ ਘੋਟਣਾ, ਤਤਕਾਲੀ ਡੀ.ਜੀ.ਪੀ ਕੇ.ਪੀ.ਐਸ ਗਿੱਲ ਨੂੰ ਤੁਰਤ ਗ੍ਰਿਫ਼ਤਾਰ ਕ ਸਿੱਖ ਕੌਮ ਦੀ ਇਸ ਤੋਂ ਵੱਡੀ ਤ੍ਰਾਸਦੀ ਕੀ ਹੋਵੇਗੀ ਕਿ ਇਸ ਕੌਮ ਵਿਚ ਧਾਰਮਕ ਤੌਰ ’ਤੇ ਸਰਬਉੱਚ ਸਥਾਨ ਪ੍ਰਾਪਤ ਅਕਾਲ ਤਖ਼ਤ ਸਾਹਿਬ ਦੇ ਇਕ ਕਾਇਮ ਮੁਕਾਮ ‘ਜਥੇਦਾਰ’ ਦੇ ਪੰਜਾਬ ਅੰਦਰ ਪੁਲਿਸ ਹਿਰਾਸਤ ਵਿਚ ਕਤਲ ਬਾਰੇ ਵੀ ਕੌਮ ਨੂੰ ਇਨਸਾਫ਼ ਨਹੀਂ ਮਿਲਿਆ। ਕਿਸੇ ਨੂੰ ਸਜ਼ਾ ਹੋਣਾ ਤਾਂ ਦੂਰ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਹਿਰਾਸਤੀ ਕਤਲ ਬਾਰੇ ਇਕ ਉੱਚ ਪੁਲਿਸ ਅਧਿਕਾਰੀ ਵਲੋਂ ਮੁੱਖ ਮੰਤਰੀ ਦੇ ਹੁਕਮਾਂ ’ਤੇ ਪੜਤਾਲ ਕਰਨ ਉਪਰੰਤ ਬਣਾਈ ਰੀਪੋਰਟ ਮੁੱਖ ਮੰਤਰੀ ਨੂੰ ਸੌਂਪ ਦਿਤੇ ਜਾਣ ਦੇ 30 ਵਰ੍ਹਿਆਂ ਦੇ ਲੰਬੇ ਸਮੇਂ ਮਗਰੋਂ ਵੀ ਨਾ ਤਾਂ ਜਨਤਕ ਹੋ ਸਕੀ ਅਤੇ ਨਾ ਹੀ ਇਸ ਰੀਪੋਰਟ ਵਿਚ ਕੀਤੀਆਂ ਸਿਫ਼ਾਰਸ਼ਾਂ ਦੇ ਆਧਾਰ ’ਤੇ ਕੋਈ ਕਾਰਵਾਈ ਹੀ ਕੀਤੀ ਗਈ। ਇਸ ਰੀਪੋਰਟ ਨੂੰ ਜਨਤਕ ਕਰਾਉਣ ਲਈ ਪੰਥਕ ਆਗੂਆਂ ਵਲੋਂ ਕੀਤੀਆਂ ਹੋਰ ਚਾਰਾਜੋਈਆਂ ਅਤੇ ਬਿਆਨਬਾਜ਼ੀਆਂ ਦਾ ਅਸਰ ਕਬੂਲਣਾ ਤਾਂ ਦੂਰ, ਇਸ ਨੂੰ ਜਨਤਕ ਕਰਾਉਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀਆਂ ਬਰੂਹਾਂ ’ਤੇ ਦਿਤੀ ਦਸਤਕ ਦੇ ਫਲਸਰੂਪ ਹਾਈ ਕੋਰਟ ਦੀ ਦਖ਼ਲਅੰਦਾਜ਼ੀ ਦੇ ਬਾਵਜੂਦ ਰਾਜ ਸਰਕਾਰ ਇਸ ਰੀਪੋਰਟ ’ਤੇ ਪਾਲਥੀ ਮਾਰ ਕੇ ਬੈਠੀ ਰਹੀ ਹੈ, ਬੈਠੀ ਹੈ। ਪੁਲਿਸ ਦੇ ਇਕ ਉੱਚ ਅਧਿਕਾਰੀ ਵਲੋਂ ਪੜਤਾਲ ਮਗਰੋਂ ਬਣਾਈ ਇਸ ਰਿਪੋਰਟ ਵਿਚ ਕਿੰਨਾ ਕੁ ਸੇਕ ਹੈ ਕਿ 30 ਵਰ੍ਹਿਆਂ ਬਾਅਦ ਵੀ ਸਰਕਾਰ ਇਸ ਨੂੰ ਜਨਤਕ ਕਰਨ ਦਾ ਹੀਆ ਨਹੀਂ ਸੀ ਕਰਦੀ ਕਿ ਕਿਤੇ ਇਸ ਦਾ ਸੇਕ ਆਸਾ ਪਾਸਾ ਨਾ ਲੂਹ ਦੇਵੇ। ਇਹ ਰੀਪੋਰਟ ਕਿਸ ਵਲ ਉਂਗਲ ਚੁੱਕਦੀ ਹੈ, ਕਿਸ ਨੂੰ ਦੋਸ਼ੀ ਠਹਿਰਾਉਂਦੀ ਹੈ ਤੇ ਸਰਕਾਰ ਕਿਸ ਨੂੰ ਅਤੇ ਕਿਉਂ ਬਚਾਉਣਾ ਚਾਹੁੰਦੀ ਹੈ, ਇਹ ਸਵਾਲ ਪੰਥਕ ਸੋਚ ਵਾਲੇ ਆਗੂਆਂ ਅਤੇ ਲੋਕਾਂ ਨੂੰ ਬਰਾਬਰ ਪਰੇਸ਼ਾਨ ਕਰਦੇ ਆ ਰਹੇ ਹਨ। ਉਸ ਵੇਲੇ ਦੇ ਏ.ਡੀ.ਜੀ.ਪੀ. ਬੀ.ਪੀ. ਤਿਵਾੜੀ ਵਲੋਂ ਤਿਆਰ ਸੱਤ ਸਫ਼ਿਆਂ ਦੀ ਪੰਜਾਬੀ ਵਿਚ ਟਾਈਪ ਕੀਤੀ ਇਹ ਰੀਪੋਰਟ ਹਾਸਲ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ 6 ਜੂਨ 1998 ਨੂੰ ਇਸ ਮਾਮਲੇ ਦੀ ਪੜਤਾਲ ਦਾ ਜ਼ਿੰਮਾ ਉਸ ਵੇਲੇ ਬਤੌਰ ਏ.ਡੀ.ਜੀ.ਪੀ. ਟਰੇਨਿੰਗ ਸੇਵਾ ਨਿਭਾਅ ਰਹੇ ਬੀ.ਪੀ. ਤਿਵਾੜੀ ਹੁਰਾਂ ਨੂੰ ਸੌਂਪਿਆ ਗਿਆ ਸੀ ਜਿਨ੍ਹਾਂ ਨੂੰ ਇਹ ਕਾਰਜ ਮੁਕੰਮਲ ਕਰਨ ਲਈ ਤਿੰਨ ਮਹੀਨੇ ਦਾ ਸਮਾਂ ਦਿਤਾ ਗਿਆ ਸੀ ਪਰ ਉਨ੍ਹਾਂ ਨੇ ਇਹ ਰੀਪੋਰਟ ਸਵਾ ਸਾਲ ਤੋਂ ਵੀ ਵੱਧ ਸਮੇਂ ਤੋਂ ਬਾਅਦ 29.9.99 ਨੂੰ ਅਪਣੇ ਦਸਤਖ਼ਤਾਂ ਹੇਠ ਸਰਕਾਰ ਨੂੰ ਸੌਂਪੀ। ਸਰਕਾਰ ਨੇ ਇਸ ਰੀਪੋਰਟ ਨੂੰ ਜਨਤਕ ਕਰਨ ਤੋਂ ਨਾਂਹ ਕਰ ਦਿਤੀ ਅਤੇ ਨਾਂਹ ਹੀ ਨਹੀਂ ਕੀਤੀ ਸਗੋਂ ਐਸਾ ਨੰਨਾ ਫੜਿਆ ਕਿ ਅੱਜ ਤਾਈਂ ਇਹ ਜਨਤਕ ਨਹੀਂ ਕੀਤੀ ਗਈ। ਇਕ ਪੁਲਿਸ ਅਧਿਕਾਰੀ ਵਲੋਂ ਪੜਤਾਲ ਉਪਰੰਤ ਤਿਆਰ ਇਹ ਰੀਪੋਰਟ ਨਾ ਕੇਵਲ ਇਸ ਕੇਸ ਨਾਲ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਪੰਜਾਬ ਵਿਚ ਖਾੜਕੂਵਾਦ ਦੇ ਅਸਾਧਾਰਨ ਹਾਲਾਤ ਅੰਦਰ ਪੁਲਿਸ ਦੇ ਇਕ ਹਿੱਸੇ ਵਲੋਂ ਅਪਣਾਏ ਅਸਾਧਾਰਣ, ਅਨੈਤਿਕ ਅਤੇ ਗ਼ੈਰ ਕਾਨੂੰਨੀ ਵਤੀਰੇ ਦੀ ਬਾਤ ਪਾਉਂਦੀ ਹੈ ਸਗੋਂ ਇਸ ਵਤੀਰੇ ਲਈ ਜ਼ਿੰਮੇਵਾਰੀ ਨਿਰਧਾਰਤ ਕਰਦਿਆਂ ਉਸ ਵੇਲੇ ਦੇ ਪੁਲਿਸ ਮੁਖੀ ਕੇ.ਪੀ. ਐਸ ਗਿੱਲ ਦੀ ਕਾਰਜਸ਼ੈਲੀ ’ਤੇ ਵੀ ਗੰਭੀਰ ਅਤੇ ਸਖ਼ਤ ਟਿਪਣੀਆਂ ਕਰਦੀ ਹੈ। ਇਕ ਪਾਸੇ ਜਿਥੇ ਇਹ ਰੀਪੋਰਟ ਪੁਲਿਸ ਅਧਿਕਾਰੀਆਂ ਅਤੇ ਉਸ ਵੇਲੇ ਦੀ ਅਸਾਧਾਰਨ ਪੁਲਿਸ ਵਿਵਸਥਾ ਦੇ ਢੰਗ ਤਰੀਕਿਆਂ ਨੂੰ ਉਜਾਗਰ ਕਰਨ ਵਿਚ ਕੋਈ ਕਸਰ ਨਹੀਂ ਛਡਦੀ, ਉਥੇ ਇਹੀ ਰੀਪੋਰਟ ਕਾਫ਼ੀ ਜ਼ਿਆਦਾ ਤੱਥ ਸਾਹਮਣੇ ਹੋਣ ਦੇ ਬਾਵਜੂਦ ਇਸ ਸਿੱਟੇ ’ਤੇ ਨਹੀਂ ਪੁਜਦੀ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਪੁਲਿਸ ਹਿਰਾਸਤ ਵਿਚੋਂ ਕਥਿਤ ਤੌਰ ’ਤੇ ਭੱਜ ਜਾਣ ਦੀ ਕਹਾਣੀ ਦੇ ਬਾਵਜੂਦ ਇਹ ਸਚਮੁਚ ਹੀ ਪੁਲਿਸ ਹਿਰਾਸਤ ਵਿਚ ਕਤਲ ਦਾ ਮਾਮਲਾ ਹੈ। ਰੀਪੋਰਟ ਵਿਚ ਬਿਆਨ ਕੀਤੇ ਹਾਲਾਤ ਦੇ ਬਾਵਜੂਦ ਪੁਲਿਸ ਹਿਰਾਸਤ ਵਿਚ ਕਤਲ ਦੀ ਜਗ੍ਹਾ ’ਤੇ ਪੁਲਿਸ ਹਿਰਾਸਤ ਵਿਚ ਮੌਤ ਸ਼ਬਦ ਵਰਤਣ ਤੋਂ ਹੀ ਸਪੱਸ਼ਟ ਹੈ ਕਿ ਪੁਲਿਸ ਦੇ ਵਤੀਰੇ ਦੇ ਸਬੰਧ ਵਿਚ ਕਾਫ਼ੀ ਅੱਗੇ ਤਕ ਲੰਘ ਆਉਣ ਦੇ ਬਾਵਜੂਦ ਬੀ.ਪੀ. ਤਿਵਾੜੀ ਹੁਰਾਂ ਨੇ ਇਸ ਨੂੰ ਹਿਰਾਸਤੀ ਕਤਲ ਜਾਂ ਫਿਰ ਮੌਤ ਦਾ ਮਾਮਲਾ ਨਹੀਂ ਮੰਨਿਆ। ਜਿਥੇ ਇਹ ਰੀਪੋਰਟ ਇਹ ਦੱਸਣ ਵਿਚ ਸਫ਼ਲ ਰਹੀ ਹੈ ਕਿ ਪੰਜਾਬ ਵਿਚ ਵਾਪਰੇ ਹੋਰਨਾਂ ਅਨੇਕਾਂ ਅਤੇ ਅਣਗਿਣਤ ਕੇਸਾਂ ਵਾਂਗ ਅਕਾਲ ਤਖ਼ਤ ਦੇ ਇਕ ਕਾਇਮ ਮੁਕਾਮ ‘ਜਥੇਦਾਰ’ ਨੂੰ ਪਰਵਾਰਕ ਮੈਂਬਰਾਂ ਅਤੇ ਵੱਡੀ ਗਿਣਤੀ ਵਿਚ ਪਿੰਡ ਵਾਲਿਆਂ ਦੇ ਸਾਹਮਣਿਉਂ ਘਰੋਂ ਚੁੱਕ ਕੇ ਵੀ ਕਿਵੇਂ ਪੁਲਿਸ ਉਸ ਦੇ ਹਿਰਾਸਤ ਵਿਚ ਹੋਣ ਬਾਰੇ ਹੀ ਮੁਨਕਰ ਹੋ ਜਾਇਆ ਕਰਦੀ ਸੀ, ਉਥੇ ਇਹ ਰੀਪੋਰਟ ਇਹ ਦੱਸਣ ਵਿਚ ਅਸਫ਼ਲ ਰਹੀ ਹੈ ਕਿ ਭਾਈ ਕਾਉਂਕੇ ਦੀ ਸ਼ਹਾਦਤ ਦੀ ਕਹਾਣੀ ਨਾਲ ਸਬੰਧ ਰਖਦੇ ਪੁਲਿਸ ਅਧਿਕਾਰੀਆਂ ਦੀਆਂ ਖ਼ਾਮੀਆਂ ਕਿੰਨੀਆਂ ਉਜਾਗਰ ਅਤੇ ਸਪੱਸ਼ਟ ਸਨ। ਉਨ੍ਹਾਂ ਦਾ ਵਤੀਰਾ ਜਾਇਜ਼ ਅਤੇ ਕਾਨੂੰਨ ਅਨੁਸਾਰ ਨਹੀਂ ਸੀ ਅਤੇ ਜੇ ਪੁਲਿਸ ਦੀ ਕਹਾਣੀ ਦੀਆਂ ਚੋਰ ਮੋਰੀਆਂ ਕਈ ਟਾਕੀਆਂ ਲਾਇਆਂ ਵੀ ਲੁਕਣ ਵਿਚ ਨਹੀਂ ਸਨ ਆਉਂਦੀਆਂ ਤਾਂ ਫਿਰ ਉਕਤ ਸੱਭ ਦੇ ਬਾਵਜੂਦ ਭਾਈ ਕਾਉਂਕੇ ਦੇ ਪੁਲਿਸ ਹਿਰਾਸਤ ਵਿਚ ਕਤਲ ਜਾਂ ਫਿਰ ਮੌਤ ਬਾਰੇ ਸ਼ੱਕ ਕਿਉਂ ਅਤੇ ਕਿਵੇਂ ਰਹਿ ਜਾਂਦਾ ਹੈ?

ਅਕਾਲ ਤਖ਼ਤ ਦੇ ਇਕ ਸਾਬਕਾ ‘ਜਥੇਦਾਰ’ ਨੂੰ ਪੁਛਗਿਛ ਦੇ ਨਾਂਅ ’ਤੇ ਹਿਰਾਸਤ ਵਿਚ ਹੀ ਮੁਕਾ ਦੇਣ ਦੇ ਇਸ ਕੇਸ ਨੂੰ ਖਾੜਕੂਵਾਦ ਸਮੇਂ ਝੂਠੇ ਮੁਕਾਬਲਿਆਂ ਅਤੇ ਇਸੇ ਤਰ੍ਹਾਂ ਦੇ ਹੋਰ ਕੇਸਾਂ ਦਾ ਨੁਮਾਇੰਦਾ ਕੇਸ ਵਜੋਂ ਪੇਸ਼ ਕੀਤਾ ਜਾ ਸਕਦਾ ਸੀ ਪਰ ਸਿੱਖ ਕੌਮ ਇੰਜ ਵੀ ਨਹੀਂ ਕਰ ਸਕੀ। ਇਸ ਅਣਗੌਲੇ ਕੇਸ ਦੀ ਰੀਪੋਰਟ ਹੁਣ ਤਕ ਦੱਬੀ ਪਈ ਰਹੀ, ਪਈ ਰਹੀ ਨਹੀਂ,

ਪਿਛਲੇ ਸਫ਼ੇ ਦਾ ਬਾਕੀ

ਹੁਣ ਤਕ ਦੱਬੀ ਪਈ ਰੀਪੋਰਟ ਦੇ ਕੁੱਝ ਅਹਿਮ ਤੱਥ ਬਿਨਾਂ ਬਹੁਤਾ ਤਰੱਦਦ ਕੀਤਿਆਂ ਇਸ ਕੇਸ ਦਾ ਸੱਚ ਉਘਾੜ ਕੇ ਪੇਸ਼ ਕਰਨ ਲਈ ਕਾਹਲੇ ਜਾਪਦੇ ਹਨ। ਪੜਤਾਲ ਦੇ ਵੱਖ-ਵੱਖ ਪਹਿਲੂਆਂ ਨੂੰ ਬਿਆਨ ਕਰਨ ਉਪਰੰਤ ਪੜਤਾਲ ਦਾ ਸਿੱਟਾ ਪੇਸ਼ ਕਰਦਿਆਂ ਸ੍ਰੀ ਤਿਵਾੜੀ ਕਹਿੰਦੇ ਹਨ ਕਿ ਸਾਰੇ ਹਾਲਾਤ ਨੂੰ ਦੇਖਦੇ ਹੋਏ ਇਹ ਸਾਫ਼ ਸਾਬਤ ਹੁੰਦਾ ਹੈ ਕਿ 25.12.92 ਨੂੰ ਉਸ ਸਮੇਂ ਦੇ ਇੰਸਪੈਕਟਰ ਗੁਰਮੀਤ ਸਿੰਘ ਐਸ.ਐਚ.ਓ. ਜਗਰਾਉਂ ਅਤੇ ਹੁਣ ਡੀ.ਐਸ.ਪੀ. ਅਮਲੋਹ ਪੁਲਿਸ ਪਾਰਟੀ ਸਮੇਤ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਉਸ ਦੇ ਘਰੋਂ ਲੈ ਗਿਆ ਜਿਹੜਾ ਮੁੜ ਕੇ ਵਾਪਸ ਨਹੀਂ ਆਇਆ। ਪੁਲਿਸ ਦਾ ਇਸ ਗੱਲ ਦਾ ਖੰਡਨ ਕਰਨਾ ਮੰਨਣਯੋਗ ਨਹੀਂ ਹੈ ਤੇ ਨਾ ਹੀ ਪੁਲਿਸ ਦਾ ਇਹ ਕਹਿਣਾ ਮੰਨਣਯੋਗ ਹੈ ਕਿ 2.1.93 ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਅਤੇ ਪਿੰਡ ਕਾਨੀਆਂ ਦੀ ਹੱਦ ਵਿਚ ਅਤਿਵਾਦੀਆਂ ਦੀ ਪੁਲਿਸ ਉਤੇ ਫ਼ਾਇਰਿੰਗ ਦੌਰਾਨ ਉਹ ਬੈਲਟ ਤੋੜ ਕੇ ਭੱਜ ਗਿਆ ਪਰ ਇਸ ਦੇ ਨਾਲ ਹੀ ਤਿਵਾੜੀ ਕਹਿੰਦੇ ਹਨ ਕਿ ਇਸ ਗੱਲ ਤੋਂ ਕੋਈ ਕਾਬਲੇ ਸਬੂਤ ਨਹੀਂ ਆਇਆ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਨੇ ਮਾਰਕੁੱਟ ਕੇ ਮਾਰ ਦਿਤਾ। ਰੀਪੋਰਟ ਵਿਚ ਦਸਿਆ ਗਿਆ ਹੈ ਕਿ ਇਕ ਗਵਾਹ ਸਿਪਾਹੀ ਦਰਸ਼ਨ ਸਿੰਘ ਵਲੋਂ ਪਹਿਲਾਂ ਮਨੁੱਖੀ ਅਧਿਕਾਰ ਜਥੇਬੰਦੀ ਸਾਹਮਣੇ ਦਿਤੇ ਬਿਆਨ ਵਿਚ ਭਾਈ ਕਾਉਂਕੇ ਨੂੰ ਕੁੱਟ ਕੁੱਟ ਕੇ ਮਾਰਨ ਦੀ ਗੱਲ ਕਹੀ ਗਈ ਸੀ ਪਰ ਬਾਅਦ ਵਿਚ ਸ੍ਰੀ ਤਿਵਾੜੀ ਸਾਹਮਣੇ ਉਸ ਨੇ ਅਪਣਾ ਬਿਆਨ ਬਦਲ ਲਿਆ। ਰੀਪੋਰਟ ਬਣਾਉਂਦਿਆਂ ਤਿਵਾੜੀ ਦੇ ਧਿਆਨ ਵਿਚ ਸ਼ਾਇਦ ਇਹ ਨਾ ਰਿਹਾ ਹੋਵੇ ਕਿ ਇਸ ਤਰ੍ਹਾਂ ਦੇ ਕੇਸਾਂ ਵਿਚ ਅਕਸਰ ਗਵਾਹ ਬਦਲ ਨਹੀਂ ਜਾਂਦੇ, ਬਦਲ ਜਾਣ ਲਈ ਮਜਬੂਰ ਕਰ ਦਿਤੇ ਜਾਂਦੇ ਹਨ। ਸ੍ਰੀ ਤਿਵਾੜੀ ਤਾਂ ਅਪਣੀ ਰੀਪੋਰਟ ਵਿਚ ਇਹ ਵੀ ਕਹਿੰਦੇ ਹਨ ਕਿ ਜਿਹਨਾਂ ਹੋਰ ਵਿਅਕਤੀਆਂ ਦਾ ਇਹ ਕਹਿਣਾ ਹੈ ਕਿ ਉਨ੍ਹਾਂ ਦੇ ਸਾਹਮਣੇ ਮਾਰਕੁਟਾਈ ਹੋਈ ਹੈ, ਉਸ ਵਕਤ ਦੇ ਕਿਸੇ ਅਫ਼ਸਰ ਨੂੰ ਇਸ ਗ਼ੈਰ ਕਾਨੂੰਨੀ ਹਰਕਤ ਬਾਰੇ ਕਿਸੇ ਨੇ ਨਾ ਤਾਂ ਦਰਖ਼ਾਸਤ ਦਿਤੀ ਅਤੇ ਨਾ ਹੀ ਕੋਈ ਡਾਕਟਰੀ ਮੁਆਇਨਾ ਕਰਾਇਆ। ਲਗਦਾ ਹੈ ਕਿ ਉਨ੍ਹਾਂ ਦੀ ਕਹਾਣੀ ’ਤੇ ਯਕੀਨ ਕਰਨਾ ਉਚਿਤ ਨਹੀਂ ਹੋਵੇਗਾ। ਇਸ ਕੇਸ ਦੀ ਪੜਤਾਲ ਕਰਦਿਆਂ ਤਿਵਾੜੀ ਸ਼ਾਇਦ ਇਹ ਵੀ ਨਹੀਂ ਭਾਂਪ ਸਕੇ ਕਿ ਜਿਨ੍ਹਾਂ ਸਾਹਮਣੇ ਮਾਰਕੁਟਾਈ ਹੋਈ ਹੋਵੇਗੀ, ਉਨ੍ਹਾਂ ਨੂੰ ਇਹ ਗੱਲ ਸਹਿਜੇ ਹੀ ਸਮਝ ਆਉਂਦੀ ਹੋਵੇਗੀ ਕਿ ਦਰਖ਼ਾਸਤ ਦੇਣ ਅਤੇ ਡਾਕਟਰੀ ਮੁਆਇਨਾ ਕਰਾਉਣ ਦਾ ਕੀ ਮਤਲਬ ਅਤੇ ਕੀ ਨਤੀਜਾ ਹੋਵੇਗਾ। ਉਂਜ ਸ੍ਰੀ ਤਿਵਾੜੀ ਨੇ ਅਪਣੀ ਰੀਪੋਰਟ ਵਿਚ ਇਹ ਕਹਿ ਕੇ ਹਿੰਮਤ ਹੀ ਵਿਖਾਈ ਹੈ ਕਿ ਸਾਰੇ ਬਿਆਨਾਂ ਨੂੰ ਦੇਖ ਕੇ ਲਗਦਾ ਹੈ ਕਿ ਨਜਾਇਜ਼ ਤੌਰ ’ਤੇ ਭਾਈ ਗੁਰਦੇਵ ਸਿੰਘ ਕਾਉਂਕੇ ਪੁਲਿਸ ਦੀ ਹਿਰਾਸਤ ਵਿਚ ਰੱਖ ਕੇ ਝੂਠਾ ਮੁੱਕਦਮਾ ਬਣਾਉਣ ਦੀ ਕਹਾਣੀ ਸਾਰੇ ਛੋਟੇ ਤੇ ਵੱਡੇ ਅਫ਼ਸਰਾਂ ਨੂੰ ਪਤਾ ਸੀ ਪਰ ਉਸ ਵਕਤ ਪੁਲਿਸ ਦਾ ਜੋ ਮਾਹੌਲ ਸੀ, ਉਸ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਪੁਲਿਸ ਅਫ਼ਸਰ ਜਾਂ ਤਾਂ ਜ਼ਿਮਨੀਆਂ ਲਿਖਦੇ ਹੀ ਨਹੀਂ ਸੀ ਜਾਂ ਰੀਡਰ ਦੀ ਲਿਖੀ ਹੋਈ ਜ਼ਿਮਨੀ ਬਿਨਾਂ ਪੜ੍ਹੇ ਦਸਤਖ਼ਤ ਕਰਦੇ ਰਹੇ ਹਨ। ਪਰ ਉਕਤ ਦੇ ਬਾਵਜੂਦ ਵਿਚਕਾਰਲਾ ਰਾਹ ਲੈਂਦਿਆਂ ਸ੍ਰੀ ਤਿਵਾੜੀ ਨੇ ਸਪਸ਼ੱਟ ਕਿਹਾ ਹੈ ਕਿ ਇਹ ਵਿਭਾਗੀ ਦੁਰਾਚਰਨ ਭਾਵ ‘ਡਿਪਾਰਟਮੈਂਟਲ ਮਿਸਕੰਡਕਟ’ ਹੈ ਅਤੇ ਇਸ ਵਿਭਾਗੀ ਦੁਰਾਚਰਨ ਨੂੰ ‘ਕਰਿਮੀਨਲ ਮਿਸਕੰਡਕਟ’ ਕਹਿਣਾ ਉਚਿਤ ਨਹੀਂ ਹੋਵੇਗਾ। ਇਸ ਕੇਸ ਵਿਚ ਭਾਈ ਕਾਉਂਕੇ ਦੇ ਪੁਲਿਸ ਹਿਰਾਸਤ ਵਿਚੋਂ ਭੱਜ ਜਾਣ ਦੀ ਪੁਲਿਸ ਕਹਾਣੀ ਅਨੁਸਾਰ ਜਿਹੜੇ ਸਿਪਾਹੀ ਤਰਸੇਮ ਸਿੰਘ ਦੀ ਬੈਲਟ ਤੋਂ ਭਾਈ ਕਾਉਂਕੇ ਨੇ ਅਪਣੀ ਹੱਥਕੜੀ ਦੀ ਕੁੰਡੀ ਕਥਿਤ ਤੌਰ ’ਤੇ ਕੱਢ ਲਈ ਸੀ ‘ਉਸ ਨੂੰ ਰਸਮੀ ਤੌਰ ’ਤੇ ਮੁਅੱਤਲ ਕਰ ਕੇ ਇਕ ਫ਼ਰਜ਼ੀ ਵਿਭਾਗੀ ਕਾਰਵਾਈ ਕਰਵਾ ਕੇ ਮਾਮਲਾ ਠੱਪ ਕਰਨਾ, ਤੇ ਸੀ 2 ਦਿਵਾ ਕੇ ਉਸ ਤੋਂ 28 ਸੀਨੀਅਰ ਮੁਲਾਜ਼ਮਾਂ ਨੂੰ ਨਜ਼ਰਅੰਦਾਜ਼ ਕਰ ਕੇ ਤਰੱਕੀ ਦੇਣਾ ਇਹ ਸਭ ਜ਼ਾਹਰ ਕਰਦਾ ਹੈ ਕਿ ਪੁਲਿਸ ਦੇ ਕੰਮ ਕਾਜ ਤੋਂ ਕੋਈ ਰਵੀਅਤ ਕਾਇਮ ਨਹੀਂ ਰੱਖੇ ਗਏ।’ ਇਸ ਕੇਸ ਵਿਚ ਇਕ ਕਮਾਲ ਦੀ ਖ਼ਾਮੀ ਸਾਹਮਣੇ ਲਿਆਂਦਿਆਂ ਸ੍ਰੀ ਤਿਵਾੜੀ ਅਪਣੀ ਰੀਪੋਰਟ ਵਿਚ ਦਸਦੇ ਹਨ ਭਾਈ ਕਾਉਂਕੇ ਦੇ ਭੱਜ ਜਾਣ ਦੀ ਪੁਲਿਸ ਵਲੋਂ ਬਣਾਈ ਕਹਾਣੀ ਬਾਰੇ ‘ਹਾਈ ਕੋਰਟ ਵਿਚ ਸਰਕਾਰੀ ਵਕੀਲ ਤੋਂ ਇਹ ਕਹਿਲਾਇਆ ਗਿਆ ਕਿ ਐਸ.ਪੀ. ਡੀ. ਭਾਈ ਗੁਰਦੇਵ ਸਿੰਘ ਕਾਉਂਕੇ ਦੀ ਤਲਾਸ਼ ਕਰ ਰਹੇ ਹਨ ਜਦਕਿ ਇਸ ਬਾਰੇ ਐਸ.ਪੀ.ਡੀ. ਫੌਰੀ ਤੌਰ ’ਤੇ ਬਦਲ ਚੁੱਕੇ ਸਨ ਅਤੇ ਨਵੇਂ ਐਸ.ਪੀ. ਡੀ. ਸ੍ਰੀ ਬਲਵੀਰ ਕੁਮਾਰ ਬਾਵਾ ਨੂੰ ਕੋਈ ਲਿਖਤੀ ਹੁਕਮ ਨਹੀਂ ਮਿਲਿਆ ਅਤੇ ਉਹਨਾਂ ਨੇ ਬਿਆਨ ਦਿੱਤਾ ਹੈ ਜਿਹੜੀਆਂ ਜਿਮਨੀਆਂ ਉਹਨਾਂ ਦੇ ਰੀਡਰ ਨੇ ਲਿਖੀਆਂ ਸਨ ਬਿਨਾ ਪੜ੍ਹੇ ਹੀ ਉਹਨਾਂ ਨੇ ਦਸਤਖ਼ਤ ਕਰ ਦਿੱਤੇ ਸਨ।’ ਆਪਣੇ ਤੌਰ ’ਤੇ ਰਿਪੋਰਟ ਨੂੰ ਅੰਤਿਮ ਰੂਪ ਦਿੰਦਿਆਂ ਸ੍ਰੀ ਤਿਵਾੜੀ ਨੇ ਲਿਖਿਆ ਹੈ, ‘ਸਾਰੇ ਤੱਥਾਂ ਦੀ ਪੜਤਾਲ ਤੋਂ ਇਹ ਪਾਇਆ ਗਿਆ ਹੈ ਕਿ ਉਸ ਵਕਤ ਦੇ ਐਸ.ਐਚ.ਓ. ਇੰਸਪੈਕਟਰ ਗੁਰਮੀਤ ਸਿੰਘ ਦੇ ਖਿਲਾਫ਼ ਨਜਾਇਜ਼ ਪੁਲਿਸ ਹਿਰਾਸਤ ਵਿਚ ਰੱਖਣ ‘ਰਾਂਗਫੁੱਲ ਕਨਫਾਈਨਮੈਂਟ’ ਅਤੇ ਝੂਠਾ ਰਿਕਾਰਡ ਬਣਾਇਆ ‘ਫਾਲਸੀਫੀਕੇਸ਼ਨ ਆਫ਼ ਰਿਕਾਰਡਜ਼’ ਆਦਿ ਦੋਸ਼ ਦੇ ਆਧਾਰ ’ਤੇ ਮੁਕੱਦਮਾ ਦਰਜ ਕਰਨਾ ਉਚਿਤ ਹੋਵੇਗਾ ਅਤੇ ਜ਼ਾਬਤਾ ਫੌਜਦਾਰੀ ਬਕਾਇਦਾ ਤਫਤੀਸ਼ ਕੀਤੀ ਜਾਵੇ। ਇਸ ਤਫਤੀਸ਼ ਦੇ ਦੌਰਾਨ ਬਾਕੀ ਪੁਲਿਸ ਕਰਮਚਾਰੀਆਂ ਅਤੇ ਅਧਿਕਾਰੀਆਂ ਦੇ ਕਾਰਨਾਮਿਆਂ ਦੀ ਵੀ ਜਾਂਚ ਕੀਤੀ ਜਾਵੇ ਅਤੇ ਪੁਲਿਸ ਆਪਣੀ ਰਿਪੋਰਟ ਦਫਾ 173 ਜ਼ਾਬਤਾ ਫੌਜਦਾਰੀ ਅਦਾਲਤ ਵਿਚ ਪੇਸ਼ ਕਰੇ। ਅਕਾਲ ਤਖ਼ਤ ਸਾਹਿਬ ਦੇ ਕਾਇਮ ਮੁਕਾਮ ਜੱਥੇਦਾਰ ਦੇ ਹਿਰਾਸਤੀ ਕਤਲ ਦੀ ਜਾਂਚ ਰਿਪੋਰਟ ’ਤੇ 29 ਸਾਲ ਤਕ ਕੁਰਸੀ ਡਾਹ ਕੇ ਬੈਠੀਆਂ ਸਰਕਾਰਾਂ ਹੀ ਇਹ ਦੱਸ ਸਕਦੀਆਂ ਹਨ ਕਿ ਇਸ ਰਿਪੋਰਟ ਵਿਚ ਐਸਾ ਕੀ ਸੀ ਜੋ ਪੰਜਾਬ ਦੇ ਆਮ ਲੋਕ ਨਹੀਂ ਜਾਣਦੇ, ਹਾਂ ਸਿਰਫ਼ ਗੱਲ ਇੰਨੀ ਹੀ ਹੈ ਕਿ ਜੋ ਗੱਲਾਂ ਆਮ ਲੋਕਾਂ ਦੀ ਜ਼ੁਬਾਨ ’ਤੇ ਰਹੀਆਂ ਹਨ, ਇਸ ਰਿਪੋਰਟ ਰਾਹੀਂ ਉਨ੍ਹਾਂ ਗੱਲਾਂ ਨੂੰ ਇਕ ਪੁਲਿਸ ਅਧਿਕਾਰੀ ਨੇ ਇਕ ਦਸਤਾਵੇਜ਼ ਦਾ ਰੂਪ ਦੇ ਦਿੱਤਾ ਸੀ।

ਭਾਈ ਕਾਉਂਕੇ ਹਿਰਾਸਤੀ ਕਤਲ ਕਾਂਡ ਪੰਥਕ ਅਤੇ ਸਿਆਸੀ ਜਥੇਬੰਦੀਆਂ ਵਲੋਂ ਦੋਸ਼ੀਆਂ ਵਿਰੁਧ ਕਾਰਵਾਈ ਦੀ ਮੰਗ:ਅਕਾਲ ਤਖ਼ਤ ਸਾਹਿਬ ਦੇ ਸਾਬਕਾ ‘ਜਥੇਦਾਰ’ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਪੁਲਿਸ ਹਿਰਾਸਤ ਵਿਚ 1993 ਵਿਚ ਹੋਏ ਕਤਲ ਸਬੰਧੀ ਆਈ.ਪੀ.ਐਸ. ਅਧਿਕਾਰੀ ਸ੍ਰੀ ਬੀ.ਪੀ. ਤਿਵਾੜੀ ਵਲੋਂ 1999 ਵਿਚ ਦਿਤੀ ਰੀਪੋਰਟ ਨੂੰ ਸਰਕਾਰ ਵਲੋਂ 15 ਵਰ੍ਹੇ ਤਕ ਜਨਤਕ ਨਾ ਕੀਤੇ ਜਾਣ ਅਤੇ ‘ਸਪੋਕਸਮੈਨ’ ਵਲੋਂ ਇਹ ਰੀਪੋਰਟ ਹਾਸਲ ਕਰ ਲੈਣ ਉਪਰੰਤ ਇਸ ਨੂੰ ਆਧਾਰ ਬਣਾ ਕੇ ਪ੍ਰਕਾਸ਼ਤ ਕੀਤੀ ਖ਼ਬਰ ਨਾਲ ਇਹ ਮਾਮਲਾ ਇਕ ਵਾਰ ਫਿਰ ਗਰਮਾ ਗਿਆ ਹੈ। ਅਨੇਕਾਂ ਪੰਥਕ ਅਤੇ ਸਿਆਸੀ ਜਥੇਬੰਦੀਆਂ ਵਲੋਂ ਭਾਈ ਕਾਉਂਕੇ ਦੇ ਕਾਤਲ ਪੁਲਿਸ ਅਧਿਕਾਰੀਆਂ ਵਿਰੁਧ ਕਾਰਵਾਈ ਦੀ ਮੰਗ ਕੀਤੀ ਗਈ ਹੈ। ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਤੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਇਕ ਪੱਤਰ ਲਿਖ ਕੇ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਾਤਲਾਂ ਵਿਰੁਧ ਕਤਲ ਦਾ ਪਰਚਾ ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਚੀਫ਼ ਜਸਟਿਸ ਨੂੰ ਲਿਖੇ ਪੱਤਰ ਵਿਚ ਛਾਪੀ ਰੀਪੋਰਟ ਦਾ ਹਵਾਲਾ ਦੇ ਕੇ ਕਿਹਾ ਗਿਆ ਹੈ ਕਿ ਮਨੁੱਖੀ ਅਧਿਕਾਰ ਜਥੇਬੰਦੀਆਂ ਇਹ ਸਮਝਦੀਆਂ ਹਨ ਕਿ ਇਸ ਰੀਪੋਰਟ ਨੇ ਸਾਬਤ ਕਰ ਦਿਤਾ ਹੈ ਕਿ ਭਾਈ ਕਾਉਂਕੇ ਨੂੰ ਪੁਲਿਸ ਨੇ ਘਰੋਂ ਅਗ਼ਵਾ ਕੀਤਾ ਸੀ ਅਤੇ ਪੁਲਿਸ ਦੀ ਇਹ ਕਹਾਣੀ ਵੀ ਕੋਰਾ ਝੂਠ ਹੈ ਕਿ ਭਾਈ ਕਾਉਂਕੇ ਪੁਲਿਸ ਹਿਰਾਸਤ ਵਿਚੋਂ ਭੱਜ ਗਏ ਸਨ। ਹੁਣ ਤੱਥਾਂ ਤੋਂ ਸਪੱਸ਼ਟ ਹੈ ਕਿ ਭਾਈ ਕਾਉਂਕੇ ਨੂੰ ਪੁਲਿਸ ਹਿਰਾਸਤ ਵਿਚ ਕਤਲ ਕਰ ਦਿਤਾ ਗਿਆ ਸੀ ਕਿਉਂਕਿ 17 ਸਾਲ ਬਾਅਦ ਵੀ ਭਾਈ ਕਾਉਂਕੇ ਦੀ ਕੋਈ ਉੱਘ-ਸੁਘ ਨਹੀਂ ਮਿਲੀ। ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਦੀ ਸਰਪ੍ਰਸਤ ਬੀਬੀ ਪਰਮਜੀਤ ਕੌਰ ਖਾਲੜਾ, ਪ੍ਰਧਾਨ ਸ. ਹਰਮਨਦੀਪ ਸਿੰਘ ਸਰਹਾਲੀ, ਬੁਲਾਰੇ ਸ. ਸਤਵਿੰਦਰ ਸਿੰਘ ਪਲਾਸੌਰ, ਮੀਤ ਪ੍ਰਧਾਨ ਸ. ਵਿਰਸਾ ਸਿੰਘ ਬਹਿਲਾ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਸ. ਕ੍ਰਿਪਾਲ ਸਿੰਘ ਰੰਧਾਵਾ ਅਤੇ ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਸ. ਜਗਦੀਪ ਸਿੰਘ ਰੰਧਾਵਾ ਦੇ ਦਸਤਖ਼ਤਾਂ ਵਾਲੇ ਪੱਤਰ ਵਿਚ ਚੀਫ਼ ਜਸਟਿਸ ਨੂੰ ਬੇਨਤੀ ਕੀਤੀ ਗਈ ਹੈ ਕਿ ਇਸ ਘਿਨਾਉਣੇ ਕਾਂਡ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਅਤੇ ਉਸ ਵੇਲੇ ਦੇ ਪੁਲਿਸ ਮੁਖੀ ਸ. ਕੇ.ਪੀ.ਐਸ. ਗਿੱਲ ਵਿਰੁਧ ਕਤਲ ਦਾ ਕੇਸ ਦਰਜ ਕਰਨ ਦੇ ਹੁਕਮ ਦਿਤੇ ਜਾਣ। ਮਨੁੱਖੀ ਅਧਿਕਾਰ ਕਾਰਕੁਨਾਂ ਨੇ ਚੀਫ਼ ਜਸਟਿਸ ਦੇ ਇਹ ਵੀ ਧਿਆਨ ਵਿਚ ਲਿਆਂਦਾ ਹੈ ਕਿ ਪੰਜਾਬ ਦੇ ਦੋ ਸਾਬਕਾ ਪੁਲਿਸ ਮੁਖੀਆਂ ਕੇ.ਪੀ. ਐਸ. ਗਿੱਲ ਅਤੇ ਸ. ਐਸ.ਐਸ. ਵਿਰਕ ਪੱਤਰਕਾਰ ਸੰਮੇਲਨਾਂ ਵਿਚ ਵੀ ਇਹ ਦਾਅਵੇ ਕਰ ਚੁੱਕੇ ਹਨ ਕਿ ਉਨ੍ਹਾਂ ਨੇ ਕਈ ਗ਼ੈਰ ਕਾਨੂੰਨੀ ਕਾਰਵਾਈਆਂ ਅਮਲ ਵਿਚ ਲਿਆਂਦੀਆਂ ਸਨ ਅਤੇ ਅੱਜ ਵੀ ਪੁਲਿਸ ਕੋਲ 300 ਕੈਟ ਹਨ। ਉਨ੍ਹਾਂ ਨੇ ਇਸ ਵੇਲੇ ਵਿਜੀਲੈਂਸ ਦੇ ਮੁਖੀ ਸੁਮੇਧ ਸਿੰਘ ਸੈਣੀ ਵਿਰੁਧ ਦੋਸ਼ ਲਾਉਂਦਿਆਂ ਉਨ੍ਹਾਂ ਨੂੰ ਵਿਜੀਲੈਂਸ ਮੁਖੀ ਲਾਏ ਜਾਣ ਦੀ ਅਲੋਚਨਾ ਕਰਨ ਦੇ ਨਾਲ-ਨਾਲ ਉਨ੍ਹਾਂ ਦੀਆਂ ਗ਼ੈਰ ਕਾਨੂੰਨੀ ਕਾਰਵਾਈਆਂ ਦੀ ਪੜਤਾਲ ਕਰਵਾਉਣ ਦੀ ਮੰਗ ਵੀ ਕੀਤੀ ਹੈ।

### ਤਿਵਾੜੀ ਰੀਪੋਰਟ ਨੂੰ ਦਬਾਉਣ ਲਈ ਕਰਵਾਈ ਗਈ ਸੀ ਇਕ ਹੋਰ ਜਾਂਚ : ਮਾਨ

ਸ਼੍ਰੋਮਣੀ ਅਕਾਲੀ ਦਲ ਅਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਭਾਈ ਕਾਉਂਕੇ ਦੇ ਹਿਰਾਸਤੀ ਕਤਲ ਦੇ ਮਾਮਲੇ ਵਿਚ ਸ੍ਰੀ ਬੀ.ਪੀ. ਤਿਵਾੜੀ ਵਲੋਂ ਦਿਤੀ ਰੀਪੋਰਟ ਜਨਤਕ ਕਰ ਕੇ ਉਸ ਦੀਆਂ ਸਿਫ਼ਾਰਸ਼ਾਂ ਅਨੁਸਾਰ ਦੋਸ਼ੀਆਂ ਵਿਰੁਧ ਕਾਰਵਾਈ ਕਰਦਿਆਂ ਕੌਮ ਨੂੰ ਇਨਸਾਫ਼ ਦੇਣ ਦੀ ਜਗ੍ਹਾ ਸ੍ਰੀ ਤਿਵਾੜੀ ਦੀ ਰੀਪੋਰਟ ਨੂੰ ਘੱਟੇ-ਮਿੱਟੀ ਰੋਲਣ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੇ ਇਸ਼ਾਰੇ ’ਤੇ ਪੰਜਾਬ ਦੇ ਡੀ.ਜੀ.ਪੀ. ਵਲੋਂ ਇਕ ਹੋਰ ਜਾਂਚ ਕਰਵਾਈ ਗਈ ਸੀ। ਸ. ਮਾਨ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਅਤੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਹ ਇਕ ਹੀ ਸੋਚ ਰੱਖੀ ਸੀ ਕਿ ਤਿਵਾੜੀ ਰੀਪੋਰਟ ਜਾਰੀ ਹੋਣ ਨਾਲ ਪੁਲਿਸ ਦੇ ਮਨੋਬਲ ’ਤੇ ਫ਼ਰਕ ਪਵੇਗਾ ਜਿਸ ਕਰ ਕੇ ਡੀ.ਜੀ.ਪੀ. ਸ: ਸਰਬਜੀਤ ਸਿੰਘ ਦੇ ਆਦੇਸ਼ ’ਤੇ ਸ੍ਰੀ ਤਿਵਾੜੀ ਤੋਂ ਜੂਨੀਅਰ ਇਕ ਹੋਰ ਅਧਿਕਾਰੀ ਤੋਂ ਜਾਂਚ ਕਰਵਾ ਕੇ ਸ੍ਰੀ ਤਿਵਾੜੀ ਦੀ ਰੀਪੋਰਟ ਨੂੰ ਅਪਣੇ-ਆਪ ਖ਼ਾਰਜ ਕਰ ਦਿਤਾ ਗਿਆ। ਇਕ ਸੀਨੀਅਰ ਅਧਿਕਾਰੀ ਦੀ ਰੀਪੋਰਟ ਤੋਂ ਬਾਅਦ ਕਾਨੂੰਨ ਅਨੁਸਾਰ ਜੂਨੀਅਰ ਅਧਿਕਾਰੀ ਤੋਂ ਜਾਂਚ ਕਰਵਾਈ ਹੀ ਨਹੀਂ ਜਾ ਸਕਦੀ। ਸਰਕਾਰ ਨੇ ਇਸ ਕਤਲ ਨੂੰ ਛੁਪਾਉਣ ਲਈ ਬਦਨੀਅਤ ਨਾਲ ਇਹ ਪਤਲੀ ਪੋਲੀ ਜਾਂਚ ਕਰਵਾ ਕੇ ਫ਼ਾਈਲਾਂ ਦਾ ਢਿੱਡ ਭਰਦਿਆਂ ਪੂਰੀ ਸਿੱਖ ਕੌਮ ਅਤੇ ਨਿਆਂ ਦੇ ਸਿਰ ਘੱਟਾ ਪਾ ਦਿਤਾ। ਸ. ਮਾਨ ਨੇ ਮੁੱਖ ਮੰਤਰੀ ਨੂੰ ਯਾਦ ਕਰਾਇਆ ਕਿ ਇਸ ਸਬੰਧ ਵਿਚ ਉਨ੍ਹਾਂ ਨੇ ਵੀ ਸੰਘਰਸ਼ ਕੀਤਾ ਸੀ ਅਤੇ ਇਸ ਮਾਮਲੇ ਵਿਚ ਜੇਲ ਵੀ ਜਾਣਾ ਪਿਆ ਸੀ। ਉਨ੍ਹਾਂ ਦਸਿਆ ਕਿ ਪਾਰਟੀ ਵਲੋਂ ਉਪਦੇਸ਼ ਸਿੰਘ ਕਵੀ ਨੇ ਸੂਚਨਾ ਦੇ ਅਧਿਕਾਰ ਸਬੰਧੀ ਕਾਨੂੰਨ ਤਹਿਤ ਅਰਜ਼ੀ ਦੇ ਕੇ ਇਹ ਰੀਪੋਰਟ ਪ੍ਰਾਪਤ ਕਰ ਲਈ ਸੀ ਜਿਸ ’ਤੇ ਉਨ੍ਹਾਂ ਨੇ ਹਾਈ ਕੋਰਟ ਵਿਚ ਰਿਟ ਕੀਤੀ ਪਰ ਮੌਜੂਦਾ ਚੀਫ਼ ਜਸਟਿਸ ਸ੍ਰੀ ਰੰਜਨ ਗੋਗੋਈ ਨੇ ਕਿਹਾ ਕਿ ਇਸ ਮਾਮਲੇ ਵਿਚ ਜਨਹਿਤ ਪਟੀਸ਼ਨ ਦੀ ਜਗ੍ਹਾ ‘ਰੈਗੂਲਰ ਪਟੀਸ਼ਨ’ ਦਾਇਰ ਕੀਤੀ ਜਾਣੀ ਚਾਹੀਦੀ ਹੈ। ਇਸ ’ਤੇ ਉਨ੍ਹਾਂ ਨੇ ਮੁਦਈ ਬਣ ਕੇ ਸੀਨੀਅਰ ਵਕੀਲ ਸ੍ਰੀ ਰੰਜਨ ਲਖਨਪਾਲ ਰਾਹੀਂ ਹਾਈ ਕੋਰਟ ਵਿਚ ਰੈਗੂਲਰ ਪਟੀਸ਼ਨ ਦਾਇਰ ਕੀਤੀ ਹੈ ਜਿਸ ਦੀ ਸੁਣਵਾਈ ਹਾਈ ਕੋਰਟ ਦੀਆਂ ਗਰਮੀ ਦੀਆਂ ਛੁੱਟੀਆਂ ਖ਼ਤਮ ਹੋਣ ਉਪਰੰਤ ਹੋਵੇਗੀ ਅਤੇ ਜੁਲਾਈ ਵਿਚ ਪਹਿਲ ਦੇ ਆਧਾਰ ’ਤੇ ਸੁਣਿਆ ਜਾਣ ਵਾਲਾ ਇਹ ਪਹਿਲਾ ਕੇਸ ਹੋਵੇਗਾ। ਇਸ ਵਿਚ ਇਹ ਮੰਗ ਕੀਤੀ ਗਈ ਹੈ ਕਿ ਇਸ ਕੇਸ ਦੀ ਜਾਂਚ ਸੀ.ਬੀ. ਆਈ. ਤੋਂ ਕਰਵਾਈ ਜਾਵੇ। ਸ. ਮਾਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੇ ਜ. ਸਕੱਤਰ ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ ਜੋ ਉਸ ਵੇਲੇ ਸੀ.ਆਈ. ਏ. ਸਟਾਫ਼, ਜਗਰਾਉਂ ਵਿਚ ਹਿਰਾਸਤ ਵਿਚ ਸਨ ਅਤੇ ਜਿਨ੍ਹਾਂ ਨੇ ਭਾਈ ਕਾਉਂਕੇ ਨੂੰ ਅਤਿ ਮੰਦੀ ਹਾਲਤ ਵਿਚ, ਜਦ ਨਾ ਉਹ ਬੋਲ ਸਕਦੇ ਸੀ, ਨਾ ਤੁਰ ਸਕਦੇ ਸੀ, ਕੁਰਸੀ ’ਤੇ ਬੰਨ੍ਹਿਆ ਹੋਇਆ ਵੇਖਿਆ ਸੀ। ਉਨ੍ਹਾਂ ਕਿਹਾ ਕਿ ਇਸ ਹਾਲਤ ਵਿਚ ਭਾਈ ਕਾਉਂਕੇ ਦੇ ਹਿਰਾਸਤ ਵਿਚੋਂ ਭੱਜ ਜਾਣ ਦੀ ਕਹਾਣੀ ਸਰਾਸਰ ਝੂਠੀ ਹੈ ਅਤੇ ਉਨ੍ਹਾਂ ਦਾ ਕਤਲ ਹੋਇਆ ਸੀ।

ਸ: ਬਾਦਲ ਦਾ ਵਰਤਾਓ ਭਾਈ ਕਾਉਂਕੇ ਨੂੰ ਸ਼ਹੀਦ ਕੀਤੇ ਜਾਣ ਉਪਰੰਤ ਇਨਸਾਫ਼ ਦੀ ਪ੍ਰਾਪਤੀ ਲਈ ਅਤੇ ਜਾਂਚ ਦੀ ਮੰਗ ਵਾਸਤੇ ਸ. ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਸਿਮਰਨਜੀਤ ਸਿੰਘ ਮਾਨ, ਬਾਬਾ ਜੋਗਿੰਦਰ ਸਿੰਘ ਅਤੇ ਹੋਰ ਪੰਥਕ ਆਗੂਆਂ ਵਲੋਂ ਇਕੱਠੇ ਸੰਘਰਸ਼ ਕਰਦਿਆਂ ਸੜਕਾਂ ’ਤੇ ਜਾ ਬਹਿਣ ਨੂੰ ਸਰਦਾਰ ਬਾਦਲ ਭੁੱਲ ਗਏ ਹਨ ਜਾਂ ਚੇਤੇ ਹੀ ਨਹੀਂ ਕਰਣਾ ਚਾਹੁੰਦੇ ਜਾਂਚ ਹੋ ਜਾਣ ਅਤੇ ਸਰਕਾਰ ਨੂੰ ਸੌਂਪੇ ਜਾਣ ਦੇ ਏਨੇ ਸਾਲਾਂ ਬਾਅਦ ਵੀ ਸਰਕਾਰ ਇਸ ਰੀਪੋਰਟ ਨੂੰ ਬਾਦਲ ਸਰਕਾਰ ਦੱਬ ਕੇ ਬੈਠੀ ਰਹੀ ਹੈ। ਕਿ ਜੇ ਅਖ਼ਬਾਰ ਇਸ ਸਬੰਧੀ ਖ਼ਬਰ ਪ੍ਰਕਾਸ਼ਤ ਨਾ ਕਰਦਾ ਤਾਂ ਅਜੇ ਵੀ ਇਹ ਪਤਾ ਨਹੀਂ ਸੀ ਲੱਗਣਾ ਕਿ ਸ੍ਰੀ ਤਿਵਾੜੀ ਨੇ ਅਪਣੀ ਰੀਪੋਰਟ ਵਿਚ ਕੀ ਟਿਪਣੀਆਂ ਕੀਤੀਆਂ ਸਨ ਅਤੇ ਕੀ ਸਿੱਟਾ ਕਢਿਆ ਸੀ। ਸਰਕਾਰ ਗੋਡੇ ਹੇਠ ਦੱਬੀ ਬੈਠੀ ਰੀਪੋਰਟ ਨੂੰ ਹਵਾ ਲਵਾਵੇ ਅਤੇ ਉਸ ਨੂੰ ਫ਼ੌਰੀ ਤੌਰ ’ਤੇ ਅਸੰਬਲੀ ਵਿਚ ਰੱਖ ਕੇ ਭਾਈ ਕਾਉਂਕੇ ਦੇ ਹਿਰਾਸਤੀ ਕਤਲ ਲਈ ਜ਼ੁੰਮੇਵਾਰ ਅਧਿਕਾਰੀਆਂ ਨੂੰ ਸਖ਼ਤ ਸਜ਼ਾ ਦਿਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਗੱਲ ਠੀਕ ਨਹੀਂ ਕਿ ਜਦ ਆਗੂ ਸੱਤਾ ਵਿਚ ਨਾ ਹੋਣ ਤਾਂ ਇਨਸਾਫ਼ ਦੀ ਮੰਗ ਲਈ ਸੜਕਾਂ ’ਤੇ ਬੈਠਣ ਅਤੇ ਜਦ ਸੱਤਾ ਵਿਚ ਆਉਣ ਤਾਂ ਉਸੇ ਮੰਗ ਨਾਲ ਸਬੰਧਤ ਜਾਂਚ ਰੀਪੋਰਟ ਜਨਤਕ ਕਰਨ ਤੋਂ ਇਨਕਾਰੀ ਹੋ ਜਾਣ।


JARNAIL SINGH



ART CLASSES

604-825-4659
604-724-6922
604-595-5885

#106- 12882-85 Ave. Surrey

# ਗੰਗੂ ਬ੍ਰਾਹਮਣ ਤਰਕ ਦੀ ਸਾਣ 'ਤੇ

-ਬਲਰਾਜ ਸਿੰਘ ਸਿੱਧੂ, ਯੂ. ਕੇ.

ਵੈਸੇ ਤਾਂ ਕਿਸੇ ਵੀ ਦੇਸ਼, ਕੌਮ ਜਾਂ ਧਰਮ ਦਾ ਇਤਿਹਾਸ ਸੌ ਫੀਸਦੀ ਸੱਚ ਨਹੀਂ ਹੁੰਦਾ। ਕਿਉਂਕਿ ਜਿਵੇਂ ਸ਼ੁੱਧ ਸੋਨੇ ਦਾ ਗਹਿਣਾ ਨਹੀਂ ਬਣ ਸਕਦਾ। ਉਸੇ ਤਰ੍ਹਾਂ ਨਿਰੋਲ ਸੱਚਾ ਇਤਿਹਾਸ ਵੀ ਨਹੀਂ ਲਿੱਖਿਆ ਜਾ ਸਕਦਾ। ਹਰ ਇਤਿਹਾਸਕਾਰ ਦੀ ਇਤਿਹਾਸਕ ਘਟਨਾ ਬਿਆਨ ਕਰਨ ਤੋਂ ਪਹਿਲਾਂ ਹੀ ਇੱਕ ਧਾਰਨਾ ਬਣ ਚੁੱਕੀ ਹੁੰਦੀ ਹੈ ਤੇ ਉਹ ਨਿਰਣਾ ਕਰ ਚੁੱਕਾ ਹੁੰਦਾ ਹੈ ਕਿ ਉਸਨੇ ਕਿਸ ਦੇ ਪੱਖ ਵਿੱਚ ਲਿਖਣਾ ਹੈ। ਫਿਰ ਕੋਈ ਹੋਰ ਇਤਿਹਾਸਕਾਰ ਉਸੇ ਘਟਨਾ ਨੂੰ ਕਿਸੇ ਹੋਰ ਦ੍ਰਿਸ਼ਟੀਕੋਣ ਤੋਂ ਲਿੱਖ ਦਿੰਦਾ ਹੈ। ਇੰਝ ਇਤਿਹਾਸ ਵਿੱਚ ਮਤਭੇਦ ਪੈਦਾ ਹੋ ਜਾਂਦੇ ਹਨ। ਤਕਰੀਬਨ ਹਰ ਇਤਿਹਾਸ ਵਿੱਚ ਇਹੀ ਕੁੱਝ ਹੁੰਦਾ ਹੈ। ਸਿੱਖ ਧਰਮ ਸਭ ਤੋਂ ਆਧੁਨਿਕ ਧਰਮ ਹੋਣ ਦੇ ਬਾਵਜੂਦ ਵੀ ਸਿੱਖ ਧਰਮ ਦੇ ਇਤਿਹਾਸ ਵਿੱਚ ਦੂਜੇ ਧਰਮਾਂ ਦੇ ਮੁਕਾਬਲਤਨ ਸਭ ਤੋਂ ਵੱਧ ਭਰਮ ਭੁਲੇਖੇ ਹਨ। ਇਸ ਦੇ ਕਈ ਕਾਰਨ ਹਨ।

ਖੈਰ ਸਿੱਖ ਇਤਿਹਾਸ ਵਿੱਚ ਇੱਕ ਪਾਤਰ ਗੰਗੂ ਬ੍ਰਾਹਮਣ ਦਾ ਜਦੋਂ ਕਦੇ ਵੀ ਮੈਂ ਜ਼ਿਕਰ ਪੜ੍ਹਦਾ ਹਾਂ ਤਾਂ ਅਨੇਕਾਂ ਸਵਾਲ ਮੇਰੇ ਜ਼ਿਹਨ ਵਿੱਚ ਉਪਜਦੇ ਹਨ। ਅੱਜ ਉਹ ਸਵਾਲ ਤੁਹਾਡੇ ਨਾਲ ਸਾਂਝੇ ਕਰਨ ਲੱਗਾ ਹਾਂ। ਅਗਰ ਕਿਸੇ ਵਿਦਵਾਨ ਕੋਲ ਉਨ੍ਹਾਂ ਦੇ ਜੁਆਬ ਹੋਣ ਤਾਂ ਜ਼ਰੂਰ ਦਿਉ। ਨਜਾਇਜ਼ ਭਕਾਈ ਮਾਰਨ ਤੋਂ ਗੁਰੇਜ਼ ਕੀਤਾ ਜਾਵੇ ਤਾਂ ਕਿ ਮੈਨੂੰ ਬਲੌਕ ਬਟਨ ਦੀ ਵਰਤੋਂ ਨਾ ਕਰਨੀ ਪਵੇ।

ਗੰਗੂ ਬ੍ਰਾਹਮਣ ਬਾਰੇ ਇਹ ਦੱਸਿਆ ਜਾਂਦਾ ਹੈ ਕਿ ਉਹ ਸਹੇੜੀ ਦਾ ਵਸਨੀਕ ਸੀ ਤੇ ਗੁਰੂ ਘਰ ਦਾ ਰਸੋਈਆ ਸੀ। ਜਿਸਨੇ ਗਹਿਣਿਆਂ ਦੇ ਲਾਲਚ ਵਿੱਚ ਆ ਕੇ ਮਾਤਾ ਗੁਜ਼ਰੀ ਅਤੇ ਸਾਹਿਬਜ਼ਾਦਿਆਂ ਨੂੰ ਫੜਾ ਕੇ ਸ਼ਹੀਦ ਕਰਵਾਇਆ।

ਜਦੋਂ ਆਨੰਦਪੁਰ ਦੇ ਕਿਲ੍ਹੇ ਨੂੰ ਛੱਡ ਕੇ ਸਰਸਾ ਕੰਢੇ ਆਉਂਦੇ ਹਨ ਤੇ ਪਰਿਵਾਰ ਵਿਛੋੜਾ ਹੁੰਦਾ ਹੈ ਤਾਂ ਮਾਤਾ ਗੁਜ਼ਰੀ ਜੀ, ਦੋਨੋਂ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ, ਸਿੱਖ ਸੇਵਕ ਧੁੰਨਾ ਸਿੰਘ ਹਜ਼ੂਰੀਆ ਅਤੇ ਇੱਕ ਦਾਸੀ ਸੁਭਿੱਖੀ ਸਿੱਖਾਂ ਦੇ ਦਲ ਨਾਲੋਂ ਵਿਛੜ ਕੇ ਚਮਕੌਰ ਸਾਹਿਬ ਹੁੰਦੇ ਹੋਏ ਕੁੰਮੇ ਮਸ਼ਕੀ ਕੋਲ ਚਲੇ ਜਾਂਦੇ ਹਨ। ਧੁੰਨਾ ਸਿੰਘ ਹਜ਼ੂਰੀਏ ਦੀ ਲਿੱਖਤ 'ਕਥਾ ਗੁਰੂ ਸੁਤਨ ਕੀ' ਜੋ ਕਿ 122 ਛੰਦਾਂ ਦੀ ਰਚਨਾ ਸੀ। ਇਸ ਦਾ ਖਰੜਾ (ਖਰੜਾ ਨੰਬਰ 6045) ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ 1984 ਵੇਲੇ ਨਸ਼ਟ ਹੋ ਗਿਆ ਸੀ, ਪਰੰਤੂ ਪਿਆਰਾ ਸਿੰਘ ਪਦਮ ਇਸਨੂੰ ਸੰਪਾਦਿਤ ਕਰਕੇ ਛਾਪ ਚੁੱਕੇ ਸਨ। ਇਹ ਖਰੜਾ 1760-65 ਵਿੱਚ ਸਿੱਖ ਵਿਦਵਾਨਾਂ ਦੀ ਨਜ਼ਰ ਚੜਿਆ ਸੀ। ਇਸ ਲਿੱਖਤ ਅਨੁਸਾਰ ਕੁੰਮੇ ਮਾਸ਼ਕੀ ਦੇ ਘਰ ਤੋਂ ਧੁੰਮਾ ਅਤੇ ਦਰਬਾਰੀ ਨਾਮ ਦੇ ਦੋ ਮਸੰਦ ਭਰਾ ਮਾਤਾ ਗੁਜ਼ਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਨਾਲ ਆਪਣੇ ਪਿੰਡ ਸਹੇੜੀ ਲੈ ਗਏ ਸਨ। ਜਿੱਥੇ ਲਛਮੀ ਨਾਮ ਦੀ ਬ੍ਰਾਹਮਣ ਸੇਵਕਾਂ ਨੇ ਇਹਨਾਂ ਨੂੰ ਭੋਜਨ ਛਕਾਇਆ ਤੇ ਮਾਤਾ ਗੁਜ਼ਰੀ ਜੀ ਨੇ ਉਸਨੂੰ ਦੋ ਮੋਹਰਾਂ ਅਤੇ ਕੰਗਣਾਂ ਦੀ ਜੋੜੀ ਦਿੱਤੀ। ਕੁੰਮੇ ਮਾਸ਼ਕੀ ਨੂੰ ਮਾਤਾ ਜੀ ਨੇ 500 ਰੁਪਏ ਦਿੱਤੇ ਸਨ। ਧੁੰਨੇ ਅਤੇ ਦਰਬਾਰੀ ਨੇ ਮਾਤਾ ਗੁਜ਼ਰੀ ਜੀ ਦੀ ਗਹਿਣਿਆਂ ਵਾਲੀ ਪੋਟਲੀ ਚੋਰੀ ਕੀਤੀ ਅਤੇ ਸਹਿਬਜ਼ਾਦਿਆਂ ਨੂੰ ਫੜਾਇਆ ਸੀ।ਵਰਣਨਯੋਗ ਹੈ ਕਿ ਪੁਰਾਣੀ ਅਤੇ ਉਸ ਵੇਲੇ ਦੀ ਸਮਕਾਲੀਨ ਕਿਸੇ ਵੀ ਲਿੱਖਤ ਵਿੱਚ ਗੰਗੂ ਬ੍ਰਾਹਮਣ ਨਾਮ ਦਾ ਕੋਈ ਪਾਤਰ ਨਹੀਂ ਹੈ।

ਇਸਲਾਮ, ਬੁੱਧ ਅਤੇ ਹਿੰਦੂ ਧਰਮ ਤੋਂ ਬਾਅਦ ਸਿੱਖ ਧਰਮ ਨੇ ਵੀ ਲੰਗਰ ਪ੍ਰਥਾ ਨੂੰ ਅਪਨਾਇਆ ਤੇ ਗੁਰੂ ਸਾਹਿਬਾਨਾਂ ਨੇ ਲੰਗਰ ਦੀ ਪ੍ਰਥਾ ਉੱਪਰ ਜ਼ੋਰ ਦਿੱਤਾ। ਲੰਗਰ ਗੁਰੂ ਘਰ ਦੇ ਸੇਵਕਾਂ ਵੱਲੋਂ ਮਿਲ ਕੇ ਸ਼ਰਧਾ ਭਾਵਨਾ ਅਤੇ ਸੇਵਾ ਵਜੋਂ ਤਿਆਰ ਕੀਤਾ ਜਾਂਦਾ ਸੀ। ਜ਼ਿਆਦਾਤਰ ਔਰਤਾਂ ਦੀ ਸ਼ਮੂਲੀਅਤ ਇਸ ਵਿੱਚ ਹੁੰਦੀ ਸੀ। ਸਵਾਲ ਇਹ ਹੈ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਨੇ ਲੰਗਰ ਪ੍ਰਥਾ ਤੋਂ ਮੁਨਕਰ ਹੋ ਕੇ ਆਪਣੇ ਲਈ ਨਿੱਜੀ ਰਸੋਈਆ ਰੱਖਿਆ ਹੋਇਆ ਸੀ?

ਚਲੋ ਜੇ ਇਹ ਵੀ ਮੰਨ ਲਈਏ ਕਿ ਲੰਗਰ ਵਿੱਚ ਰੋਜ਼ ਬੰਦਾ ਮੂੰਗੀ ਦੀ ਦਾਲ ਖਾਂਦਾ ਅੱਕ ਜਾਂਦਾ ਹੈ ਤੇ ਗੁਰੂ ਸਾਹਿਬ ਮਾਸਾਹਾਰੀ ਹੋਣ ਕਰਕੇ ਘਰੇ ਵੱਖਰਾ ਭੋਜਨ ਬਣਵਾਉਂਦੇ ਹੋਣਗੇ। ਤਾਂ ਕੀ ਇੱਕ ਬ੍ਰਾਹਮਣ ਆਪਣਾ ਧਰਮ ਭੰਗ ਕਰਕੇ ਮੀਟ ਬਣਾ ਦਿੰਦਾ ਹੋਵੇਗਾ?

ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸਾ ਸਾਜਣ ਉਪਰੰਤ ਉਨ੍ਹਾਂ ਦਾ ਪ੍ਰਚਾਰ ਐਨੇ ਜ਼ੋਰ 'ਤੇ ਸੀ ਕਿ ਉਹ ਹਰ ਸ਼ਰਧਾਲੂ ਅਤੇ ਸੇਵਕ ਨੂੰ ਅੰਮ੍ਰਿਤਪਾਨ ਕਰਕੇ ਸਿੱਖ ਸਜਣ ਲਈ ਪ੍ਰੇਰਿਤ ਕਰਦੇ ਸਨ। ਫਿਰ ਗੁਰੂ ਦੇ ਆਪਣੇ ਘਰ ਦਾ ਰਸੋਈਆ ਬ੍ਰਾਹਮਣ ਦਾ ਬ੍ਰਾਹਮਣ ਕਿਵੇਂ ਰਹਿ ਗਿਆ ਸੀ?

ਗੁਰੂ ਸਾਹਿਬ ਨੇ ਅੰਮ੍ਰਿਤ ਛਕਾਉਣ ਤੇ ਲੜਾਈਆਂ ਲਈ ਨੀਵੀਆਂ ਜਾਤੀਆਂ ਨੂੰ ਚੁਣਿਆ ਤੇ ਰਸੋਈਆ ਉੱਚ ਕੁੱਲ ਬ੍ਰਾਹਮਣ ਕਿਉਂ ਰੱਖਿਆ ਸੀ?

ਕੀ ਗੁਰੂ ਸਾਹਿਬ ਦੇ ਪ੍ਰਚਾਰ ਅਤੇ ਸੰਗਤ ਦਾ ਉਸ (ਗੰਗੂ ਬ੍ਰਾਹਮਣ) ਉੱਪਰ ਕੋਈ ਅਸਰ ਨਹੀਂ ਸੀ ਹੋਇਆ?

ਰਸੋਈਆਂ ਗੰਗੂ ਕਈ ਸਾਲ ਗੁਰੂ ਸਾਹਿਬ ਦੀ ਸੇਵਾ ਵਿੱਚ ਰਿਹਾ ਹੋਵੇਗਾ, ਕੀ ਗੁਰੂ ਸਾਹਿਬ ਉਸਦੀ ਨੀਅਤ ਨੂੰ ਤਾੜਣ ਤੋਂ ਅਸਮਰਥ ਰਹੇ ਸਨ? ਇੱਥੇ ਮੈਂ ਤ੍ਰਲੋਚਨ ਸਮਾਧਵੀਂ ਜੀ ਦੀ ਲਿੱਖਤ ਦਾ ਹਵਾਲਾ ਦੇ ਰਿਹਾ ਹਾਂ, ਉਹ ਲਿੱਖਦੇ ਹਨ,"ਮਾਤਾ ਕੋਲ ਗਹਿਣੇ ਸਨ ਜਿਸ ਉਪਰ ਗੰਗੂ ਬੇਈਮਾਨ ਹੋ ਗਿਆ ਤੇ ਉਸਨੇ ਆਪਣੇ ਘਰ ਵਿਚ ਚੰਦ ਗਹਿਣਿਆਂ ਪਿੱਛੇ ਮੁਗਲਾਂ ਨੂੰ ਚੁਗਲੀ ਕਰ ਦਿੱਤੀ ਕਮਾਲ ਹੈ, ਉਹ ਗੁਰੂ ਸਾਹਿਬ ਨਾਲ ਚਾਲੀ ਸਾਲ ਰਿਹਾ ਤੇ ਗੁਰੂ ਜੀ ਦੀ ਸ਼ਖਸੀਅਤ ਦਾ ਉਸ ਉਪਰ ਕੋਈ ਪ੍ਰਭਾਵ ਨਹੀਂ ਰਿਹਾ, ਇਕ ਨੌਕਰ ਨੂੰ ਸੌ ਰੁਪਿਆ ਦੇ ਕੇ ਸਬਜ਼ੀ ਮੰਡੀ ਭੇਜੋ, ਨੌਕਰ ਦੀ ਔਕਾਤ ਦਾ ਪਤਾ ਲਗ ਜਾਵੇਗਾ, ਗੁਰੂ ਜੀ ਨੂੰ ਚਾਲੀ ਸਾਲਾਂ ਵਿਚ ਗੰਗੂ ਦੀ ਔਕਾਤ ਦਾ ਪਤਾ ਨਹੀਂ ਲੱਗਿਆ । ਚਮਕੌਰ ਦੀ ਗੜ੍ਹੀ ਛੱਡਣ ਤੋਂ ਪਹਿਲਾਂ ਗੁਰੂ ਜੀ ਨੇ ਦੋ ਹੁਕਮਨਾਮੇ ਬਾਬਾ ਭਾਈ ਰੂਪ ਨੂੰ ਦੋ ਹੁਕਮਨਾਮੇ ਭੇਜੇ ਹਨ ਜੋ ਅੱਜ ਵੀ ਲਿਖਤ ਵਿਚ ਮੌਜੂਦ ਹੈ ਕਿ ਇਕ ਵਾਰ ਗੁਰੂ ਜੀ ਨੇ ਸੌ ਰੁਪਏ ਦੀ ਹੁੰਡੀ ਮੰਗਵਾਈ ਤੇ ਇਕ ਵਾਰ ਵੀਹ ਰੁਪਏ ਦੀ । ਪੁਤ ਪੈਸੇ ਪੈਸੇ ਨੂੰ ਤਰਸ ਰਿਹਾ ਤੇ ਮਾਂ ਗਹਿਣੇ ਲਕੋ ਕੇ ਬੈਠੀ ਹੈ ।"

ਆਨੰਦਪੁਰ ਛੱਡਣ ਉਪਰੰਤ ਜਦੋਂ ਪਰਿਵਾਰ ਵਿਛੋੜਾ ਹੁੰਦਾ ਹੈ ਤਾਂ ਮਾਤਾ ਗੁਜ਼ਰੀ ਕੋਲ ਦੋ ਬੱਚੇ ਯਾਨੀ ਸਾਹਿਬਜ਼ਾਦੇ ਵੀ ਹੁੰਦੇ ਹਨ। ਗੁਰੂ ਤੇਗ ਬਹਾਦਰ ਜੀ ਪਹਿਲਾਂ ਹੀ ਸ਼ਹੀਦ ਹੋ ਚੁੱਕੇ ਸਨ ਭਾਵ ਉਦੋਂ ਮਾਤਾ ਗੁਜ਼ਰੀ ਜੀ ਵਿਧਵਾ ਸਨ। ਇਸ ਲਈ ਉਨ੍ਹਾਂ ਦੇ ਕੋਈ ਗਹਿਣਾ ਪਹਿਨਿਆ ਨਹੀਂ ਹੋ ਸਕਦਾ। ਦੂਜੀ ਗੱਲ ਸਿੱਖ ਮਰਿਆਦਾ ਗਹਿਣਿਆਂ ਤੋਂ ਵਰਜਦੀ ਹੋਣ ਕਰਕੇ ਵੀ ਉਨ੍ਹਾਂ ਕੋਲ ਗਹਿਣੇ-ਗੱਟੇ ਹੋਣੇ ਨਹੀਂ ਚਾਹੀਦੇ ਸਨ। ਦੋ ਬੱਚਿਆਂ ਨੂੰ ਚੁੱਕਣ ਬਾਅਦ ਗੱਠੜੀ ਵਿੱਚ ਉਹ ਕਿੰਨੇ ਕੁ ਗਹਿਣੇ ਜਾਂ ਮੋਹਰਾਂ ਆਦਿ ਚੁੱਕ ਸਕਦੇ ਸਨ? ਜ਼ਾਹਿਰ ਹੈ ਬਹੁਤ ਘੱਟ ਹੋਣਗੇ। ਗੰਗੂ ਬ੍ਰਾਹਮਣ ਦੇ ਮਨ ਵਿੱਚ ਆਨੰਦਪੁਰ ਰਹਿੰਦਿਆਂ ਲਾਲਚ ਆਉਂਦਾ ਤਾਂ ਮੰਨਣਯੋਗ ਗੱਲ ਹੈ। ਉਹ ਮੁਗਲਾਂ ਜਾਂ ਰੰਗੜਾਂ ਨਾਲ ਮਿਲ ਕੇ ਭਾਰੀ ਇਨਾਮ ਹਾਸਿਲ ਕਰ ਸਕਦਾ ਸੀ ਤੇ ਗੁਰੂਘਰ ਦਾ ਜ਼ਿਆਦਾ ਨੁਕਸਾਨ ਕਰ ਸਕਦਾ ਸੀ। ਕੀ ਉਹ ਥੋੜ੍ਹੇ ਜਿਹੇ ਗਹਿਣਿਆਂ ਪਿੱਛੇ ਆਪਣੇ ਲੰਮੇ ਸਮੇਂ ਦੇ ਰਿਸ਼ਤੇ ਨੂੰ ਖਰਾਬ ਕਰਨ ਲਈ ਦ੍ਰਿੜ ਨਿਸਚਾ ਕਰ ਬੈਠਾ ਹੋਵੇਗਾ?

ਗੰਗੂ ਬ੍ਰਾਹਮਣ ਦੇ ਸੰਦਰਭ ਵਿੱਚ ਮੈਂ ਬਹੁਤ ਸਾਰੇ ਵਿਦਵਾਨਾਂ ਨਾਲ ਗੱਲ ਕੀਤੀ ਹੈ ਤੇ ਸਭ ਦਾ ਇਹੀ ਕਹਿਣਾ ਹੈ ਕਿ ਗੰਗੂ ਬ੍ਰਾਹਮਣ ਦਾ ਪੁਰਾਤਨ ਕਿਸੇ ਵੀ ਸ੍ਰੋਤ ਵਿੱਚ ਜ਼ਿਕਰ ਨਹੀਂ ਹੈ। ਗੰਗੂ ਬ੍ਰਾਹਮਣ ਦਾ ਕਾਲਪਨਿਕ ਪਾਤਰ ਘੜਨ ਦਾ ਮਕਸਦ ਕੇਵਲ ਸਿੱਖਾਂ ਦੇ ਮਨਾਂ ਵਿੱਚ ਬ੍ਰਾਹਮਣਾਂ ਲਈ ਨਫਰਤ ਪੈਦਾ ਕਰਨਾ ਹੈ। ਫੇਸਬੁੱਕ ਦੇ ਕਈ ਵਿਦਵਾਨਾਂ ਨੇ ਤਾਂ ਗੰਗੂ ਬ੍ਰਾਹਮਣ ਨੂੰ ਕੌਲ ਗੋਤ ਦੇ ਕੇ ਇੰਦਰਾਂ ਗਾਂਧੀ ਦੇ ਵਡੇਰੇ ਰਾਜ ਕੌਲ ਦਾ ਪਿਉ ਤੱਕ ਦਰਸਾ ਦਿੱਤਾ ਹੈ।ਇੰਦਰਾਂ ਗਾਂਧੀ ਦੇ ਵਡੇਰੇ ਬਹੁਤ ਪਹਿਲਾਂ ਬਾਬਰ ਦੇ ਸਮੇਂ ਕਸ਼ਮੀਰ ਤੋਂ ਇਲਾਹਾਬਾਦ ਆ ਕੇ ਵਸ ਚੁੱਕੇ ਸਨ। ਫਿਰ ਉਹਨਾਂ ਦਾ ਵਡੇਰਾ ਗੰਗੂ ਬ੍ਰਾਹਮਣ ਸਹੇੜੀ ਕਿਵੇਂ ਪਹੁੰਚ ਗਿਆ? ਮੁਗ਼ਲ ਬਾਦਸ਼ਾਹਾਂ ਨਾਲ ਇਸ ਪਰਿਵਾਰ ਦੀ ਮੁੱਢ ਤੋਂ ਹੀ ਨੇੜਤਾ ਰਹੀ ਸੀ। ਇਤਿਹਾਸ ਫਰੋਲ ਕੇ ਦੇਖ ਲਵੋ।ਸਭ ਤੋਂ ਪਹਿਲਾਂ ਇੰਦਰਾ ਗਾਂਧੀ ਦਾ ਰਿਸ਼ਤਾ ਗੰਗੂ ਨਾਲ ਤੋਂ ਪਹਿਲਾਂ ਇੰਦਰਾ ਗਾਂਧੀ ਦਾ ਰਿਸ਼ਤਾ ਗੰਗੂ ਨਾਲ ਜੋੜਨ ਦੀ ਜੱਭਲੀ ਸਤਵੰਤ ਸਿੰਘ ਨੇ ਆਪਣੀ ਪੁਸਤਕ ਸਿੱਖਜ਼ ਇੰਨ ਹਿਸਟਰੀ ਵਿੱਚ ਮਾਰੀ ਸੀ।ਪਰ ਕੋਈ ਬਹੁਤੇ ਸਬੂਤ ਉਹ ਵੀ ਪੇਸ਼ ਨਹੀਂ ਸੀ ਕਰ ਸਕੇ।

ਸਭ ਤੋਂ ਅਹਿਮ ਗੱਲ ਜੋ ਸਿੱਖ ਇਤਿਹਾਸ ਚੀਖ ਕੇ ਨਹੀਂ ਬਲਕਿ ਪਿੱਟ-ਪਿੱਟ ਦੱਸਦਾ ਹੈ ਕਿ ਜਦੋਂ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਰਜ਼ਮੀਨ 'ਤੇ ਕਦਮ ਰੱਖੇ ਤਾਂ ਗੁਰੂ ਪਰਿਵਾਰ ਦੇ ਵੈਰੀਆਂ ਨੂੰ ਸਜ਼ਾਵਾਂ ਦੇਣੀਆਂ ਆਰੰਭ ਕੀਤੀਆਂ, ਚਾਹੇ ਉਹ ਸਮਾਣੇ ਦੇ ਜਲਾਦ ਸਨ, ਚਾਹੇ ਫੌਜਦਾਰ ਸਰਹਿੰਦ ਸੀ। ਦੀਵਾਨ ਸੁੱਚਾ ਨੰਦ ਦਾ ਪਿੰਡ ਔੜ ਤਬਾਹ ਕੀਤਾ। ਧੁੰਮੇ ਤੇ ਦਰਬਾਰੀ ਦੀ ਕਰਤੂਤ ਕਾਰਨ ਸਹੇੜੀ (ਖੇੜੀ) ਨਸ਼ਤ-ਓ-ਨਾਬੂਦ ਕਰਕੇ ਉੱਥੋਂ ਦੇ ਬਾਸ਼ਿੰਦਿਆਂ ਨੂੰ ਸਜ਼ਾਵਾਂ ਦਿੱਤੀਆਂ। ਅਗਰ ਗੰਗੂ ਬ੍ਰਾਹਮਣ ਨਾਮ ਦਾ ਕੋਈ ਵਿਅਕਤੀ ਹੁੰਦਾ, ਉਦੋਂ ਤਾਂ ਗੱਲ ਸੱਜਰੀ ਸੀ। ਕੀ ਬੰਦਾ ਬਹਾਦਰ ਉਸਨੂੰ ਤੇ ਉਸਦੇ ਪਰਿਵਾਰ ਨੂੰ ਮਾਰ ਕੇ ਕੰਮ ਨਾ ਨਿਬੇੜ ਦਿੰਦਾ, ਫਿਰ ਇੰਦਰਾ ਗਾਂਧੀ ਉਸਦੇ ਪਰਿਵਾਰ ਵਿੱਚ ਪੈਦਾ ਹੋਣ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੋਣਾ ਸੀ।

ਸੋਸ਼ਲ ਮੀਡੀਏ 'ਤੇ ਫਿਰਕੂ ਭਾਵਨਾ ਨਾਲ ਕੱਟੜਪੰਥੀਆਂ ਵੱਲੋਂ ਫੈਲਾਈ ਜਾਂਦੀ ਉਹ ਪੋਸਟ ਹੇਠ ਹੂ-ਬਾ-ਹੂ ਸਾਂਝੀ ਕਰ ਰਿਹਾ ਹਾਂ:

***

**ਕੀ ਤੁਸੀਂ ਜਾਣਦੇ ਹੋ ? ਗੰਗੂ ਬ੍ਰਾਹਮਣ ਦੀ ਪੀੜੀ ਚੋਂ ਸੀ ਇੰਦਰਾ ਗਾਂਧੀ!**

ਗੰਗੂ ਬ੍ਰਾਹਮਣ ਬਾਰੇ ਸਾਰਿਆਂ ਨੂੰ ਹੀ ਪਤਾ ਹੈ। ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਨੂੰ ਸੂਬਾ ਸਰਹੰਦ ਵਜ਼ੀਰ ਖਾਨ ਨੂੰ ਫੜਾਉਣ ਵਾਲਾ ਇਹ ਗੰਗੂ ਬ੍ਰਾਹਮਣ ਹੀ ਸੀ। ਇਸੇ ਗੰਗੂ ਦੇ ਇਸ ਪਾਪ ਕਰਕੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਕੇ ਸ਼ਹੀਦ ਕੀਤਾ ਗਿਆ ਸੀ। ਗੁਰੂ ਘਰ ਦਾ ਕਿਸੇ ਸਮੇਂ ਰਸੋਈਆ ਰਿਹਾ ਇਹ ਗੰਗੂ ਨਮਕ ਹਰਾਮ ਨਿਕਲਿਆ ਤੇ ਪਾਪ ਕਮਾ ਗਿਆ। ਅੱਜ ਅਸੀਂ ਦਸਾਂਗੇ ਕਿ ਗੰਗੂ ਬ੍ਰਾਹਮਣ ਦਾ ਇੰਦਰਾ ਗਾਂਧੀ ਨਾਲ ਕੀ ਰਿਸ਼ਤਾ ਹੈ ? ਇੰਦਿਰਾ ਗਾਂਧੀ ਓਹੀ ਜਿਸਨੇ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਵਾਇਆ ਸੀ ਤੇ ਗੋਲੀਆਂ-ਤੋਪਾਂ-ਟੈਂਕਾਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕੀਤਾ ਸੀ। ਅਸਲ ਵਿਚ ਇੰਦਿਰਾ ਗਾਂਧੀ ਓਸੇ ਗੰਗੂ ਬ੍ਰਾਹਮਣ ਦੀ 7ਵੀਂ ਪੀੜੀ ਤੋਂ ਸੀ। ਜੀ ਹਾਂ…ਗੰਗੂ ਬ੍ਰਾਹਮਣ ਦੀ ਹੀ ਅੱਗੇ ਦੀ ਅੱਗੇ ਔਲਾਦ ਸੀ ਇੰਦਿਰਾ ਗਾਂਧੀ ਜਿਸਨੇ ਆਪਣੇ ਪੁਰਖਿਆਂ ਵਾਂਗ ਸਿੱਖ ਕੌਮ ਨਾਲ ਵੈਰ ਕਮਾਇਆ।

ਕਿਉਂਕਿ ਗੰਗੂ ਨੇ ਮੁਗ਼ਲ ਹਕੂਮਤ ਦੀ ਮਦਦ ਕੀਤੀ ਸੀ ਇਸ ਕਰਕੇ ਬਾਦਸ਼ਾਹ ਫਰੁਖਸੀਅਰ ਨੇ ਗੰਗੂ ਨੂੰ ਅਲਾਹਾਬਾਦ ਕੋਲ ਇੱਕ ਨਹਿਰ ਦੇ ਕਿਨਾਰੇ ਬੰਗਲਾ ਇਨਾਮ ਵਜੋਂ ਦਿੱਤਾ ਸੀ ਤੇ ਨਾਲ ਕਈ ਏਕੜ ਜਮੀਨ ਵੀ ਦਿੱਤੀ ਸੀ। ਗੰਗੂ ਦੇ ਪੁੱਤਰ ਦਾ ਨਾਮ ਸੀ ਰਾਜ ਕੌਲ। ਕੌਲ ਇੱਕ ਗੋਤ ਹੈ,ਜਾਤ ਹੈ ਬ੍ਰਾਹਮਣਾਂ ਵਿਚ। ਰਾਜ ਕੌਲ ਦਾ ਪੁੱਤਰ ਹੋਇਆ ਲਕਸ਼ਮੀ ਨਰੈਣ,ਉਸਦਾ ਅੱਗੇ ਪੁੱਤਰ ਹੋਇਆ ਗੰਗਾਧਰ ਤੇ ਫਿਰ ਗੰਗਾਧਰ ਦਾ ਪੁੱਤਰ ਹੋਇਆ ਮੋਤੀ ਲਾਲ ਨਹਿਰੂ,ਮੋਤੀ ਲਾਲ ਨਹਿਰੂ ਦਾ ਪੁੱਤਰ ਹੋਇਆ ਪੰਡਿਤ ਜਵਾਹਰਲਾਲ ਨਹਿਰੂ ਤੇ ਜਵਾਹਰਲਾਲ ਨਹਿਰੂ ਦੀ ਧੀ ਸੀ ਇੰਦਰਾ ਗਾਂਧੀ।

ਸੋ ਇਸ ਤਰਾਂ ਇੰਦਰਾ ਗਾਂਧੀ ਗੰਗੂ ਕੌਲ ਦੀ 7ਵੀਂ ਪੀੜੀ ਚੋਂ ਸੀ। ਹੁਣ ਤੁਸੀਂ ਸੋਚੋਗੇ ਕਿ ਗੰਗੂ ਕੌਲ ਦੀ ਤੇ ਜਵਾਹਰਲਾਲ ਫਿਰ ਨਹਿਰੂ ਕਿਵੇਂ ਹੋਇਆ ?? ਅਸਲ ਵਿਚ ਗੰਗੂ ਨੂੰ ਨਹਿਰ ਦੇ ਕਿਨਾਰੇ ਅਲਾਹਾਬਾਦ ਵਿਚ ਬੰਗਲਾ ਇਨਾਮ ਵਜੋਂ ਮਿਲਿਆ ਸੀ ਓਸੇ ਦਾ ਕਰਕੇ ਇਹ ਪਰਿਵਾਰ ਨਹਿਰੂ ਵਜੋਂ ਯਾਨੀ ਨਹਿਰ ਦੇ ਕਿਨਾਰੇ ਰਹਿਣ ਵਾਲਿਆਂ ਕਰਕੇ ਮਸ਼ਹੂਰ ਹੋਗਿਆ ਸੀ।

ਸੋ ਇਸ ਤਰਾਂ ਇਹ ਪਰਿਵਾਰ ਗੰਗੂ ਤੋਂ ਹੀ ਸਿੱਖ ਵਿਰੋਧੀ ਰਿਹਾ ਤੇ ਫਿਰ ਇੰਦਿਰਾ ਗਾਂਧੀ ਕਿਵੇਂ ਘੱਟ ਕਰਦੀ ?? ਇਹ ਜਾਣਕਾਰੀ ਬਹੁਤ ਘੱਟ ਸੰਗਤ ਨੂੰ ਪਤਾ ਹੈ ਇਸ ਕਰਕੇ ਇਸ ਵੀਡੀਓ ਨੂੰ ਵੱਧ ਤੋਂ ਵੱਧ ਸ਼ੇਅਰ ਕਰੋ।

***

ਇੱਕ ਵੱਡਾ ਸਵਾਲ ਤਾਂ ਇਹ ਪੈਦਾ ਹੁੰਦਾ ਹੈ ਕਿ ਕਸ਼ਮੀਰ ਦੇ ਕਈ ਪੁਸ਼ਤਾਂ ਦੇ ਜੱਦੀ ਅੱਤ ਰਈਸ ਬ੍ਰਾਹਮਣ ਕਿਸੇ ਦੇ ਘਰ ਭਾਂਡੇ ਮਾਜਣ ਕਿਵੇਂ ਲੱਗ ਸਕਦੇ ਹਨ?

ਇਸ ਵਾਹਿਯਾਤ ਪੋਸਟ ਨੂੰ ਚੈਲੰਜ ਕਰਦੀ ਬਲਵਿੰਦਰ ਸਿੰਘ ਬਾਈਸਨ ਨੇ ਇੱਕ ਪੋਸਟ ਪਾਈ ਸੀ, ਜੋ ਧਿਆਨ ਦੀ ਮੰਗ ਕਰਦੀ ਹੈ ਤੇ ਤੁਹਾਡੀ ਦਿਲਚਸਪੀ ਲਈ ਇੰਨ-ਬਿੰਨ ਉਵੇਂ ਹੀ ਕਾਪੀ ਪੇਸਟ ਕਰ ਰਿਹਾ ਹਾਂ:

By Balvinder Singh Bison
(August 27 at 7:05 PM)

ਗੰਗੂ ਬਾਹਮਣ -ਬਲਵਿੰਦਰ ਸਿੰਘ ਬਾਈਸਨ

ਸੋਸ਼ਲ ਮੀਡਿਆ ਤੇ ਮਸ਼ਹੂਰ ਕੀਤਾ ਜਾ ਰਿਹਾ ਹੈ ਕੀ ਇੰਦਿਰਾ ਗਾਂਧੀ ਗੰਗੂ ਬਾਹਮਣ ਦੀ ਸਤਵੀਂ ਪੁਸ਼ਤ ਸੀ ….. ਇਹੋ ਜਿਹੇ ਮੈਸੇਜ ਕਿਓਂ ਪ੍ਰਚਾਰੇ ਜਾਂਦੇ ਹਨ, ਇਹ ਖੋਜ ਦਾ ਵਿਸ਼ਾ ਹੈ ਪਰ ਲੋਕੀ ਬਿਨਾ ਸੋਚੇ ਸਮਝੇ ਅਜੇਹੇ ਮੈਸੇਜ ਅੱਗੇ ਵਧਾਉਂਦੇ ਹਨ, ਇਸਨੂੰ ਰੋਕਣ ਦੀ ਜਰੂਰਤ ਹੈ …. ਇੱਕ ਖਾਸ ਤਰਾਂ ਦੀ ਨਫਰਤ ਨੂੰ ਹਵਾ ਦੇਣ ਲਈ ਅਜੇਹੇ ਮੈਸੇਜ ਪ੍ਰਚਾਰੇ ਜਾਂਦੇ ਹਨ !

**ਗੱਲ ਨੂੰ ਸਮਝਣ ਲਈ ਹੇਠ ਦਿੱਤਾ ਵੇਰਵਾ ਵੇਖਿਆ ਜਾਵੇ ….**

ਗੰਗੂ ਦਾ ਜਨਮ 1650 ਵਿੱਚ ਹੋਇਆ (ਜਿਸ ਵੇਲੇ ਕਸ਼ਮੀਰੀ ਪੰਡਤ ਗੁਰੂ ਤੇਗ ਬਹਾਦਰ ਸਾਹਿਬ ਅੱਗੇ 1675 ਵਿੱਚ ਫਰਿਆਦ ਲੈ ਕੇ ਆਏ ਉਸ ਵੇਲੇ ਗੰਗੂ ਦੀ ਉਮਰ ਤਕਰੀਬਨ 25 ਸਾਲ ਦਸੀ ਜਾਂਦੀ ਹੈ …. ਉਸ ਦਾ ਪੁੱਤਰ ਤਕਰੀਬਨ 1680 ਵਿੱਚ ਹੋਇਆ ……. ਇਸ ਤੋਂ ਬਾਅਦ ਦਾ ਸਮਾਂ ਗੁਆਚ ਗਿਆ ਹੈ ….

1680 ਤੋਂ ਲੈ ਕੇ 1827 ਤਕ ਤਕਰੀਬਨ 147 ਸਾਲ ਹੁੰਦੇ ਹਨ … ਸੱਤ ਪੁਸ਼ਤਾਂ ਵਿਚੋਂ ਪੰਜ ਪੁਸ਼ਤਾਂ ਦੇ ਬੱਚੇ 28 ਤੋਂ 35 ਸਾਲਾਂ ਵਿੱਚ ਹੋਏ …. ਹੁਣ ਕਿਸੀ ਵੀ ਤਰੀਕੇ 147 ਸਾਲਾਂ ਵਿੱਚ ਦੋ ਪੁਸਤਾਂ ਕਿਵੇਂ ਜੰਮਣਗੀਆਂ … ਕਿਵੇਂ ਸਿੱਧ ਕੀਤਾ ਜਾਵੇਗਾ ?

| | |
|---|---|
| 0. Gangu | -- 1650 |
| 1. Raj Kaul | -- 1680 |
| 2. Gap of | 147 years |
| 3. Gap of | 147 years |
| 4. Gangadhar Nehru | -- 1827 |
| 5. Moti Lal Nehru | -- 1861 |
| 6. Jawaharlal Nehru | -- 1889 |
| 7. Inidra Gandhi | -- 1917 |
| 8. Rajiv Gandhi | -- 1944 |
| 9. Rahul Gandhi | -- 1970 |

ਇਸ ਤੋਂ ਅੱਗੇ ਵੀ ਵੇਖਿਆ ਜਾਵੇ …
Law of Average ਵੇਖਣ ਵਾਲਾ ਹੈ !

ਨਾਗਪੁਰ ਤੋਂ ਬਣਿਆ ਇਤਿਹਾਸ ਲੋਕੀ ਸ਼ੇਅਰ ਕਰੀ ਜਾਂਦੇ ਹਨ …. ਹਿਸਾਬ ਵੀ ਤਾਂ ਲਾ ਕੇ ਵੇਖਿਆ ਜਾਵੇ ਕੀ ਕਿਵੇਂ ਹੋ ਸਕਦਾ ਹੈ ??

ਤੁਸੀਂ ਵੀ ਇਨ੍ਹਾਂ ਚੱਕਰਾਂ ਵਿੱਚ ਆ ਗਏ ? ਅਜੇਹੀਆਂ ਪੋਸਟਾਂ ਬਹੁਤ ਕਰੀ ਖਾਸ ਮੰਤਵ ਨਾਲ ਪਾਈਆਂ ਜਾਂਦੀਆਂ ਹਨ …. ਇਹ ਨਾਗਪੁਰੀ ਤਰੀਕਾ ਹੈ ਇੱਕ ਤਰੀਕੇ ਦੀ ਸੋਚ ਨੂੰ ਵਧਾਵਾ ਦੇਣ ਲਈ ! ਇਸ ਗੰਗੂ ਵਾਲੀ ਗੱਲ ਤੋਂ ਬਿਨਾ ਵੀ ਇੰਦਰਾ ਬਾਰੇ ਵਿਚਾਰ ਪੱਕੇ ਰੱਖੇ ਜਾ ਸਕਦੇ ਹਨ ਪਰ ਗਲਤ ਤਥਾਂ ਤੇ ਅਧਾਰਿਤ ਨਹੀਂ!

ਬਲਵਿੰਦਰ ਸਿੰਘ ਬਾਈਸਨ

***

ਗੰਗੂ ਬ੍ਰਾਹਮਣ ਦਾ ਗੁਰੂ ਕਾਲ ਦੇ ਕਿਸੇ ਸੋਮੇ ਵਿੱਚ ਕੋਈ ਜ਼ਿਕਰ ਨਹੀਂ ਆਉਂਦਾ। ਇਹ ਬਹੁਤ ਬਾਅਦ ਵਿੱਚ ਘੜਿਆ ਗਿਆ ਕਾਲਪਨਿਕ ਪਾਤਰ ਹੈ। ਕੁੱਝ ਸੋਮਿਆਂ ਮੁਤਾਬਿਕ ਮਾਤਾ ਗੁਜ਼ਰੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਘਰ ਰਸੋਈਆ ਨਹੀਂ, ਬਲਕਿ ਕੋਈ ਮਸੰਦ ਲੈ ਕੇ ਜਾਂਦਾ ਹੈ। ਉਸ ਮਸੰਦ ਦਾ ਨਾਮ ਕਿੱਧਰੇ ਵਰਣਨ ਕੀਤਾ ਹੋਇਆ ਨਹੀਂ ਮਿਲਦਾ। ਗੰਗੂ ਬ੍ਰਾਹਮਣ ਦੇ ਸੰਦਰਭ ਵਿੱਚ ਸਿੱਖ ਇਤਿਹਾਸਕਾਰ ਡਾ: ਹਰਜਿੰਦਰ ਸਿੰਘ ਇੰਝ ਲਿੱਖਦੇ ਹਨ:

ਕਵੀ ਸੰਤੋਖ ਸਿੰਘ, (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ) ਗੰਗੂ ਬ੍ਰਾਹਮਣ ਅਤੇ ਮੋਤੀ ਰਾਮ ਮਹਿਰਾ ਨੂੰ ਨਹੀਂ ਮੰਨਦਾ

– ਡਾ. ਹਰਜਿੰਦਰ ਸਿੰਘ ਦਿਲਗੀਰ

ਕਵੀ ਸੰਤੋਖ ਸਿੰਘ, (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ) ਜਿਲਦ ਚੌਦਵੀਂ, ਸਫ਼ੇ 5946 ਤੋਂ 5957 (12 ਸਫ਼ੇ) ਵਿਚ ਨਿੱਕੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਿਰਤਾਂਤ ਲਿਖਦਾ ਹੈ। ਉਸ ਦੇ ਖ਼ਾਸ ਨੁਕਤੇ ਇਹ ਹਨ:

ਸਫ਼ਾ 5946 = ਸਾਹਿਬਜ਼ਾਦਿਆਂ ਨੂੰ ਖੇੜੀ (ਕਵੀ ਸਹੇੜੀ ਨਹੀਂ ਲਿਖਦਾ) ਆਪਣੇ ਘਰ ਲਿਜਾਣ ਵਾਲਾ ਬ੍ਰਾਹਮਣ "ਮਸੰਦ" ਰਹਿ ਚੁਕਾ ਸੀ। ਸੰਤੋਖ ਸਿੰਘ ਨੇ ਕਿਤੇ ਗੰਗੂ ਰਸੋਈਏ ਦਾ ਨਾਂ ਤਕ ਨਹੀਂ ਲਿਖਿਆ, ਬ੍ਰਾਹਮਣ ਮਸੰਦ ਲਿਖਿਆ ਹੈ।

ਸਫ਼ਾ 5947, 5948 = ਸੰਤੋਖ ਸਿੰਘ ਨੇ ਇਕ ਬ੍ਰਾਹਮਣ (ਮਸੰਦ) ਲਿਖਿਆ ਹੈ। ਕਿਤੇ ਗੰਗੂ ਰਸੋਈਏ ਦਾ ਨਾਂ ਤਕ ਨਹੀਂ ਲਿਖਿਆ।

ਸਫ਼ਾ 5950, 5951, 5952 = ਸੰਤੋਖ ਸਿੰਘ ਨੇ ਵੱਡੇ ਸਾਹਿਬਜ਼ਾਦੇ ਦਾ ਨਾਂ ਜ਼ੋਰਾਵਰ ਸਿੰਘ ਨਹੀਂ ਜੁਝਾਰ ਸਿੰਘ ਲਿਖਿਆ ਹੈ, ਜੋ ਕਿ ਚਮਕੌਰ ਵਿਚ ਸ਼ਹੀਦ ਹੋ ਚੁਕਾ ਸੀ। ਤਿੰਨ ਸਫ਼ਿਆਂ ਵਿਚ ਜੁਝਾਰ ਸਿੰਘ 7 ਵਾਰ ਆਉਂਦਾ ਹੈ (5950=1 ਵਾਰ, 5951= 2ਵਾਰ, 5953= 3 ਵਾਰ)। ਭਾਈ ਵੀਰ ਸਿੰਘ ਸੰਪਾਦਨ ਕਰਦਿਆਂ ਵੀ ਜ਼ੋਰਾਵਰ ਸਿੰਘ ਨਹੀਂ ਲਿਖਦਾ। ਯਾਨਿ ਉਹ ਵੀ ਸਰਹੰਦ ਵਿਚ ਸ਼ਹੀਦ ਹੋਣ ਵਾਲੇ ਸਾਹਿਬਜ਼ਾਦੇ ਦਾ ਨਾਂ ਜੁਝਾਰ ਸਿੰਘ ਹੀ ਮੰਨਦਾ ਹੈ,

ਸਫ਼ਾ 5956 = ਸੰਤੋਖ ਸਿੰਘ ਮੁਤਾਬਿਕ ਟੋਡਰ ਮੱਲ ਮਾਤਾ ਜੀ ਨੂੰ ਠੰਡੇ ਬੁਰਜ ਵਿਚ ਮਿਲਣ ਆਉਂਦਾ ਹੈ। ਮਾਤਾ ਗੁਜਰੀ ਜੀ ਦੇ ਮੰਗਣ 'ਤੇ ਉਹ ਹੀਰਾ ਦੇਂਦਾ ਹੈ। ਮਾਤਾ ਜੀ ਹੀਰਾ ਨਿਗਲ ਕੇ ਜਾਨ ਦੇ ਦੇਂਦੇ ਹਨ। ਕਵੀ ਮਾਤਾ ਜੀ ਤੋਂ ਖ਼ੁਦਕੁਸ਼ੀ ਕਰਵਾਉਂਦਾ ਹੈ। ਉਹ ਹੀ ਤਿੰਨਾਂ ਦੀਆਂ ਦੇਹਾਂ ਦਾ ਸਸਕਾਰ ਕਰਦਾ ਹੈ।

ਸੋ, ਇਹ ਸਾਬਿਤ ਹੁੰਦਾ ਹੈ ਕਿ:

ਸੰਤੋਖ ਸਿੰਘ ਕਿਤੇ ਗੰਗੂ ਦਾ ਨਾਂ ਨਹੀਂ ਦੇਂਦਾ। ਉਹ ਬਿਪਰ ਨੂੰ ਮਸੰਦ ਕਹਿੰਦਾ ਹੈ, ਨਾ ਕਿ ਗੁਰੂ ਜੀ ਦਾ ਰਸੋਈਆ।

ਸੰਤੋਖ ਸਿੰਘ ਕਿਸੇ ਮੋਤੀ ਰਾਮ ਮਹਿਰਾ ਦਾ ਜ਼ਰਾ ਮਾਸਾ ਜ਼ਿਕਰ ਨਹੀਂ ਕਰਦਾ, ਨਾਂ ਤਕ ਨਹੀਂ ਦੇਂਦਾ।

ਸੰਤੋਖ ਸਿੰਘ ਲਿਖਦਾ ਹੈ ਕਿ ਟੋਡਰ ਮੱਲ ਮਾਤਾ ਜੀ ਨੂੰ ਹੀਰਾ ਦੇਂਦਾ ਹੈ ਤੇ ਮਾਤਾ ਜੀ ਖ਼ੁਦਕੁਸ਼ੀ ਕਰਦੇ ਹਨ।

ਸੰਤੋਖ ਸਿੰਘ ਟੋਡਰ ਮੱਲ ਵੱਲੋਂ ਮੁਹਰਾਂ ਦੇ ਕੇ ਜ਼ਮੀਨ ਲੈਣ ਦੀ ਗੱਲ ਨਹੀਂ ਲਿਖਦਾ।

***


ਬਹਿਰਹਾਲ, ਕੁੱਝ ਸਮਾਂ ਪਹਿਲਾਂ ਦਲੀਪ ਸਿੰਘ ਗ੍ਰਿਫਤ ਨੇ ਇੱਕ ਲਿੱਖਤ ਫੇਸਬੁੱਕ ਉੱਪਰ ਸਾਝੀ ਕੀਤੀ ਸੀ। ਇੱਥੇ ਉਹ ਉਵੇਂ ਸ਼ੇਅਰ ਕਰ ਰਹਾ ਹਾਂ, ਇਹ ਪੜ੍ਹ ਕੇ ਆਪ ਹੀ ਫੈਸਲਾ ਕਰ ਲਵੋ ਕਿ ਗੰਗੂ ਬ੍ਰਾਹਮਣ ਅਸਲ ਪਾਤਰ ਹੈ ਜਾਂ ਕਾਲਪਨਿਕ:

Dalip Girfifth January 2, 2017

**ਹਰਨਾਮ ਸਿੰਘ ਧੁੰਮਾ ਕੌਣ ਹੈ?**

-ਲੇਖਕ ਦਲੀਪ ਸਿੰਘਮਾਰੀ

ਲ਼ੋਕ ਜਿਸ ਹਰਨਾਮ ਸਿੰਘ ਧੁੰਮਾ ਨੂੰ ਦਮਦਮੀ ਟਕਸਾਲ ਦਾ ਮੁਖੀ ਵਜੋਂ ਜਾਣਦੇ ਹਨ, ਉਸ ਦਾ ਪਿਛੋਕੜ ਬਹੁਤ ਘਟ ਲੋਕ ਜਾਣਦੇ ਹੋਣਗੇ। ਮੈਂ ਮਾਲ ਮਹਿਕਮੇ ਦੀ ਨੌਕਰੀ ਕਰਦਿਆਂ ਰਾਜਪੁਰਾ ਦੇ ਪਿੰਡਾਂ ਖੇੜਾ ਗੱਜੂ, ਲਹਿਲਾਂ, ਧੁੰਮਾ, ਉਚਾ ਖੇੜਾ, ਰਾਏ ਮਾਜਰਾ ਆਦਿਕ ਵਿਚ ਜਾਂਦਾ ਰਿਹਾ ਹਾਂਮਾਰੀ ਇਸ ਕਰ ਕੇ ਮੈਨੂੰ ਇਸ ਟੱਬਰ ਦੀ ਵਾਸਤਵਿਕਤਾ ਦਾ ਗਿਆਨ ਹੈ। - ਬਾਕੀ ਅਗਲੇ ਸਫ਼ੇ 'ਤੇ




# ਸਿੱਖ ਰਾਜ

## ਕਿਵੇਂ ਬਣਿਆ?

ਲੇਖਕ : ਗਿ: ਸੋਹਣ ਸਿੰਘ 'ਸੀਤਲ'

ਕਿਸ਼ਤ - 52

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਹਾਜ਼ਰ ਖਾਂ ਕੈਦ

ਅਗਲੇ ਦਿਨ ਖ਼ਵਾਜਾ ਮਿਰਜ਼ਾ 'ਤੇ ਮਰਹੱਟਿਆਂ ਨੇ ਹਮਲਾ ਕਰਕੇ ਮੀਰ ਹਾਜ਼ਰ ਖ਼ਾਂ ਸਣੇ ਫ਼ੌਜ ਫੜ ਲਿਆ।ਅਦੀਨਾ ਬੇਗ ਦੀ ਸਲਾਹ ਨਾਲ ਸਿੱਖਾਂ ਨੂੰ ਫੇਰ ਆਪਣੀ ਮਦਦ 'ਤੇ ਲੈ ਲਿਆ ਗਿਆ। ਸਿੱਖਾਂ ਤੋਂ ਮਰਹੱਟਿਆਂ ਨੇ ਤੈਮੂਰ ਤੇ ਜਹਾਨ ਖ਼ਾਂ ਨੂੰ ਝਨਾਂ 'ਤੇ ਜਾ ਘੇਰਿਆ। ਮਰਹੱਟੇ ਵੀਹ ਹਜ਼ਾਰ ਸਿੱਖ ਦਸ ਹਜ਼ਾਰ ਸਨ।

### ਝਨਾਂ ਕੰਢੇ ਲੜਾਈ

ਤੈਮੂਰ ਤੇ ਜਹਾਨ ਖ਼ਾਂ ਤਾਂ ਰਾਤ ਜਾਨ ਬਚਾ ਕੇ ਨੱਸ ਗਏ, ਪਰ ਉਹਨਾਂ ਦਾ ਡੇਰਾ ਸਿੱਖਾਂ ਤੇ ਮਰਹੱਟਿਆਂ ਲੁੱਟ ਲਿਆ। ਏਥੇ ਹਜ਼ਾਰਾਂ ਦੁਰਾਨੀ ਸਿਪਾਹੀ ਕਤਲ ਹੋਏ ਤੇ ਰਹਿੰਦੇ ਕੈਦੀ ਬਣਾ ਲਏ ਗਏ।

ਮਰਹੱਟਿਆਂ ਨੇ ਸਾਰਾ ਪੰਜਾਬ ਮੱਲ ਲਿਆ। ਦੂਜੇ ਪਾਸੇ ਮੁਲਤਾਨ ਤਕ ਉਹਨਾਂ ਦੀਆਂ ਫ਼ੌਜਾਂ ਜਾ ਪੁੱਜੀਆਂ। ਅਬਦਾਲੀ ਤੋਂ ਡਰਦੇ ਉਹ ਪੰਜਾਬ ਉੱਤੇ ਆਪਣਾ ਸਿੱਧਾ ਕਬਜ਼ਾ ਨਹੀਂ ਸਨ ਰਖਣਾ ਚਾਹੁੰਦੇ। ਉਹਨਾਂ ਮੁਲਤਾਨ, ਲਾਹੌਰ ਏਥੋਂ ਕੁਛ ਪਠਾਣਾਂ ਨੂੰ ਫੜ ਕੇ ਸਿੱਖ ਅੰਮ੍ਰਿਤਸਰ ਲੈ ਆਏ, ਤੇ ਜਹਾਨ ਖਾਂ ਦਾ ਪੂਰਿਆ ਹੋਇਆ ਸਰੋਵਰ ਉਹਨਾਂ ਤੋਂ ਸਾਫ਼ ਕਰਾਇਆ।

### ਮਰਹੱਟਿਆਂ ਪੰਜਾਬ ਅਦੀਨਾਬੇਗ ਨੂੰ ਦਿੱਤਾ

ਤੇ ਸਰਹਿੰਦ 75 ਲੱਖ ਸਾਲਾਨਾ ਬਦਲੇ ਅਦੀਨਾਬੇਗ ਨੂੰ ਦਿੱਤਾ ਤੇ ਉਸਨੂੰ ਨਵਾਬ ਦਾ ਖ਼ਿਤਾਬ ਬਖ਼ਸ਼ਿਆ। ਪੰਜ ਜੂਨ, 1758 ਈ: ਨੂੰ ਮਰਹੱਟੇ ਜਰਨੈਲ ਵਾਪਸ ਥਾਨੇਸਰ ਆ ਗਏ। ਏਸ ਗੜਬੜ ਦੇ ਸਮੇਂ ਸਿੱਖਾਂ ਨੇ ਆਪਣਿਆਂ ਇਲਾਕਿਆਂ ਵਿਚ ਥਾਂ-ਥਾਂ ਕੱਚੇ ਕਿਲੇ ਬਣਾ ਲਏ। ਉਹ ਜਾਣਦੇ ਸਨ, ਕਿ ਹੁਣ ਅਦੀਨਾਬੇਗ ਨਾਲ ਟੱਕਰ ਲੈਣੀ ਪਏਗੀ।

### ਅਦੀਨਾਬੇਗ ਦੀਨਾ ਨਗਰ

ਅਦੀਨਾਬੇਗ ਨੇ ਆਪਣੀ ਰਾਜਧਾਨੀ ਬਟਾਲੇ ਦੇ ਇਲਾਕੇ ਵਿਚ ਦੀਨਾ ਨਗਰ ਬਣਾ ਲਈ। ਉਹਨੇ ਆਪਣੇ ਮਾਤਹਿਤ ਲਾਹੌਰ ਵਿਚ ਖ਼ਵਾਜਾ ਮਿਰਜ਼ਾ ਖ਼ਾਂ (ਜੋ ਹੁਣ ਉਸਦਾ ਜਵਾਈ ਬਣ ਚੁੱਕਾ ਸੀ) ਨੂੰ ਸੂਬੇਦਾਰ ਤੇ (ਉਸ ਦੇ ਭਰਾ) ਖ਼ਵਾਜਾ ਸਦੀਕਖ਼ਾਂ ਨੂੰ ਨਾਇਬ ਥਾਪਿਆ। ਸਦੀਕਬੇਗ ਨੂੰ ਸਰਹਿੰਦ ਦਾ ਫ਼ੌਜਦਾਰ ਬਣਾਇਆ ਗਿਆ। ਮੁਰਾਦ ਬੇਗਮ ਅਦੀਨਾਬੇਗ ਨਾਲ ਬਟਾਲੇ ਚਲੀ ਗਈ।

### ਅਦੀਨਾਬੇਗ ਸਿੱਖਾਂ ਦਾ ਵੈਰੀ

ਪੰਜਾਬ ਦਾ ਹੁਕਮਰਾਨ ਬਣ ਕੇ ਅਦੀਨਾਬੇਗ ਨੇ ਸਭ ਤੋਂ ਪਹਿਲਾਂ ਸਿੱਖਾਂ ਨੂੰ ਖ਼ਤਮ ਕਰਨ ਦਾ ਇਰਾਦਾ ਕੀਤਾ। ਦਸ ਹਜ਼ਾਰ ਫ਼ੌਜ ਉਹਦੀ ਪੁਰਾਣੀ ਹੈਗੀ ਸੀ, ਤੇ ਕਈ ਹਜ਼ਾਰ ਨਵੀਂ ਹੋਰ ਭਰਤੀ ਕਰ ਲਈ। ਪੰਜਾਬ ਭਰ ਦੇ ਛੋਟੇ ਵੱਡੇ ਹਾਕਮ ਤੇ ਚੌਧਰੀ ਉਹਨੇ ਏਸ ਕੰਮ ਵਾਸਤੇ ਆਪਣੇ ਨਾਲ ਗੰਢ ਲਏ। ਸਿੱਖ ਵੀ ਏਸ ਚਾਲ ਨੂੰ ਤਾੜ ਗਏ ਤੇ ਬਹੁਤ ਸਾਰੇ ਦੀਨਾ ਨਗਰ ਦੇ ਉਦਾਲੇ ਆ ਕੱਠੇ ਹੋਏ। ਅਦੀਨਾਬੇਗ ਨੇ ਦੀਵਾਨ ਹੀਰਾ ਮੱਲ ਤੇ ਆਕਲ ਦਾਸ (ਜੰਡਿਆਲੀਆ) ਨੂੰ ਫੌਜ ਦੇ ਕੇਸਿੱਖਾਂ ਦੇ ਟਾਕਰੇ ਘੱਲਿਆ।

### ਕਾਦੀਆਂ ਦੀ ਲੜਾਈ

ਕਾਦੀਆਂ ਕੋਲ ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਹੀਰਾ ਮੱਲ ਮਾਰਿਆ ਗਿਆ। ਸਿੱਖਾਂ ਨੇ ਉਹਨਾਂ ਦੇ ਡੇਰਾ ਲੁੱਟ ਲਿਆ।

### ਕਤਲਾਮ ਦਾ ਹੁਕਮ

ਗੁੱਸੇ ਵਿਚ ਅਦੀਨਾਬੇਗ ਨੇ ਸਿੱਖਾਂ ਦੀ ਕਤਲਾਮ ਦਾ ਹੁਕਮ ਦੇ ਦਿੱਤਾ। ਇਲਾਕੇ ਦੇ ਚੌਧਰੀਆਂ ਤੇ ਹਾਕਮਾਂ ਨੂੰ ਸਖ਼ਤ ਹੁਕਮ ਭੇਜੇ ਗਏ, ਕਿ ਸਿੱਖਾਂ ਦਾ ਖੁਰਾ ਖੋਜ ਮਿਟਾ ਦਿੱਤਾ ਜਾਏ। ਜਿਨਾਂ ਸਿੱਖਾਂ ਦੀ ਮਦਦ ਨਾਲ ਅਦੀਨਾਬੇਗ ਕਈ ਵਾਰ ਆਪਣੇ ਸਿੰਘਾਸਣ 'ਤੇ ਬੈਠਾ ਸੀ, ਹੱਥ ਧੋ ਕੇ ਮਗਰ ਪੈ ਗਿਆ। ਅਦੀਨਾਬੇਗ ਜਾਣਦਾ ਸੀ, ਕਿ ਸਿੱਖਾਂ

### ਝੱਲ ਸਾੜੇ

ਦਾ ਅਜਿੱਤ ਕਿਲਾ ਦਰਿਆਵਾਂ ਦੇ ਝੱਲ ਹਨ।ਉਹਨੇ ਮੀਰ ਅਜ਼ੀਜ਼ ਬਖ਼ਸ਼ੀ ਨੂੰ ਇਕ ਹਜ਼ਾਰ ਤਖਾਣ ਤੇ ਫੌਜ ਦੇ ਕੇ ਝੱਲ ਵਢਣ ਤੇ ਸਾੜਨ 'ਤੇ ਲਾ ਦਿੱਤਾ। ਝੱਲ ਵਿਚੋਂ ਨਿਕਲ ਕੇ ਸ: ਨੰਦ ਸਿੰਘ ਸਾਂਘਣਾ, ਜੱਸਾ ਸਿੰਘ ਰਾਮਗੜੀਆ, ਜੈ ਸਿੰਘ ਕਨਈਆ ਤੇ ਅਮਰ ਸਿੰਘ ਕਿੰਗਰਾ ਕੁਛ ਸਿੰਘਾਂ ਸਣੇ ਅੰਮ੍ਰਿਤਸਰ ਕਿਲਾ ਰਾਮਗੜ ਵਿਚ ਆ ਵੜੇ।

### ਰਾਮ ਗੜ ਨੂੰ ਘੇਰਾ

ਮੀਰ ਅਜ਼ੀਜ਼ ਨੇ ਰਾਮਗੜ੍ਹ ਨੂੰ ਘੇਰਾ ਪਾ ਲਿਆ। ਸਿੱਖ ਬੜੀਬਹਾਦਰੀ ਨਾਲ ਲੜੇ ਤੇ ਵੈਰੀ ਦੀ ਇਕਬਾਹੀ ਚੀਰ ਕੇ ਮਾਲਵੇ ਨੂੰ ਨਿਕਲ ਗਏ।

### ਸੰਘੋਲੇ ਦੀ ਲੜਾਈ

ਸਿੰਘ ਦੁਆਬੇ ਤੇ ਮਾਲਵੇ ਵਿਚ ਲੁੱਟਮਾਰ ਕਰਦੇ ਹੋਏ ਆਨੰਦਪੁਰ ਨੂੰ ਜਾ ਰਹੇ ਸਨ।ਉਹਨਾਂ ਦਾ ਡੇਰਾ ਪਿੰਡ ਸੰਘੋਲੇ ਵਿਚ ਸੀ, ਜਾਂਸਦੀਕਬੇਗ ਬੜੀ ਭਾਰੀ ਫ਼ੌਜ ਤੇ ਤੋਪਖ਼ਾਨਾਲੈ ਕੇ ਜਾ ਪਿਆ।ਏਸ ਹਮਲੇ ਨੇ ਸਿੰਘਾਂ ਦਾ ਬੜਾ ਨੁਕਸਾਨ ਕੀਤਾ।ਉਹ ਡੇਰਾ ਛਡ ਕੇ ਆਨੰਦਪੁਰ ਨੂੰ ਭੱਜ ਉਠੇ। ਸਦੀਕਬੇਗ ਤੋਪਖ਼ਾਨਾ ਪਿਛੇ ਛੱਡਕੇ ਸਿੱਖਾਂ ਦੇ ਮਗਰ ਪਿਆ। ਵੈਰੀ ਆਪਣੇ ਤੋਪਖ਼ਾਨੇ ਤੋਂ ਚਾਰ ਪੰਜ ਮੀਲ ਦੂਰ (ਰੋਪੜ ਕੋਲੋਂ) ਚਲਾ ਗਿਆ, ਤਾਂ ਸਿੰਘਾਂ ਨੇ ਇਕ ਵਾਰ ਪਿਛੇ ਮੁੜ ਕੇ ਵੈਰੀ ਉੱਤੇ ਹਮਲਾਕਰ ਦਿੱਤਾ।

### ਰੋਪੜ ਦੀ ਲੜਾਈ ਵਿਚ ਸਦੀਕਬੇਗ ਹਾਰ ਗਿਆ ।

ਸਿੰਘਾਂ ਦੇ ਦਿਲ ਵਿਚ ਪਿਛਲੀ ਹਾਰ ਦੀ ਬੜੀ ਖਾਰ ਸੀ। ਉਹ ਇਸ ਦਲੇਰੀ ਨਾਲ ਲੜੇ, ਕਿ ਵੈਰੀ ਨੂੰ ਜਾਨ ਬਚਾਉਣ ਵਾਸਤੇ ਪਿੜ ਛੱਡ ਕੇ ਨੱਸਣਾ ਪਿਆ। ਸਦੀਕਬੇਗ ਭੱਜ ਕੇ ਸਰਹਿੰਦ ਜਾ ਵੜਿਆ। ਸਿੰਘਾਂ ਨੇ ਉਹਦਾ ਡੇਰਾ ਲੁੱਟ ਲਿਆ।ਏਥੋਂ ਤਰਨਾ ਦਲ ਨੇ ਆਨੰਦਪੁਰਹੋਲਾ ਮਹੱਲਾ ਜਾ ਕੀਤਾ ਤੇ ਬੁੱਢਾ ਦਲ ਡਰੋਲੀ ਆ ਬੈਠਾ।

### ਅਦੀਨਾਬੇਗ ਮਰਿਆ

ਥਾਂ-ਥਾਂ ਅਦੀਨਾਬੇਗ ਦੇ ਅਫ਼ਸਰ ਸਿੱਖਾਂ ਨੂੰ ਤੰਗ ਕਰਨ ਲੱਗੇ। ਪਰ ਇਹ ਤੰਗੀ ਛੇਤੀ ਹੀ ਕੱਟੀ ਗਈ। ਬਟਾਲੇ ਵਿਚ ਬੀਮਾਰ ਹੋ ਕੇ ਅਦੀਨਾਬੇਗ ਮਰ ਗਿਆ।

• ਬਾਕੀ ਅਗਲੇ ਅੰਕ ਵਿੱਚ

---

-ਪਿਛਲੇ ਸਫ਼ੇ ਦਾ ਬਾਕੀ -

ਹਰਨਾਮ ਸਿੰਘ ਧੁੰਮਾ ਦੇ ਵੱਡੇ ਵਡੇਰੇ ਮੋਰਿੰਡਾ ਦੇ ਨਿਕਟ ਗਾਂਵ ਸਹੇੜੀ ਦੇ ਵਸਨੀਕ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਵੇਲੇ ਇਸ ਪਿੰਡ ਦੇ ਦੋ ਭਰਾ ਧੁੰਮਾ ਤੇ ਦਰਬਾਰੀ ਸਿੱਖ ਪੰਥ ਦੇ ਮਸੰਦ ਹੁੰਦੇ ਸਨ। ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਸੰਦ ਪ੍ਰਥਾ ਸਮਾਪਤ ਕੀਤੀ ਤਾਂ ਇਹ ਦੋਵੇਂ ਵੀ ਸੇਵਾ ਤੋਂ ਹਟਾ ਦਿੱਤੇ ਗਏ। ਉਨ੍ਹਾਂ ਕੋਲ ਚੰਗੀ ਭੋਇੰ ਸੀ ਜਿਸ ਨਾਲ ਉਨ੍ਹਾਂ ਦਾ ਗੁਜ਼ਾਰਾ ਚੰਗਾ ਚਲਦਾ ਰਿਹਾ ਸੀ। ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਵਾਰ ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਨਿਕਲਣਾ ਪਿਆ ਤਾਂ ਉਥੋਂ ਚਲ ਕੇ ਸਰਸਾ ਨਦੀ ਪਾਰ ਕਰ ਕੇ ਮਾਤਾ ਗੁਜਰੀ ਅਤੇ ਨੰਨ੍ਹੇ ਸਾਹਿਬਜ਼ਾਦੇ ਚਮਕੌਰ ਆ ਗਏ।ਉਸ ਦਿਨ ਅਚਾਨਕ ਦੋਵੇਂ ਭਰਾ ਧੁੰਮਾ ਤੇ ਦਰਬਾਰੀ ਉਥੇ ਆਏ ਹੋਏ ਸਨ। ਉਹ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਨਾਲ ਪਿੰਡ ਸਹੇੜੀ ਲੈ ਗਏ। ਫਿਰ ਇਤਿਹਾਸ ਸਾਰਾ ਪੰਥ ਜਾਣਦਾ ਹੈ ਕਿ ਕਿਵੇਂ ਇਨ੍ਹਾਂ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਵਾ ਕੇ ਸਰਹੰਦ ਦੇ ਸੂਬੇਦਾਰ ਦੇ ਹਵਾਲੇ ਕਰ ਕੇ ਸ਼ਹੀਦ ਕਰਵਾਇਆ ਸੀ।ਬੰਦਾ ਸਿੰਘ ਬਹਾਦਰ ਵੇਲੇ ਸਿੱਖ ਫ਼ੌਜਾਂ ਨੇ ਸਹੇੜੀ ਤੇ ਵੀ ਧਾਵਾ ਬੋਲਿਆ ਸੀ ਤੇ ਧੁੰਮਾ ਤੇ ਦਰਬਾਰੀ ਤੇ ਉਨ੍ਹਾਂ ਦੇ ਟੱਬਰ ਨੂੰ ਕਤਲ ਕਰ ਕੇ ਉਨ੍ਹਾਂ ਦਾ ਘਰ ਸਾੜ ਦਿੱਤਾ ਤੇ ਪਿੰਡ ਨੂੰ ਤਬਾਹ ਕਰ ਦਿੱਤਾ ਸੀ। ਧੁੰਮੇ ਦਾ ਨਿੱਕਾ ਮੁੰਡਾ ਧੌਲਾ ਨਾਨਕੇ ਪਿੰਡ ਮਾਜਰੀ (ਸਰਹੰਦ ਤੋਂ ਦਸ ਕੋਸ ਦੂਰ, ਸਰਾਇ ਬਣਜਾਰਾ ਤੇ ਖੇੜਾ ਗੱਜੂ ਦੇ ਵਿਚਕਾਰ) ਗਿਆ ਹੋਣ ਕਰ ਕੇ ਬਚ ਗਿਆ ਸੀ। ਜਦ ਨਾਨਕਿਆਂ ਨੂੰ ਧੌਲੇ ਦੇ ਬਾਪ ਤੇ ਚਾਚੇ ਦਾ ਖ਼ਾਨਦਾਨ ਸਿੱਖਾਂ ਹੱਥੋਂ ਮਾਰੇ ਜਾਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਧੌਲੇ ਨੂੰ ਲੁਕਾ ਲਿਆ। ਇਸ ਤਰ੍ਹਾਂ ਧੌਲਾ ਬਚਿਆ ਰਿਹਾ। ਉਹ ਵਿਆਹ ਕਰ ਕੇ ਮਾਜਰੀ ਹੀ ਰਹਿੰਦਾ ਰਿਹਾ ਤੇ ਤੇ ਉਸ ਦਾ ਟੱਬਰ ਵੀ ਬਚਿਆ ਰਿਹਾ। ਮਾਜਰੀ ਪਿੰਡ ਦੇ ਦੁਆਲੇ ਉਸ ਵੇਲੇ ਭੋਇੰ ਬੰਜਰ ਸੀ। ਇਸ ਟੱਬਰ ਨੇ ਉਸ ਨੂੰ ਖੇਤੀ ਜੋਗੀ ਕਰ ਲਿਆ ਤੇ ਗੁਜ਼ਾਰਾ ਕਰਦੇ ਰਹੇ। ਧੁੰਮੇ ਦੀ ਔਲਾਦ ਹੋਣ ਕਰ ਕੇ ਇਨ੍ਹਾਂ ਦੀ ਭੋਇੰ ਵਾਲੀ ਥਾਂ ਦਾ ਨਾਂ ਵੀ ਧੁੰਮਾ ਪੈ ਗਿਆ। ਇਹ ਇਲਾਕਾ ਵਧੇਰੇ ਕਰ ਕੇ ਮੁਸਲਮਾਨਾਂ ਦਾ ਸੀ ਪਰ ਲੋਕ ਇਹ ਨਹੀਂ ਸਨ ਜਾਣਦੇ ਕਿ ਇਹ ਉਸੇ ਟੱਬਰ ਵਿਚੋਂ ਹਨ ਜਿਨ੍ਹਾਂ ਨੇ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਵਾਇਆ ਸੀ। ਇਸ ਤਰ੍ਹਾਂ ਇਹ ਬਚੇ ਰਹੇ। ਦੂਜੇ ਪਾਸੇ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਵਾਉਣ ਦੀ ਗੱਲ ਸਿੱਖਾਂ ਨੂੰ ਕਦੇ ਨਹੀਂ ਸੀ ਭੁੱਲਣੀ, ਇਸ ਕਰ ਕੇ ਇਨ੍ਹਾਂ ਨੇ ਵੀ ਚੁੱਪ ਰੱਖੀ। ਹੌਲੀ ਹੌਲੀ ਪੰਜਾਬ ਵਿਚ ਮੁਗਲਾਂ ਦਾ ਰਾਜ ਸਮਾਪਤ ਹੋ ਗਿਆ ਤੇ ਸਿੱਖ ਮਿਸਲਾਂ ਦਾ ਰਾਜ ਆ ਗਿਆ। ਇਨ੍ਹਾਂ ਨੂੰ ਹੁਣ ਸਗੋਂ ਵਧ ਡਰ ਲਗਣ ਲਗ ਪਿਆ ਕਿਉਂ ਕਿ ਉਨ੍ਹਾਂ ਨੂੰ ਆਪਣੇ ਪਿਛੋਕੜ ਦਾ ਪਤਾ ਲਗਣ ਦਾ ਤੌਖਲਾ ਹੋ ਰਿਹਾ ਸੀ।ਇਸ ਕਰ ਕੇ ਧੌਲੇ ਦਾ ਪੜਪੋਤਾ ਝੰਡਾ ਬਹੁਤ ਚੁਸਤ ਸੀ। ਉਸ ਨੇ ਇਕ ਚਲਾਕੀ ਸੋਚੀ। ਉਹ ਇਕ ਵਾਰ ਅੰਮ੍ਰਿਤਸਰ ਗਿਆ ਜਿਥੇ ਉਸ ਨੇ ਗਿਆਨੀਆਂ ਦੇ ਟੱਬਰ (ਸੂਰਤ ਸਿੰਘ ਤੇ ਸੰਤ ਸਿੰਘ ਗਿਆਨੀ) ਕੋਲੋਂ ਖੰਡੇ ਦੀ ਪਾਹੁਲ ਲੈ ਲਈ ਤੇ ਝੰਡਾ ਸਿੰਘ ਬਣ ਗਿਆ। ਉਹ ਗਿਆਨੀਆਂ ਦੇ ਬੁੰਗੇ ਵਿਚ ਸੇਵਾ ਵੀ ਕਰਨ ਲਗ ਪਿਆ। ਉਸ ਨੂੰ ਪੜ੍ਹਨ ਲਿਖਣ ਦਾ ਸ਼ੌਕ ਵੀ ਸੀ। ਇਕ ਵਾਰ ਉਹ ਧੁੰਮਾ ਪਿੰਡ ਤੋਂ ਅੰਮ੍ਰਿਤਸਰ ਗਿਆ ਹੋਇਆ ਸੀ। ਉਥੇ ਕੈਥਲ ਤੋਂ ਸੰਤੋਖ ਸਿੰਘ ਕਵੀ ਅਇਆ ਹੋਇਆ ਸੀ। ਉਹ ਇਸ ਨੂੰ ਨਾਲ ਲੈ ਗਿਆ। ਇਸ ਨੇ ਉਸ ਨੂੰ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਵਾਉਣ ਦੀ ਨਵੀਂ ਕਹਾਣੀ ਬਣਾ ਕੇ ਸੁਣਾ ਦਿੱਤੀ ਤੇ ਇਸ ਦਾ ਦੋਸ਼ੀ ਕਾਲਪਨਿਕ ਗੰਗੂ ਨੂੰ ਬਣਾ ਦਿੱਤਾ। ਝੰਡਾ ਸਿੰਘ ਦਾ ਦਾਅ ਕਾਮਯਾਬ ਹੋਇਆ ਤੇ ਸੰਤੋਖ ਸਿੰਘ ਨੇ ਝੰਡੇ ਦੇ ਪੜਦਾਦੇ ਧੁੰਮਾ ਦੀ ਥਾਂ ਗੰਗੂ ਨੂੰ ਖਲਨਾਇਕ ਬਣਾ ਦਿੱਤਾ। ਇੰਜ ਝੰਡੇ ਨੇ ਆਪਣੇ ਵਡੇਰਿਆਂ ਨੂੰ ਇਤਿਹਾਸ ਵਿਚੋਂ ਬਰੀ ਕਰਵਾ ਲਿਆ। ਇਨ੍ਹਾਂ ਦਾ ਇਲਾਕਾ ਮਹਾਰਾਜਾ ਪਟਿਆਲਾ ਦੀ ਰਿਆਸਤ ਵਿਚ ਪੈਂਦਾ ਸੀ। ਇਹ ਮਹਾਰਾਜਿਆਂ ਦੇ ਵਫ਼ਾਦਾਰ ਬਣ ਗਏ ਤੇ ਪੁਲਸ ਦੇ ਮੁਖ਼ਬਰ ਬਣ ਕੇ ਸੁਰੱਖਿਅਤ ਰਹੇ। ਜਦ ਅਕਾਲੀ ਲਹਿਰ ਸ਼ੁਰੂ ਹੋਈ ਤਾਂ ਇਨ੍ਹਾਂ ਨੇ ਡਟ ਕੇ ਮਹੰਤਾਂ ਦਾ ਸਾਥ ਦਿੱਤਾ। 1947 ਤੋਂ ਮਗਰੋਂ ਮਹਾਰਾਜਿਆਂ ਦੀਆਂ ਰਿਆਸਤਾਂ ਟੁੱਟੀਆਂ ਤਾਂ ਇਹ ਅਕਾਲੀਆਂ ਵਿਚ ਸ਼ਾਮਿਲ ਹੋ ਗਏ ਤਾਂ ਜੋ ਕੋਈ ਇਨ੍ਹਾਂ ਦੇ ਪਿਛੋਕੜ ਵਲ ਇਸ਼ਾਰਾ ਵੀ ਨਾ ਕਰ ਸਕੇ। ਮਗਰੋਂ ਇਸ ਟੱਬਰ ਦੇ ਇਕ 19 ਸਾਲਾ ਨੌਜਵਾਨ ਤਰਲੋਚਨ ਸਿੰਘ ਨੇ 1955 ਵਿਚ ਅਕਾਲੀਆਂ ਵਿਚ ਸ਼ਾਮਿਲ ਹੋ ਕੇ ਚੰਗਾ ਦਖ਼ਲ ਬਣਾ ਲਿਆ ਤੇ ਜਥੇਦਾਰ ਅਖਵਾਉਂਦਾ ਰਿਹਾ (ਸਤੰਬਰ 2016 ਵਿਚ ਉਸ ਦੀ ਮੌਤ ਹੋਈ)।ਉਧਰ ਕਈ ਦਹਾਕੇ ਲੋਕੀਂ ਸੰਤੋਖ ਸਿੰਘ ਦਾ ਸੂਰਜ ਪ੍ਰਕਾਸ਼ ਸੁਣਦੇ ਰਹੇ ਤੇ ਇਤਿਹਾਸ ਸੁਣਦੇ ਰਹੇ ਤੇ ਤਿੰਨ-ਚਾਰ ਪੁਸ਼ਤਾਂ ਮਗਰੋਂ ਲੋਕ ਧੁੰਮਾ ਤੇ ਦਰਬਾਰੀ ਨੂੰ ਭੁੱਲ ਕੇ ਗੰਗੂ ਗੰਗੂ ਕਰਨ ਲਗ ਪਏ। ਕਵੀਆਂ ਨੇ ਗੰਗੂ ਨੂੰ ਹੋਰ ਵੀ ਪ੍ਰਸਿੱਧ ਕਰ ਦਿੱਤਾ। ਪਰ 1983 ਵਿਚ ਜਦ ਪਿਆਰਾ ਸਿੰਘ ਪਦਮ ਨੇ ਸਵਰੂਪ ਸਿੰਘ ਕੌਸ਼ਿਸ਼ ਦੀ ਪੁਸਤਕ ਗੁਰੂ ਕੀਆਂ ਸਾਖੀਆਂ ਛਾਪੀ ਅਤੇ ਉਨ੍ਹੀਂ ਦਿਨੀ ਹੀ ਪੁਸਤਕ ਕਥਾ ਗੁਰੂ ਕੇ ਸੁਤਨ ਕੀ ਦਾ ਖਰੜਾ ਵੀ ਛਪ ਗਿਆ ਤਾਂ ਇਸ ਟੱਬਰ ਨੂੰ ਫਿਰ ਡਰ ਲਗਣ ਲਗ ਪਿਆ ਕਿ ਕਿਧਰੇ ਸਾਡਾ ਭੇਤ ਹੀ ਨਾ ਖੁਲ੍ਹ ਜਾਵੇ। ਇਸ ਕਰ ਕੇ ਤਰਲੋਚਨ ਸਿੰਘ ਨੇ ਆਪਣੇ ਮੁੰਡੇ ਹਰਨਾਮ ਨੂੰ ਟਕਸਾਲੀਆਂ ਕੋਲ ਚੌਕ ਮਹਿਤਾ ਭੇਜ ਦਿੱਤਾ। ਹਰਨਾਮ ਨੇ ਉਥੇ ਜਾ ਕੇ ਅੰਮ੍ਰਿਤ ਛਕ ਲਿਆ ਤੇ ਬਾਬਾ ਠਾਕਰ ਸਿੰਘ ਦਾ ਗੜਵਈ ਬਣ ਗਿਆ। ਉਸ ਮਗਰੋਂ ਦੀ ਕਹਾਣੀ ਸਭ ਜਾਣਦੇ ਹਨ ਕਿ ਕਿਵੇਂ ਉਸ ਨੇ ਕੇ.ਪੀ. ਸਿੰਘ ਗਿੱਲ ਰਾਹੀਂ ਪਾਸਪੋਰਟ ਪ੍ਰਾਪਤ ਕੀਤਾ ਅਤੇ ਅਮਰੀਕਾ ਦਾ ਵੀਜ਼ਾ ਲਿਆ ਅਤੇ ਕਿਵੇਂ ਉਹ ਦਮਦਮੀ ਟਕਸਾਲ ਦਾ ਮੁਖੀ ਬਣਿਆ।ਇਹ ਹੈ ਸਚ ਹਰਨਾਮ ਸਿੰਘ ਧੁੰਮਾ ਦਾ। ਇਹ ਉਹੀ ਟੱਬਰ ਹੈ ਜਿਸ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਵਾ ਕੇ ਸ਼ਹੀਦ ਕਰਵਾਇਆ ਸੀ। ਹੁਣ ਵੀ ਜਦ ਵੀ ਕੋਈ ਧੁੰਮਾ ਤੇ ਦਰਬਾਰੀ ਦਾ ਨਾਂ ਲੈਂਦਾ ਹੈ ਤਾਂ ਇਹਦੇ ਚਿਹਰੇ ਦਾ ਰੰਗ ਉਡ ਜਾਂਦਾ ਹੈ।

-ਲੇਖਕ ਦਲੀਪ ਸਿੰਘ

***

ਅੰਤ ਵਿੱਚ ਇਹੀ ਸਿੱਟਾ ਨਿਕਲਦਾ ਹੈ ਕਿ ਸ਼ਰਾਰਤੀ ਅਨਸਰਾਂ ਵੱਲੋਂ ਹਿੰਦੂਆਂ ਖਾਸਕਰ ਬ੍ਰਾਹਮਣਾਂ ਨਾਲ ਸਿੱਖਾਂ ਦੀ ਨਫਰਤ ਪੈਦਾ ਕਰਨ ਦੀ ਭਾਵਨਾ ਨਾਲ ਗੰਗੂ ਪਾਤਰ ਘੜਿਆ ਗਿਆ ਹੈ। ਢਾਡੀਆਂ ਕਵੀਸ਼ਰਾਂ ਨੇ ਸੰਘ ਪਾੜ ਪਾੜ ਗੰਗੂ ਕ੍ਰਿਤਘਣ, ਗੰਗੂ ਪਾਪੀ, ਗੰਗੂ ਲਾਲਚੀ ਕਹਿ ਕੇ ਅਜਿਹਾ ਭੰਡਿਆ ਤੇ ਬਦਨਾਮ ਕੀਤਾ ਕਿ ਅੱਜ ਪੰਜਾਬ ਦੀ ਬ੍ਰਹਮਣਜਾਤੀ ਨੂੰ ਪੂਰੀ ਤਰ੍ਹਾਂ ਨਮੋਸ਼ੀ ਤੇ ਬੇਇਤਬਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਹੁਣ ਤੁਹਾਨੂੰ ਦੱਸਦੇ ਹਾਂ ਕਿ ਗੰਗੂ ਬ੍ਰਾਹਮਣ ਦਾ ਪਾਤਰ ਚੁੱਕਿਆ ਕਿੱਥੋਂ ਗਿਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਵਾਰ 32 ਛੰਦ 18 ਸੱਤਰ 1-7 ਵਿੱਚ ਇੱਕ ਗੰਗੂ ਨਾਮ ਦੇ ਗੂੰਗੇ ਤੇਲੀ ਅਤੇ ਬ੍ਰਾਹਮਣ ਦੀ ਕਥਾ ਦਾ ਵਰਨਣ ਆਉਂਦਾ ਹੈ:-

ਗੋਸਟਿ ਗਾਂਗੇ ਤੇਲੀਐ ਪੰਡਤ ਨਾਲ ਹੋਵੈ ਜਗੁ ਦੇਖੈ॥
ਖੜ੍ਹੀ ਕਰੈ ਇਕ ਅੰਗੁਲੀ ਗਾਂਗਾ ਦੁਇ ਵੇਖਾਲੈ ਰੇਖੈ॥
ਫੇਰਿ ਉਚਾਇ ਪੰਜਾਂਗੁਲਾ ਗਾਂਗਾ ਮੁਠਿ ਹਲਾਏ ਅਲੇਖੈ॥
ਪੈਰੀਂ ਪੈ ਉਠਿ ਚਲਿਆ ਪੰਡਿਤੁ ਹਾਰ ਭੁਲਾਵੈ ਭੇਖੈ॥
ਨਿਰਗੁਣੁ ਸਰਗੁਣੁ ਅੰਗ ਦੁਇ ਪਰਮੇਸਰੁ ਪੰਜਿ ਮਿਲਨ ਸਰੇਖੈ॥
ਅਖੀਂ ਦੋਵੈਂ ਭੰਨਸਾਂ ਮੁਕੀ ਲਾਇ ਹਲਾਇ ਨਿਮੇਖੈ॥
ਮੂਰਖ ਪੰਡਿਤੁ ਸੁਰਤਿ ਵਿਸੇਖੈ ॥੧੮॥

ਕਥਾ ਅਨੁਸਾਰ ਇੱਕ ਬ੍ਰਾਹਮਣ ਨੂੰ ਆਪਣੇ ਗਿਆਨ ਦਾ ਹੰਕਾਰ ਹੋ ਜਾਂਦਾ ਹੈ ਤੇ ਉਹ ਰਾਜੇ ਨੂੰ ਕਹਿੰਦਾ ਹੈ ਕਿ ਤੇਰੇ ਰਾਜ ਵਿੱਚ ਕੋਈ ਵਿਦਵਾਨ ਮੈਨੂੰ ਬਹਿਸ ਵਿੱਚ ਹਰਾ ਕੇ ਦਿਖਾਵੇ। ਰਾਜਾ ਆਪਣੇ ਰਾਜ ਪ੍ਰੋਹਿਤ ਨੂੰ ਬੁਲਾਉਂਦਾ ਹੈ। ਰਾਜ ਪ੍ਰੋਹਿਤ ਬ੍ਰਾਹਮਣ ਦੀਆਂ ਪੋਥੀਆਂ ਦੇਖ ਕੇ ਡਰ ਜਾਂਦਾ ਹੈ। ਬ੍ਰਾਹਮ ਹੰਕਾਰ ਵਿੱਚ ਕਹਿੰਦਾ ਹੈ ਕਿ ਕਿਹੋ ਜਿਹੇ ਵਿਦਵਾਨ ਤੂੰ ਰੱਖੇ ਹੋਏ ਨੇ? ਮੈਨੂੰ ਆਪਣਾ ਰਾਜ ਗੁਰੂ ਬਣਾ। ਰਾਜਾ ਕਹਿੰਦਾ ਹੈ ਇੱਕ ਮੌਕਾ ਦੇ ਮੈਂ ਕੋਈ ਵਿਦਵਾਨ ਲੱਭਦਾ ਹਾਂ। ਰਾਜਾ ਨਗਰ ਵਿੱਚ ਢਿੰਡੋਰਾ ਫਿਰਵਾ ਦਿੰਦਾ ਹੈ ਕਿ ਜੇ ਕੋਈ ਬ੍ਰਾਹਮਣ ਨੂੰ ਗਿਆਨ ਵਿੱਚ ਹਰਾ ਦੇਵੇਗਾ ਤਾਂ ਉਸਨੂੰ ਭਾਰੀ ਇਨਾਮ ਦਿੱਤੇ ਜਾਣਗੇ। ਇੱਕ ਗੂੰਗੂ ਨਾਮ ਦਾ ਤੇਲੀ, ਜੋ ਇੱਕ ਅੱਖ ਤੋਂ ਕਾਣਾ, ਗੂੰਗਾ ਅਤੇ ਬਹਿਰਾ ਹੁੰਦਾ ਹੈ, ਰਾਜੇ ਨੂੰ ਕਹਿੰਦਾ ਹੈ ਮੈਂ ਪੰਡਤ ਨਾਲ ਬਹਿਸ ਕਰਾਂਗਾ। ਰਾਜਾ ਸ਼ਰਤ ਰੱਖਦਾ ਹੈ ਕਿ ਪੰਡਤ ਦੋ ਸਵਾਲ ਪੁੱਛੇਗਾ ਅਗਰ ਜੁਆਬ ਨਾ ਦੇ ਸਕਿਆ ਤਾਂ ਸਿਰ ਕਲਮ ਕਰ ਦਿੱਤਾ ਜਾਵੇਗਾ। ਗੰਗੂ ਕਹਿੰਦਾ ਹੈ ਠੀਕ ਹੈ ਮੈਂ ਇਸ਼ਾਰਿਆ ਵਿੱਚ ਜੁਆਬ ਦੇਵਾਂਗਾ। ਬ੍ਰਾਹਮਣ ਪਹਿਲਾ ਸਵਾਲ ਕਰਦਾ ਹੋਇਆ ਇੱਕ ਉਂਗਲ ਖੜੀ ਕਰਕੇ ਦਿਖਾਉਂਦਾ ਹੈ। ਗੰਗੂ ਦੋ ਉਂਗਲਾਂ ਖੜੀਆਂ ਕਰ ਦਿੰਦਾ ਹੈ। ਫਿਰ ਬ੍ਰਾਹਮਣ ਪੰਜ ਉਂਗਲਾਂ ਖੜੀਆਂ ਕਰਦਾ ਹੈ ਤੇ ਗੰਗੂ ਮੁੱਠੀ ਮੀਚ ਕੇ ਦਿਖਾ ਦਿੰਦਾ ਹੈ। ਬ੍ਰਾਹਮਣ ਗੰਗੂ ਦੇ ਪੈਰੀਂ ਪੈ ਜਾਂਦਾ ਹੈ। ਲੋਕ ਹੈਰਾਨ ਹੁੰਦੇ ਹਨ ਤੇ ਬ੍ਰਾਹਮਣ ਨੂੰ ਪੁੱਛਦੇ ਹਨ ਕਿ ਉਸਨੇ ਹਾਰ ਕਿਵੇਂ ਮੰਨ ਲਈ? ਬ੍ਰਾਹਮਣ ਕਹਿੰਦਾ ਇਸ ਨੇ ਮੇਰੇ ਦੋਨਾਂ ਸਵਾਲਾਂ ਦੇ ਜੁਆਬ ਸਹੀ ਦਿੱਤੇ ਹਨ। ਮੈਂ ਇਸ ਨੂੰ ਕਿਹਾ ਸੀ ਕਿ ਪ੍ਰਮਾਤਮਾ ਇੱਕ ਹੈ। ਇਸ ਨੇ ਕਿਹਾ ਨਹੀਂ ਉਸਦੇ ਦੋ ਰੂਪ ਹਨ, ਇੱਕ ਸਾਡੇ ਅੰਦਰ ਤੇ ਇੱਕ ਬਾਹਰ ਜੋ ਸ੍ਰਿਸ਼ਟੀ ਨੂੰ ਚਲਾਉਂਦਾ ਹੈ।ਮੈਂ ਕਿਹਾ ਸ੍ਰਿਸ਼ਟੀ ਦੇ ਜੀਵਾਂ ਦੀ ਰਚਨਾ ਪੰਜ ਤੱਤਾਂ ਨਾਲ ਹੋਈ ਹੈ। ਇਸ ਨਨੇ ਕਿਹਾ ਨਹੀਂ ਜਦੋਂ ਪੰਜ ਤੱਤ ਮਿਲਣ ਉਦੋਂ ਹੁੰਦੀ ਹੈ। ਫਿਰ ਲੋਕਾਂ ਨੇ ਗੂੰਗੇ ਨੂੰ ਪੁੱਛਿਆ ਕਿ ਤੂੰ ਗਿਆਨ ਹਾਸਲ ਕਿੱਥੋ ਕੀਤਾ। ਉਹ ਕਹਿੰਦਾ ਬ੍ਰਾਹਮਣ ਨੇ ਮੈਨੂੰ ਕਿਹਾ ਤੇਰੀ ਇੱਕ ਅੱਖ ਕਾਣੀ ਹੈ ਮੈਂ ਦੂਜੀ ਵੀ ਕੱਢ ਦੇਵਾਂਗਾ। ਮੈਂ ਉਸਨੂੰ ਕਿਹਾ ਮੈਂ ਤੇਰੀਆਂ ਦੋਨੋਂ ਕੱਢ ਦੇਵਾਂਗਾ। ਫਿਰ ਉਸਨੇ ਮੈਨੂੰ ਚਪੇੜ ਦਿਖਾਈ ਮੈਂ ਮੁੱਕਾ ਦਿਖਾ ਦਿੱਤਾ।

ਬਸ ਇਸੇ ਗੰਗੂ ਗੂੰਗੇ ਅਤੇ ਬ੍ਰਾਹਮਣ ਦੋ ਪ੍ਰਚਲਤ ਪਾਤਰਾਂ ਨੂੰ ਇੱਕ ਬਣਾ ਕੇ ਗੰਗੂ ਬ੍ਰਾਹਮਣ ਨਾਮ ਦਾ ਕਾਲਪਨਿਕ ਪਾਤਰ ਈਜ਼ਾਦ ਕਰ ਲਿਆ ਗਿਆ ਸੀ।

# ਬਹਾਦਰ ਬੀਬੀ ਸ਼ਰਨ ਕੌਰ ਜੀ ਸ਼ਹੀਦ

ਲੇਖਕ : ਜੋਰਾਵਰ ਸਿੰਘ ਤਰਸਿੱਕਾ

ਬੀਬੀ ਸ਼ਰਨ ਕੌਰ ਉਹ ਮਹਾਨ ਸ਼ਹੀਦ ਸਿੰਘਣੀ ਹੋਈ ਹੈ ਜਿਸ ਨੇ ਚਮਕੌਰ ਦੇ ਮੈਦਾਨੇ ਜੰਗ ਵਿਚ ਅੱਧੀ ਰਾਤੀ ਬਰਫੀਲੀ ਰਾਤ ਵਿੱਚ ਵੈਰੀ ਦਲ ਦੇ ਲਸ਼ਕਰ ਦੇ ਪਹਿਰੇਦਾਰਾਂ ਨੂੰ ਚੀਰਦੀ ਆਈ । ਸਿੰਘਾਂ ਦੇ ਸਰੀਰ ਕੜਿਆਂ ਤੋ ਪਛਾਣ ਕੇ ਇਕੱਠੇ ਕਰਕੇ ਉਨ੍ਹਾਂ ਦਾ ਸਤਿਕਾਰ ਸਹਿਤ ਸਸਕਾਰ ਕਰ ਕੇ ਮਹਾਨ ਕਰਤੱਵ ਨਿਭਾਇਆ । ਸ਼ਰਨ ਕੌਰ ਹਰੀ ਦੀ ਸ਼ਰਨ ਵਿਚ ਬਿਰਾਜ ਗਈ । ਆਪਣੇ ਪੰਥਕ ਭਰਾਵਾਂ ਦੀ ਅੰਤਮ ਸੇਵਾ ਨਿਭਾਉਂਦੀ ਸੱਚਖੰਡ ਜਾ ਪੁੱਜੀ । ਮਹਾਨ ਕਰਤੱਵ ਕਰ ਦਸ ਗਈ ਕਿ ਸਿੱਖ ਇਸਤਰੀਆਂ ਦੇ ਦਿਲਾਂ ਵਿੱਚ ਕੌਮ ਪ੍ਰਤੀ ਕਿੰਨੀ ਸ਼ਰਧਾ ਤੇ ਪਿਆਰ ਹੋਣਾ ਚਾਹੀਦਾ ਹੈ । ਆਪਣੀ ਸੂਰਮਤਾ , ਨਿਰਭੈਅਤਾ ਤੇ ਜੁਰਅਤ ਦਾ ਆਦਰਸ਼ ਬਣ ਕੇ ਸ਼ਹੀਦੀ ਜਾਮ ਪੀਤਾ ਤੇ ਆਉਣ ਵਾਲੀਆਂ ਪੀੜੀਆਂ ਨੂੰ ਦੱਸ ਗਈ ਕਿ ਸਿੱਖ ਇਸਤਰੀਆਂ ਕਿੰਨੀਆਂ ਦਲੇਰ , ਬਹਾਦਰ , ਨਿਡਰ ਤੇ ਦ੍ਰਿੜ ਸੰਕਲਪ ਹੋਣੀਆਂ ਚਾਹੀਦੀਆਂ ਹਨ ਤੇ ਦਸ਼ਮੇਸ਼ ਪਿਤਾ ਦੀਆਂ ਅੰਮ੍ਰਿਤਧਾਰੀ ਪੁੱਤਰੀਆਂ ਪੰਥਕ ਆਨ ਤੇ ਸ਼ਾਨ ਲਈ ਕੁਰਬਾਨ ਹੋਣ ਵਿੱਚ ਮਰਦਾਂ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ ਹੁੰਦੀਆਂ । ਜਿਸ ਦੀ ਉਦਾਹਰਨ ਕੁਝ ਦਹਾਕਿਆਂ ਬਾਅਦ ਬੀਬੀਆਂ ਨੇ ਮੀਰ ਮੰਨੂੰ ਦੇ ਤਸੀਹੇ ਤੇ ਕਸ਼ਟ ਖਿੜੇ ਮੱਥੇ ਝਲ ਕੇ ਪੇਸ਼ ਕਰ ਦਿੱਤੀ ।

ਚਮਕੌਰ ਦੀ ਗੜੀ ਵਿੱਚੋਂ ਗੁਰੂ ਜੀ ਪੰਜਾਂ ਪਿਆਰਿਆਂ ਦਾ ਗੁਰਮਤਾ ਮੰਨ ਕੇ ਗੁਰੂ ਜੀ ਆਪਣਾ ਬਾਣਾ ਤੇ ਕਲਗੀ ਭਾਈ ਸੰਗਤ ਸਿੰਘ ਨੂੰ ਪਹਿਣਾ ਕੇ ਇਥੇ ਭਾਈ ਆਲਮ ਸਿੰਘ , ਝੰਡਾ ਬਰਦਾਰ ਤੇ ਸੰਗਤ ਸਿੰਘ ਨੂੰ ਏਥੇ ਛੱਡ ਗਏ । ਭਾਈ ਦਯਾ ਸਿੰਘ ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੇ ਤਿੰਨਾਂ ਦਿਸ਼ਾਵਾਂ ਵਿਚ ਜਾ ਤਾੜੀ ਵਜਾਈ ਤੇ ਵਾਰੀ ਵਾਰੀ ਕਹੀ ਗਏ ਕਿ ਸਿੱਖਾਂ ਦਾ ਗੁਰੂ ਜਾ ਰਿਹਾ ਫੜ ਲਓ ! ਨਾਲ ਜੈਕਾਰੇ ਛੱਡੀ ਗਏ ਬੋਲੇ ਸੋ ਨਿਹਾਲ ! ਜੈਕਾਰਿਆਂ ਦਾ ਉਤਰ ਗੜੀ ਵਾਲੇ ਸਿੰਘ ਵੀ ਦੇਂਦੇ ਸਨ । ਰਾਤ ਚੁਪ ਚਾਪ ਵਿਚ ਗੂੰਜਾਂ ਪੈਣ ਨਾਲ ਮੁਗਲ ਸੈਨਾ ਘਾਬਰੀ ਤੇ ਅਬੜਵਾਹੀ ਉੱਠੀ ਜੋ ਹੱਥ ਵਿਚ ਆਇਆ ਹਨੇਰੇ ਵਿਚ ਇਕ ਦੂਜੇ ਦੀ ਵਾਢੀ ਕਰਨ ਲੱਗੇ ਪਤਾ ਨਾ ਲੱਗਾ ਕਿ ਵੈਰੀ ਕਿਹੜਾ ਹੈ ਆਪਣਾ ਕਿਹੜਾ ਹੈ।ਉਧਰ ਇਨ੍ਹਾਂ ਦੀ ਤਬਾਹੀ ਮੱਚੀ ਹੋਈ ਸੀ । ਹਾਰ ਕੇ ਇਨ੍ਹਾਂ ਨੂੰ ਪਤਾ ਲੱਗਾ ਤਾਂ ਸਮਝ ਕੇ ਹੱਟ ਗਏ । ਸਿਆਲ ਦੀ ਸਭ ਤੋਂ ਲੰਮੀਆਂ ਰਾਤਾਂ ਫਿਰ ਸੌਂ ਗਏ ।



ਇਕ ਮੁਟਿਆਰ ( ਸ਼ਰਨ ਕੌਰ ) ਹੱਥ ਵਿੱਚ ਦੀਵਾ ਲਈ ਫਿਰਦੀ ਹੈ । ਮੀਲਾਂ ਵਿਚ , ਹੁਣ ਅਧੀ ਕੁ ਰਾਤ ਤੋਂ ਜ਼ਿਆਦਾ ਦਾ ਸਮਾਂ ਸੀ।ਚੌਹੀਂ ਪਾਸੀ ਘੁੱਪ ਹਨੇਰਾ ਸੀ । ਜਿਥੇ ਸਾਰਾ ਦਿਨ ਤਲਵਾਰਾਂ ਦੀ ਛਨਕਾਰ ਦਾ ਬਰਛਿਆਂ ਦਾ ਟੁੱਟ – ਭੱਜਣ ਦਾ ਖੜਕਾ ਹੁੰਦਾ ਰਿਹਾ । ਜ਼ਖਮੀਆਂ ਤੇ ਮਰਨ ਵਾਲਿਆਂ ਦੀਆਂ ਚੀਖਾਂ ਘੋੜਿਆਂ ਦੀਆਂ ਟਾਪਾਂ ਦਾ ਖੜਕਾ ਬੰਦ ਹੋ ਚੁੱਪ ਚਾਪ ਦਾ ਵਾਤਾਵਰਨ ਸੀ । ਸਵਾਏ ਲੋਥਾਂ ਦੇ ਢੇਰਾਂ ਤੋਂ ਹੋਰ ਕੁਝ ਨਹੀਂ ਦਿੱਸਦਾ । ਇਕ ਮੁਟਿਆਰ ਸ਼ਰਨ ਕੌਰ ਹੱਥ ਵਿੱਚ ਦੀਵਾ ਲਈ ਫਿਰਦੀ ਹੈ ।ਮੀਲਾਂ ਵਿੱਚ ਖਿਲਰੀਆਂ ਲੋਥਾਂ ਨੂੰ ਚੀਰ ਕੇ ਲੰਘ ਚਮਕੌਰ ਦੀ ਗੜੀ ਆ ਪੁੱਜੀ । ਇਸ ਲਹੂ ਭਿਜੀ ਰਣ ਭੂਮੀ ਵਿਚ ਇਸ ਵੇਲੇ ਇਕ ਇਕੱਲੀ ਔਰਤ ? ਫਿਰ ਪਸ਼ੂਆਂ ਤੇ ਮੁਰਦਿਆਂ ਦੀਆਂ ਲੋਥਾਂ ਦੇ ਅੰਬਾਰ ਲੱਗੇ ਹੋਣ । ਜਿਨ੍ਹਾਂ ਲੋਥਾਂ ਨੂੰ ਵੇਖ ਕੇ ਮਨੁੱਖਾਂ ਦਾ ਦਿਲ ਧੜਕਣ ਲੱਗ ਪੈਂਦਾ ਹੈ । ਉਥੇ ਰਾਤ ਸ਼ਾਹੀ ਲਸ਼ਕਰ ਦੇ ਕਰੜੇ ਪਹਿਰੇ ਨੂੰ ਆਦਮੀ ਕੀ ਪੰਛੀ ਲਈ ਚੀਰਨਾ ਮੁਸ਼ਕਲ ਹੈ ਇਸ ਬਹਾਦਰ ਇਸਤਰੀ ਦਾ ਹੀ ਕੰਮ ਏਵੇ ਰਾਤ ਦੇ ਹਨੇਰੇ ਵਿਚੋਂ ਵੈਰੀਆਂ ਦੇ ਦਲਾਂ ਵਿਚੋਂ ਨਿਰਭੈ ਹੋ ਕੇ ਲੰਘ ਕੇ ਆਉਣਾ ।

ਕਚੀ ਗੜੀ ਕੋਲ ਪੁਜਦਿਆਂ ਲੋਥਾਂ ਫੋਲਣੀਆਂ ਸ਼ੁਰੂ ਕਰ ਦਿੱਤੀਆਂ । ਹਰ ਵਾਲਾਂ ਵਾਲੀ ਲੋਥ ਨੂੰ , ਕੜੇ ਵਾਲੀ ਬਾਹ ਨੂੰ ਲੱਭਦੀ ਹੈ । ਇਸ ਥਾਂ ਲਾਗੇ ਇਕ ਆਜੜੀਆਂ ਦਾ ਵਾੜਾ ਸੀ । ਜਿਥੇ ਸੈਂਕੜੇ ਮਣ ਕੰਡਿਆਂ ਵਾਲੇ ਛਾਪੇ...

ਇਕੱਠੇ ਕਰਕੇ ਭੇਡਾਂ ਦਾ ਵਾੜਾ ਬਣਾਇਆ ਹੋਇਆ । ਉਨ੍ਹਾਂ ਵਿੱਚ ਜੰਗਲੀ ਜਾਨਵਰ ਬਹੁਤ ਹੁੰਦੇ ਸਨ ਇਸ ਲਈ ਬਹੁਤ ਛਾਪੇ ਤੇ ਕੰਡੇਦਾਰ ਰੁਖ਼ ਵੱਢ ਕੇ ਸੁਟੇ ਹੋਏ ਸਨ । ਇਸ ਤਰ੍ਹਾਂ ਸਾਰੇ ਸਿੱਖਾਂ ਦੇ ਸਰੀਰ ਇਕੱਠੇ ਕਰਦੀ ਤੇ ਨਾਲ ਕਹਿੰਦੀ " ਹੇ ਲਹੂ ਤੇ ਮਿੱਟੀ ਵਿਚ ਸੌਣ ਵਾਲਿਓ ਸ਼ਹੀਦੋ । ਤੁਹਾਨੂੰ ਪਰਨਾਮ ! ਤੁਸੀਂ ਧੰਨ ਹੋ । ਜਿਹੜੇ ਜ਼ਾਲਮਾਂ ਤੇ ਜਰਵਾਨਿਆ ਦੇ ਖਿਲਾਫ ਲੜਦੇ ਹੋਏ ਜੂਝੇ ਹੋ ! ਹੇ ਧਰਮ ਦੀ ਸ਼ਮਾਂ ਦੇ ਪਰਵਾਨਿਉ ! ਤੁਸੀਂ ਮਾਤਭੂਮੀ ਦੀ ਸੁਤੰਤਰਤਾ ਲਈ ਉਠੇ ਹੋ ਤੇ ਸ਼ਹੀਦੀ ਜਾਮ ਪੀਤੇ ਹਨ । ਤੁਸੀਂ ਧਰਮ ਹੇਠ ਗੁਰੂ ਜੀ ਦੇ ਸਨਮੁਖ ਜ਼ਾਲਮ ਨਾਲ ਲੋਹਾ ਲੈਂਦੇ ਪ੍ਰਾਣ ਦਿੱਤੇ । ਸ਼ੇਰੋ ਵੀਰਿਓ ! ਤੁਹਾਡੀ ਮੰਦ ਭਾਗੀ ਭੈਣ ਜੋ ਦਿਨ ਵੇਲੇ ਹਾਜ਼ਰ ਨਹੀਂ ਹੋ ਸਕੀ ਭਾਵੇ ਉਪਰਾਲਾ ਕਰਦੀ ਰਹੀ ਹੈ । ਇਸ ਵੇਲੇ ਹਾਜ਼ਰ ਹੋ ਕੇ ਤੁਹਾਡੇ ਪਵਿੱਤਰ ਸਰੀਰਾਂ ਨਾਲ ਛੋਹ ਪ੍ਰਾਪਤ ਕਰਕੇ ਆਪਣੇ ਆਪ ਨੂੰ ਸ਼ੁਭ ਜਾਣ ਤੇ ਆਪ ਦੇ ਪਵਿਤਰ ਸਰੀਰਾਂ ਨੂੰ ਠਿਕਾਣੇ ਲਾ ਕੇ ਸਸਕਾਰ ਕਰ ਸਕਾਂ। ਇਨ੍ਹਾਂ ਕਮੀਨੇ ਤੇ ਦੁਸ਼ਟਾਂ ਨੂੰ , ਇਨ੍ਹਾਂ ਲੋਥਾਂ ਦੀ ਬੇਅਦਬੀ ਦਾ ਸਮਾਂ ਨਾ ਦੇਵੇ ।

ਇਸ ਤਰ੍ਹਾਂ ਉਸ ਨੇ ਕਈ ਘੰਟਿਆਂ ਦੀ ਕਰੜੀ ਮਿਹਣਤ ਪਿਛੋਂ ਤੀਹ ਪੈਂਤੀ ਸਿੰਘਾਂ ਦੇ ਸਰੀਰ ਇਕੱਠੇ ਕਰਨ ਵਿਚ ਸਫਲ ਹੋਈ । ਇਸ ਤਰ੍ਹਾਂ ਸਿੱਖ ਵੀਰਾਂ ਦੀ ਲੋਥਾਂ ਲੱਭ ਲੱਭ ਕੇ ਵਾੜੇ ਤੱਕ ਲਿਆਉਂਦਿਆਂ ਲੱਕ ਦਰਦ , ਬਾਹਵਾਂ ਦਰਦ ਉਤੋਂ ਬਰਫੀਲੀ ਰਾਤ ਸੀ ਤਾਂ ਅੰਗ ਸੁੰਨ ਤੇ ਸੁਸਤ ਹੋ ਗਏ ਪਰ ਸਿਰੜ ਤੇ ਹੌਸਲਾ ਨਹੀਂ ਛੱਡਿਆ । ਕੋਈ ਡਰ ਨਹੀਂ ਭੈ ਨਹੀਂ ਲੋਥਾਂ ਵਿਚੋਂ ਲੱਖਾਂ ਵੈਰੀਆਂ ਦਾ ਕੋਈ ਖੌਫ ਨਹੀਂ ਖਾਧਾ । ਦਿਲ ਵਿਚ ਇਹੋ ਹੀ ਤਮੰਨਾ ਹੈ ਕਿ ਦਿਨ ਚੜਨ ਤੋਂ ਪਹਿਲਾਂ ਸ਼ਹੀਦਾਂ ਦਾ ਸਸਕਾਰ ਕੀਤਾ ਜਾ ਸਕੇ ।

ਉਧਰੋ ਪੂਰਬ ਵੱਲੋਂ ਲੋਅ ਹੋਣ ਲੱਗੀ ਹੈ । ਦੀਵਾ ਫੜੀ ਫਿਰਦੀ ਸਿਪਾਹੀ ਪਤਾ ਨਹੀਂ ਕੀ ਕੀ ਸਮਝਦੇ ਹੋਣਗੇ ਕਿ ਕੋਈ ਚੁੜੇਲ ਜਾਂ ਬਾਹਰ ਦੀ ਸ਼ੈ ਹੈ ਡਰਦੇ ਵੀ ਹੋਣਗੇ । ਲਾਗੇ ਵੀ ਨਹੀਂ ਜਾਂਦੇ । ਬੀਬੀ ਨੇ ਅਰਦਾਸ ਕਰਕੇ ਬਾਲਣ ਨੂੰ ਅੱਗ ਲਾ ਦਿੱਤੀ ਹੈ । ਲਾਗੇ ਪਾਠ ਕਰਨਾ ਸ਼ੁਰੂ ਕਰ ਦਿੱਤਾ ਹੈ ਸ੍ਰੀ ਸਾਹਿਬ ਨੰਗੀ ਕਰਕੇ ਹੱਥ ਵਿਚ ਫੜ ਲਈ ਹੈ ਠੰਡ ਨਾਲ ਠਰੂੰ – ਠਰੂੰ ਕਰਦੇ ਹੱਥਾਂ ਤੇ ਸਰੀਰ ਨੂੰ ਕੁਝ ਨਿੱਘ ਮਿਲਿਆ । ਸਰੀਰ ਕਾਇਮ ਹੋ ਗਿਆ ਚੰਡੀ ਬਣੀ ਪਈ ਹੈ ਪਾਠ ਕਰੀ ਜਾਂਦੀ ਹੈ । ਚਿਖਾ ਦੇ ਦੁਆਲੇ ਚੱਕਰ ਕੱਢੀ ਜਾਂਦੀ ਹੈ । ਅੱਗ ਦੇ ਭਾਂਬੜ ਮਚ ਉਠੇ।ਵੈਰੀ ਦਲ ਵੇਖ ਕੇ ਹੈਰਾਨ ਹੋ ਗਿਆ ਤੇ ਅਸਚਰਜ ਵੀ ਹੈ ਕਿ ਇਕੱਲੀ ਕਿੰਨੀ ਦਲੇਰੀ ਤੇ ਜੁਅਰਤ ਨਾਲ ਲਹੂ ਭਰੀ ਰਣ ਭੂਮੀ ਵਿਚ ਨਿਧੜਕ ਟਹਿਲ ਰਹੀ ਹੈ ।

ਕਦੀ ਵਿੱਚ ਡੰਡੇ ਨਾਲ ਅੱਗ ਨੂੰ ਹਿਲਾ ਵੀ ਦਿੰਦੀ ਹੈ । ਕੁਝ ਸਿਪਾਹੀ ਇਸ ਵਲ ਆਏ ਤਾਂ ਕਿਹਾ ਤੂੰ ਕੋਣ ਹੈ ? ਕੀ ਕਰਨ ਆਈ ਹੈ ? ਬਹਾਦਰ ਸ਼ਰਨ ਕੌਰ ਨੇ ਨੰਗੀ ਕਿਰਪਾਨ ਹਲਾਂਉਦਿਆਂ ਕਿਹਾ ਕਿ ਗੁਰੂ ਦਸਮੇਸ਼ ਦੀ ਪੁੱਤਰੀ ਸ਼ਰਨ ਕੌਰ ਹਾਂ । ਆਪਣੇ ਵੀਰਾਂ ਦੇ ਸਰੀਰਾਂ ਦਾ ਸਸਕਾਰ ਕਰਨ ਆਈ ਹਾਂ । ਫਿਰ ਉਨ੍ਹਾਂ ਪੁਛਿਆ ਤੈਨੂੰ ਖੌਫ ਨਹੀਂ ਆਉਂਦਾ ? ਬੀਬੀ ਜੀ ਕਿਹਾ ਖੌਫ ਗੁਰੂ ਦੇ ਸਿੱਖਾਂ ਪਾਸੋਂ ਕੋਹਾਂ ਦੂਰ ਰਹਿੰਦਾ ਹੈ । ਇਕ ਸਿਪਾਹੀ ਅੱਗੇ ਵਧਿਆ ਬੀਬੀ ਨੇ ਉਸ ਦੀ ਕਿਰਪਾਨ ਵਾਲੀ ਬਾਂਹ ਤੇ ਕਿਰਪਾਨ ਮਾਰ ਬਾਂਹ ਵੱਢ ਸੁਟੀ।ਹੁਣ ਸਾਰੇ ਸਿਪਾਹੀ ਇਕ ਦਮ ਬੀਬੀ ਤੇ ਟੁੱਟ ਪਏ ਬੀਬੀ ਨੇ ਇਕ ਦੋਹਾਂ ਦੇ ਸਿਰ ਕੱਟ ਦਿੱਤੇ । ਪਰ ਵੈਰੀਆਂ ਨੇ ਉਸ ਨੂੰ ਚੁੱਕ ਜੀਉਂਦੀ ਨੂੰ ਅੱਗ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ । ਬੀਬੀ ਸ਼ਰਨ ਕੌਰ ਮਹਾਨ ਸ਼ਹੀਦ ਇਸਤਰੀ ਹੋਈ ਹੈ । ਇਨ੍ਹਾਂ ਮਹਾਨ ਸਿੱਖ ਬੀਬੀਆਂ ਦੇ ਪੂਰਨਿਆਂ ਤੇ ਚਲ ਕੇ ਮੀਰ ਮੰਨੂੰ ਵੇਲੇ ਉਹ ਬੀਬੀਆਂ ਵੀ ਇਨ੍ਹਾਂ ਵਾਂਗ ਨਿਰਭੈ ਅਣਖ ਤੇ ਸਵੈਮਾਨ ਤੇ ਦ੍ਰਿੜ ਵਿਸ਼ਵਾਸ਼ ਤੇ ਖੜੋ ਪੱਟੀ ਦੀਆਂ ਜੇਲਾਂ ਵਿੱਚ ਕਸ਼ਟ ਝੱਲੇ , ਬੱਚਿਆਂ ਤੇ ਟੋਟੇ ਕਰਾ ਗੱਲਾਂ ਵਿੱਚ ਹਾਰ ਪਵਾ ਸਿੱਖ ਇਤਿਹਾਸ ਨੂੰ ਚਾਰ ਚੰਦ ਲਾਏ ਅਕਾਲ ਪੁਰਖ ਦਾ ਭਾਣਾ ਮਿੱਠਾ ਤੇ ਪਿਆਰਾ ਕਰ ਕੇ ਮੰਨਿਆ ਤੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ ।

# ਸਾਕਾ ਸਰਹਿੰਦ ਦਾ ਅਣਗੌਲਿਆ ਕਿਰਦਾਰ ਬੇਗਮ ਜ਼ੈਨਬੁਨਿਮਾ ਉਰਫ਼ ਬੇਗਮ ਜ਼ੈਨਾ

ਲੇਖਕ : ਸ਼ਮਸ਼ੇਰ ਸਿੰਘ ਡੂਮੇਵਾਲ

ਸਾਕਾ ਸਰਹਿੰਦ ਦੀ ਦਿਲ ਕੰਬਾਊ ਦਾਸਤਾਨ ਤਮਾਮ ਮਨੁੱਖਤਾ ਦੇ ਜ਼ਿਹਨ 'ਚ ਅਸਹਿ ਪੀੜ ਬਣੀ ਬੈਠੀ ਹੈ। ਰਹਿੰਦੀ ਦੁਨੀਆਂ ਤਕ ਰਿਸਦੇ ਰਹਿਣ ਵਾਲੇ ਇਸ ਨਾਸੂਰ ਦਾ ਨਿਰੀਖਣ ਕਰਨ ਮੌਕੇ ਇਤਿਹਾਸ ਦੀ ਪਾਰਖੂ ਅੱਖ ਨੇ ਇਸ ਕੌਮੀ ਫੱਟ 'ਤੇ ਟਕੋਰਾਂ ਕਰਨ ਅਤੇ ਨਮਕ ਛਿੜਕਣ ਵਾਲੇ ਵੱਖ-ਵੱਖ ਕਿਰਦਾਰਾਂ ਨੂੰ ਨਾਇਕ ਤੇ ਖਲਨਾਇਕ ਦੇ ਰੂਪ 'ਚ ਤੱਕਿਆ ਹੈ। ਨੇਕੀ ਅਤੇ ਬਦੀ ਦੇ ਕਿੱਸੇ 'ਚ ਸ਼ਾਮਿਲ ਨਾਇਕਾਂ ਤੇ ਖਲਨਾਇਕਾਂ ਤੋਂ ਬਾਅਦ ਉਸ ਕਿਰਦਾਰ ਵੱਲ ਝਾਤੀ ਮਾਰਨ ਦੀ ਵੀ ਜ਼ਰੂਰਤ ਹੈ ਜੋ ਸਾਕਾ ਸਰਹੰਦ ਦੀ ਤਾਰੀਖ਼ੀ ਕੈਨਵਸ 'ਤੇ ਭਾਂਵੇ ਬਹੁਤ ਘੱਟ ਆਉਂਦਾ ਹੈ ਪਰ ਇਹ ਉਹ ਕਿਰਦਾਰ ਹੈ ਜਿਸ ਨੇ ਜਾਨ ਦੀ ਆਹੂਤੀ ਦੇ ਕੇ ਬੁਝਦੀ ਜ਼ਮੀਰਪ੍ਰਸਤੀ ਨੂੰ ਜਗਦਾ ਰੱਖਿਆ ਅਤੇ ਕਮਲ ਵਾਂਗ ਚਿੱਕੜ 'ਚ ਖੜ੍ਹੇ ਹੋ ਕੇ ਵੀ ਮਹਿਕ ਵੰਡੀ। ਇਤਿਹਾਸ ਦੇ ਪੰਨਿਆ 'ਤੇ ਵੱਡੀ ਕੁਰਬਾਨੀ ਕਰਨ ਦੇ ਬਾਵਜੂਦ ਇਹ ਕਿਰਦਾਰ ਬਣਦਾ ਮੁਕਾਮ ਨਹੀਂ ਲੈ ਸਕਿਆ। ਇਹ ਕਿਰਦਾਰ ਹੈ ਸੂਬਾ ਸਰਹਿੰਦ ਵਜ਼ੀਦ ਖ਼ਾਨ ਦੀ ਬੇਗਮ ਜ਼ੈਨਬੁਨਿਮਾ ਉਰਫ਼ ਬੇਗਮ ਜ਼ੈਨਾ।

ਭਾਵੇਂ ਜ਼ੈਨਾ ਬਾਰੇ ਇਤਿਹਾਸਕ ਲਿਖਤਾਂ ਅੰਦਰ ਕੋਈ ਹਵਾਲਾ ਨਹੀਂ ਮਿਲਦਾ ਪਰ ਪੰਥ ਪ੍ਰਵਾਨਿਤ ਵਿਦਵਾਨ ਭਾਈ ਵੀਰ ਸਿੰਘ ਨੇ ਰਚਨਾਵਲੀ ਕਲਗੀਧਰ ਚਮਤਕਾਰ 'ਚ ਸੂਬਾ ਸਰਹਿੰਦ ਦੀ ਅਜ਼ੀਜ਼ ਬੇਗਮ ਜ਼ੈਨਬੁਨਿਮਾ, ਉਰਫ਼ ਜ਼ੈਨਾ ਦੀ ਕੁਰਬਾਨੀ ਅਤੇ ਸਿਦਕ ਨੂੰ ਬਾਖ਼ੂਬੀ ਢੰਗ ਨਾਲ ਬਿਆਨਿਆ ਹੈ। ਬਾਈਧਾਰ ਦੇ ਬਿਲਾਸਪੁਰ ਖੇਤਰ ਦੀ ਜੰਮਪਲ ਜ਼ੈਨਾ ਦਾ ਮੂਲ ਹਿੰਦੂ ਰਾਜਪੂਤ ਘਰਾਣੇ ਨਾਲ ਸੰਬਧਤ ਸੀ ਤੇ ਉਸ ਦਾ ਨਾਂ ਸੀ ਭਾਗੋ।

ਛੋਟੀ ਉਮਰ ਦੀ ਭਾਗੋ ਨੂੰ ਅਨੰਦਪੁਰ ਸਾਹਿਬ ਜਾਣ ਦਾ ਇਤਫ਼ਾਕ ਉਦੋਂ ਜੁੜਿਆ ਜਦੋਂ ਉਸ ਦੀ ਮਾਂ ਸੁਭਾਗੋ ਗੁਰੂ ਦਰਬਾਰ 'ਚ ਆਪਣੇ ਪਤੀ ਸਮੇਤ ਸੇਵਾ ਨਿਭਾਉਂਦੀ ਇੱਕ ਅੰਮ੍ਰਿਤਧਾਰੀ ਬੀਬੀ ਨੂੰ ਮਿਲਣ ਗਈ। ਇਸੇ ਦੌਰਾਨ ਭਾਗੋ ਨੇ ਉਸ ਬੀਬੀ ਨੂੰ ਗੁਰੂ ਕੇ ਸਾਹਿਬਜ਼ਾਦਿਆਂ ਦੀ ਦੇਖਭਾਲ ਕਰਦਿਆਂ ਨੇੜਿਓਂ ਤੱਕਿਆ। ਭਾਗੋ ਦੇ ਜ਼ਿਹਨ 'ਚ ਗੁਰੂ ਲਾਲਾਂ ਦੇ ਜਾਹੋ-ਜਲਾਲ ਦੀਆਂ ਤਸਵੀਰਾਂ ਇਸ ਕਦਰ ਲੱਗ ਗਈਆਂ ਜਿਨ੍ਹਾਂ ਨੂੰ ਉਹ ਜ਼ਿੰਦਗੀ ਦੇ ਅੰਤਿਮ ਪਲਾਂ ਤਕ ਵੀ ਨਾ ਵਿਸਾਰ ਸਕੀ।

ਸਮੇਂ ਨੇ ਕਰਵਟ ਲਈ ਭਾਗੋ ਦਾ ਵਿਆਹ ਸਰਹਿੰਦ ਖਿੱਤੇ ਦੇ ਇੱਕ ਪਿੰਡ 'ਚ ਤੈਅ ਕੀਤਾ ਗਿਆ ਪਰ ਉਸ ਦਾ ਡੋਲ਼ਾ ਸੁਹਰੇ ਘਰ ਪਹੁੰਚਣ ਤੋਂ ਪਹਿਲਾਂ ਹੀ ਸੂਬਾ ਸਰਹਿੰਦ ਨੇ ਲੁੱਟ ਲਿਆ। ਕਿਹਾ ਜਾਂਦਾ ਹੈ ਕਿ ਸੂਬੇ ਨੂੰ ਰੂਪਵਤੀ ਭਾਗੋ ਦੇ ਸ਼ਬਾਬ ਬਾਰੇ ਪਹਿਲਾਂ ਹੀ ਇਲਮ ਸੀ। ਸੂਬੇ ਦੇ ਮਹਿਲੀਂ ਪੁੱਜੀ ਭਾਗੋ ਦਾ ਦਿਲ ਜਿੱਤਣ ਲਈ ਸੂਬੇ ਨੇ ਐਸ਼ੋ ਇਸ਼ਰਤ ਦੇ ਨਜ਼ਾਰਿਆਂ



ਨਾਲ਼ ਭਾਗੋ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਪਰ ਮੰਦੇ ਭਾਗਾਂ ਦੀ ਸ਼ਿਕਾਰ ਹੋਈ ਅਭਾਗਣ ਭਾਗੋ ਦਸੌਂਟੇ ਕੱਟ ਕੇ ਵੀ ਆਪਣੇ ਈਮਾਨ ਦੀ ਸਲਾਮਤੀ ਲਈ ਯਤਨਸ਼ੀਲ ਸੀ। ਆਖ਼ਰ ਬਾਦਸ਼ਾਹੀ ਧੌਂਸ ਅੱਗੇ ਔਰਤ ਜਾਤ ਦੀ ਮਜਬੂਰੀ ਨੇ ਹਥਿਆਰ ਸੁੱਟ ਦਿੱਤੇ। ਨਿਕਾਹ ਤੋਂ ਬਾਅਦ ਉਸ ਦਾ ਨਾਂ ਜ਼ੈਨਬੁਨਿਮਾ ਰੱਖਿਆ ਗਿਆ ਤੇ ਵਜ਼ੀਦ ਖਾਂ ਉਸ ਨੂੰ ਬੇਗਮ ਜ਼ੈਨਾ ਦੇ ਨਾਂ ਨਾਲ ਪੁਕਾਰਦਾ ਰਿਹਾ। ਇਹ ਵੀ ਦੱਸਿਆ ਜਾਂਦਾ ਹੈ ਕਿ ਜ਼ੈਨਾ ਦੀ ਕੁੱਖੋਂ ਵਜ਼ੀਦ ਖ਼ਾਨ ਦੇ ਦੋ ਫ਼ਰਜ਼ੰਦ ਵੀ ਜਨਮੇ।

ਸਮੇਂ ਨੇ ਕਰਵਟ ਲਈ ਲੋਕਾਈ ਦੀ ਦਿਲ ਕੰਬਾਊ ਤੇ ਬੇਨਜ਼ੀਰ ਸ਼ਹਾਦਤ ਨੇ ਸਰਹਿੰਦ ਦੀ ਧਰਤੀ 'ਤੇ ਆ ਅਲਖ ਜਗਾਈ। ਕਾਜ਼ੀ ਦੇ ਫ਼ਤਵੇ 'ਤੇ ਕਚਿਹਰੀਆਂ 'ਚ ਘੜਿਆ ਮਨਸੂਬਾ ਜ਼ੈਨਾ ਦੇ ਕੰਨੀ ਪਿਆ ਤਾਂ ਆਨੰਦਪੁਰੀ ਦੀ ਧਰਤੀ 'ਤੇ ਤੱਕੀ ਚੰਨ ਅਤੇ ਸੂਰਜ ਵਰਗੇ ਲਾਲਾਂ ਦੀ ਜੋੜੀ ਉਸ ਨੂੰ ਅੱਖਾਂ ਸਾਹਮਣੇ ਅੱਖਾਂ ਮੀਟਦੀ ਪ੍ਰਤੀਤ ਹੋਈ। ਵਕਤ ਨੇ ਭਾਵੇਂ ਭਾਗੋ ਨੂੰ ਸਾਦੇ ਲਿਬਾਸ ਚੋਂ ਕੱਢ ਕੇ ਸ਼ਾਹੀ ਮਹੱਲ ਦੇ ਬਸਤਰਾਂ 'ਚ ਜ਼ੈਨਾ ਬਣਾ ਕੇ ਲਿਆ ਬੰਨ੍ਹਿਆ ਸੀ ਪਰ ਲਹੂ 'ਚ ਰਚਿਆ ਆਨੰਦਪੁਰੀ ਦਾ ਜ਼ਮੀਰਪ੍ਰਸਤ ਪ੍ਰਭਾਵ ਜ਼ੈਨਾ ਦੀ ਜ਼ਬਾਨੀ ਬੋਲ ਰਿਹਾ ਸੀ, "ਅੱਲ੍ਹਾ ਦਾ ਵਾਸਤਾ ਈ ਸਾਈਂਆ।

ਸਰਹਿੰਦ ਦੀ ਤਬਾਹੀ ਦੀ ਨੀਂਹ ਹੱਥੀਂ ਨਾ ਚਿਣ। ਤੈਨੂੰ ਬੁਢੱੜੀ ਮਾਂ ਦਾ ਸਰਾਪ ਤਬਾਹ ਕਰ ਸੁੱਟੇਗਾ। ਜੇ ਇਹੋ ਕਲੰਕ ਲਗਵਾਉਣ ਲਈ ਮੈਨੂੰ ਆਪਣੇ ਸੰਗ ਨਿਕਾਹਿਆ ਸੀ ਤਾਂ ਉਦੋਂ ਹੀ ਮੇਰੇ ਲਹੂ ਦਾ ਸੰਧੂਰ ਮੇਰੇ ਮੱਥੇ ਲਾ ਕੇ ਮੇਰੀ ਜ਼ਿੰਦਗੀ 'ਤੇ ਲੱਗਣ ਵਾਲੀ ਕਾਲਖ਼ ਧੋ ਛੱਡਦਾ ਪਰ ਮੈਂ ਆਹ ਕਹਿਰ...।"

ਉਸ ਨੇ ਈਮਾਨੋ ਦੁਹਾਈ ਦੇ ਕੇ ਵਜ਼ੀਦੇ ਨੂੰ ਰੋ-ਰੋ ਕੇ ਸਮਝਾਇਆ ਪਰ ਹੰਕਾਰਿਆ ਵਜ਼ੀਦਾ ਆਪਣੀ ਕਬਰ ਹੱਥੀਂ ਪੁੱਟਦਾ ਰਿਹਾ ਅੱਧਖਿੜੇ ਫੁੱਲ ਨੀਹਾਂ 'ਚ ਖ਼ਾਮੋਸ਼ ਹੋ ਗਏ ਧਰਤੀ ਕਲੇਜਿਉਂ ਫਟ ਗਈ। ਠੰਡੇ ਬੁਰਜ ਵਿੱਚ ਮਾਤਾ ਗੁਜਰੀ ਨੂੰ ਖ਼ਬਰ ਮਿਲੀ ਤਾਂ ਉਸ ਦੀ ਆਤਮਾ ਵੀ ਪਰਵਾਜ਼ ਭਰ ਗਈ। ਮਨੁੱਖਤਾ ਧਾਂਹੀ ਰੋਈ ਅੰਬਰ ਨੇ ਲਹੂ ਦੇ ਅੱਥਰੂ ਕੇਰੇ। ਇਸ ਸਮੁੱਚੇ ਸਿਲਸਿਲੇ ਦਾ ਦੁਖਾਂਤ ਕੰਨੀ ਸੁਣ ਕੇ ਜ਼ੈਨਾ ਦੀਆਂ ਅੱਖਾਂ ਬਰਸ ਪਈਆਂ। ਤੇਜ਼ ਸੰਗੀਨ ਕਟਾਰੀ ਆਪਣੇ ਸੀਨੇ ਮਾਰ ਕੇ ਜ਼ੈਨਾ ਨੇ ਆਪਣੇ ਲਹੂ ਨਾਲ ਆਪਣੇ ਸੰਕਲਪ ਦੀਆਂ ਸੁੱਕਦੀਆਂ ਜੜ੍ਹਾਂ ਮੁੜ ਹਰੀਆਂ ਕਰ ਦਿੱਤੀਆਂ। ਨਿਰਜਿੰਦ ਲੋਥ ਸੂਬੇ ਦੇ ਮਹਿਲੀਂ ਛੱਡ ਕੇ ਜ਼ੈਨਾ ਦੀ ਆਤਮਾ ਵੀ ਨਿੱਕੀਆਂ ਜਿੰਦਾ ਦੇ ਮਗਰ ਹੋ ਤੁਰੀ।

ਪਰ ਅੱਜ ਸਮਾਂ ਜਵਾਬ ਮੰਗਦਾ ਹੈ ਕਿ ਕੀ ਵਜ਼ੀਦੇ ਦੇ ਅਨਿਆਂ ਤੋਂ ਬਾਅਦ ਅਸੀਂ ਜ਼ੈਨਾ ਨਾਲ ਨਿਆਂ ਕੀਤਾ ਹੈ? ਜੇ ਨਵਾਬ ਸ਼ੇਰ ਮੁਹਮੰਦ ਮਲੇਰਕੋਟਲਾ ਜਿਸ ਨੇ ਮੁਗ਼ਲਾਂ ਵੱਲੋਂ ਗੁਰੂ ਜੀ ਖ਼ਿਲਾਫ਼ ਲੜੀਆਂ ਤਮਾਮ ਜੰਗਾਂ 'ਚ ਠੋਕ ਵਜਾ ਕੇ ਹਿੱਸਾ ਲਿਆ। ਜਿਸ ਦੇ ਭਰਾ ਗਨੀ ਖਾਂ ਤੇ ਨਾਹਰ ਖਾਂ ਚਮਕੌਰ ਦੀ ਜੰਗ 'ਚ ਗੁਰੂ ਖ਼ਿਲਾਫ਼ ਲੜਦੇ ਮਾਰੇ ਗਏ। ਜਿਸ ਨੇ ਸਰਹਿੰਦ ਦੀ ਮਾਰ ਵੇਲੇ ਮਾਝੇ ਦੇ ਸਿੰਘਾਂ ਦੇ ਰੂਪਨਗਰ ਵੱਲੋਂ ਜਾ ਰਹੇ ਜਥੇ ਦਾ ਬਤੌਰ ਸੈਨਾਪਤੀ ਮੁਕਾਬਲਾ ਕੀਤਾ ਅਤੇ ਆਪਣੇ ਦੋ ਭਤੀਜੇ ਇਸ ਮੁਠਭੇੜ 'ਚ ਮਰਵਾ ਲਏ, ਉਹ ਨਵਾਬ 'ਹਾਅ ਦਾ ਨਾਅਰਾ' ਮਾਰਨ ਬਦਲੇ ਸਿੱਖਾਂ ਦੇ ਸਤਿਕਾਰ ਦਾ ਪਾਤਰ ਬਣ ਸਕਦਾ ਹੈ ਤਾਂ ਸਾਕਾ ਸਰਹਿੰਦ ਦੇ ਮੁੱਖ ਖਲਨਾਇਕ ਦੀ ਬੇਗਮ ਦੀ ਹੈਸੀਅਤ 'ਚ ਗੁਰੂ ਲਾਲਾਂ ਲਈ ਜਾਨ ਵਾਰਨ ਵਾਲੀ ਬੇਗਮ ਜ਼ੈਨਾ ਦੀ ਤਸਵੀਰ ਤਵਾਰੀਖ਼ 'ਤੇ ਧੁੰਦਲੀ ਕਿਉਂ?

ਜੇ ਨਵਾਬ ਮਲੇਰਕੋਟਲਾ ਦੀ ਯਾਦ 'ਚ ਅੱਜ ਫਤਹਿਗੜ੍ਹ ਸਾਹਿਬ ਦੀ ਸਰਜ਼ਮੀਨ 'ਤੇ ਗੇਟ ਉਸਰ ਸਕਦਾ ਹੈ ਤਾਂ ਜ਼ੈਨਾ ਦੇ ਨਾਂ 'ਤੇ ਕਿਉਂ ਨਹੀਂ? ਸਿੱਖ ਕੌਮ ਨੇ ਹਮੇਸ਼ਾਂ ਬੁਰਿਆਈ ਨੂੰ ਤਿਆਗ ਕੇ ਚੰਗਿਆਈ ਅਪਣਾਉਣ ਵਾਲੇ ਹਰ ਸ਼ਖ਼ਸ ਨੂੰ ਕਲ਼ੇਜੇ ਲਾਇਆ ਹੈ। ਦਸਮ ਪਾਤਸ਼ਾਹ ਨੂੰ ਔਰੰਗਜੇਬ ਦੇ ਜ਼ੁਲਮਾਂ ਦੇ ਪਛਤਾਵੇ ਮਗਰੋਂ ਉਸ ਵੱਲੋਂ ਪ੍ਰਗਟਾਈ ਮਿਲਣ ਦੀ ਇੱਛਾ ਨੂੰ ਨਹੀਂ ਸੀ ਦੁਰਕਾਰਿਆ ਪਰ ਇਸ ਬੁਰਿਆਈ ਦੇ ਖ਼ਿਲਾਫ਼ ਚੰਗਿਆਈ ਦਾ ਝੰਡਾ ਗੱਡਣ ਵਾਲੀ ਜ਼ੈਨਾ ਤਵਾਰੀਖ਼ ਦੇ ਪੰਨਿਆ ਤੋਂ ਗਾਇਬ ਕਿਉਂ? ਬਹੁ-ਚਰਚਿਤ ਫ਼ਿਲਮ ਚਾਰ ਸਾਹਿਬਜ਼ਾਦੇ 'ਚ ਜ਼ੈਨਾ ਦੇ ਕਿਰਦਾਰ ਨੂੰ ਪੇਸ਼ ਕਰਨਾ ਸ਼ਲਾਘਾਯੋਗ ਉਪਰਾਲਾ ਹੈ ਪਰ ਲਹੂ ਨਾਲ ਕਲੰਕ ਧੋਣ ਵਾਲੇ ਕਿਰਦਾਰ ਨੂੰ ਸਾਕਾ ਸਰਹਿੰਦ ਦੀ ਤਾਰੀਖ਼ੀ ਕੈਨਵਸ 'ਤੇ ਯੋਗ ਸਥਾਨ ਨਾ ਮਿਲਣਾ ਵੀ ਮੰਦਭਾਗੀ ਗੱਲ ਹੈ।

# ਉਥਲ-ਪੁਥਲ ਵਿੱਚੋਂ ਗੁਜ਼ਰ ਰਿਹਾ ਅੱਜ ਦਾ ਪੰਜਾਬੀ ਸਮਾਜ

ਲੇਖਕ : ਗੁਰਚਰਨ ਸਿੰਘ ਨੂਰਪੁਰ,
ਸੰਪਰਕ : 91 - 98550 - 51099

ਇੱਕ ਮੁਸਾਫਿਰ ਸਫਰ 'ਤੇ ਸੀ। ਰਸਤੇ ਵਿੱਚ ਇੱਕ ਛੋਟੀ ਜਿਹੀ ਨਦੀ ਆਈ। ਆਪਣੇ ਸਮਾਨ ਸਮੇਤ ਉਹ ਬੰਦਾ ਨਦੀ ਪਾਰ ਕਰਨ ਹੀ ਵਾਲਾ ਸੀ ਕਿ ਉਸ ਨੂੰ ਆਪਣੇ ਤੋਂ ਕੁਝ ਕਦਮ ਦੂਰੀ 'ਤੇ ਨਦੀ ਦੇ ਕੰਡੇ ਇੱਕ ਚਮਕਦੀ ਚੀਜ਼ ਦਿਖਾਈ ਦਿੱਤੀ। ਉਹ ਆਪਣਾ ਸਮਾਨ ਰੱਖ ਕੇ ਉਸ ਚੀਜ਼ ਨੂੰ ਵੇਖਣ ਗਿਆ। ਉਸ ਨੇ ਵੇਖਿਆ, ਇਹ ਸੋਨੇ ਦੀਆਂ ਪੰਜ ਮੋਹਰਾਂ ਸਨ, ਜੋ ਕਿਸੇ ਨੇ ਨਦੀ ਦੇ ਤੱਟ ਉੱਤੇ ਦੱਬ ਦਿੱਤੀਆਂ ਸਨ ਅਤੇ ਛੱਲਾਂ ਨਾਲ ਮਿੱਟੀ ਖੁਰਨ ਨਾਲ ਦਿਖਾਈ ਦੇਣ ਲੱਗ ਪਈਆਂ ਸਨ। ਉਸ ਨੇ ਪੰਜੇ ਮੋਹਰਾਂ ਲੈ ਕੇ ਨਦੀ ਦੇ ਪਾਣੀ ਨਾਲ ਧੋਤੀਆਂ, ਝੋਲੇ ਵਿੱਚ ਪਾਈਆਂ ਤੇ ਨਦੀ ਪਾਰ ਕਰਨ ਲੱਗਾ। ਅਜੇ ਉਹ ਪਾਣੀ ਵਿੱਚ ਉੱਤਰਿਆ ਹੀ ਸੀ, ਉਹਦੇ ਮਨ ਵਿੱਚ ਖਿਆਲ ਆਇਆ ਕਿ ਮੋਹਰਾਂ ਤਾਂ ਹੋਰ ਵੀ ਹੋ ਸਕਦੀਆਂ ਹਨ। ਮੈਨੂੰ ਨਦੀ ਦੇ ਤੱਟ 'ਤੇ ਦੂਰ ਤਕ ਤੁਰ ਕੇ ਵੇਖਣਾ ਚਾਹੀਦਾ ਹੈ। ਆਪਣੇ ਮਨ ਦੀ ਇਸ ਤੇਜ਼ ਤਰਾਰ ਸੋਚ ਦੀ ਉਡਾਰੀ 'ਤੇ ਉਸ ਨੂੰ ਕੁਝ ਪਲ ਫਖਰ ਵੀ ਮਹਿਸੂਸ ਹੋਇਆ। ਮੋਹਰਾਂ ਵਾਲਾ ਝੋਲਾ ਤੇ ਬਾਕੀ ਸਮਾਨ ਇੱਕ ਪਾਸੇ ਰੱਖ ਕੇ ਨਦੀ ਦੇ ਕੰਡੇ ਕੰਡੇ ਤੁਰ ਪਿਆ। ਉਹ ਦੂਰ ਤਕ ਨਿਕਲ ਗਿਆ ਪਰ ਕਿਤੋਂ ਹੋਰ ਮੋਹਰਾਂ ਨਹੀਂ ਲੱਭੀਆਂ। ਨਿਰਾਸ਼ ਜਿਹਾ ਹੋ ਕੇ ਜਦੋਂ ਵਾਪਸ ਆਇਆ ਤਾਂ ਉਹਦਾ ਮੋਹਰਾਂ ਵਾਲਾ ਝੋਲਾ ਤੇ ਬਾਕੀ ਸਮਾਨ ਉੱਥੋਂ ਗਾਇਬ ਸੀ। ਲਾਲਚ ਨੇ ਜੋ ਕੁਝ ਉਸ ਦੇ ਕੋਲ ਸੀ, ਉਸ ਤੋਂ ਵੀ ਉਸ ਨੂੰ ਵਿਰਵਾ ਕਰ ਦਿੱਤਾ ਸੀ। ਸਾਡੇ ਸਮਾਜ ਦੀ ਬਹੁ ਗਿਣਤੀ ਦੀ ਹਾਲਤ ਇਸ ਸਮੇਂ ਉਸ ਮੁਸਾਫਿਰ ਵਰਗੀ ਹੈ। ਅਸੀਂ ਫੜੀਆਂ ਛੱਡ ਕੇ ਉਡਦੀਆਂ ਮਗਰ ਭੱਜ ਰਹੇ ਹਾਂ। ਇਹ ਠੀਕ ਹੈ ਸਾਡੇ ਦੇਸ਼ ਦੀ ਵਾਗਡੋਰ ਹੁਣ ਤਕ ਉਹਨਾਂ ਲੋਕਾਂ ਦੇ ਹੱਥ ਵਿੱਚ ਰਹੀ ਜਿਹਨਾਂ ਨੇ ਲੋਕ ਹਿਤਾਂ ਦੀ ਬਜਾਏ ਆਪਣੇ ਨਿੱਜੀ ਸਵਾਰਥਾਂ ਅਤੇ ਰਾਜਸੀ ਹਿਤਾਂ ਨੂੰ ਪਹਿਲ ਦਿੱਤੀ। ਇਸਦਾ ਨਤੀਜਾ ਇਹ ਹੋਇਆ ਕਿ ਸਮਾਜ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਮੁਸ਼ਕਲਾਂ ਪੈਦਾ ਹੋਈਆਂ।

ਪੰਜਾਬ, ਜੋ ਖੇਤੀ ਪ੍ਰਧਾਨ ਸੂਬਾ ਹੈ, ਪੂਰੇ ਦੇਸ਼ ਦਾ ਅੰਨ ਨਾਲ ਢਿੱਡ ਭਰਦਾ ਆਇਆ ਹੈ, ਨਾਲ ਵੱਖ ਵੱਖ ਸਮਿਆਂ ਤੇ ਹੋਏ ਵਿਤਕਰਿਆਂ ਦੀ ਲੰਮੀ ਦਾਸਤਾਨ ਹੈ। ਹੁਣ ਤਕ ਅਜਿਹਾ ਮਾਹੌਲ ਸਿਰਜਿਆ ਜਾਂਦਾ ਰਿਹਾ ਹੈ ਕਿ ਜਿਸ ਵਿੱਚ ਪੰਜਾਬ ਦੇ ਕਿਸਾਨ ਨੂੰ ਕਿਹਾ ਜਾਂਦਾ ਹੈ, ਇਹ ਜੋ ਅਨਾਜ ਤੁਸੀਂ ਪੈਦਾ ਕਰਦੇ ਹੋ, ਇਸਦੀ ਕਿਤੇ ਲੋੜ ਨਹੀਂ, ਇਹ ਤਾਂ ਤੁਹਾਡੇ ਉੱਤੇ ਰਹਿਮ ਕਰਕੇ ਖਰੀਦ ਲਿਆ ਜਾਂਦਾ ਹੈ। ਇਸ ਤੋਂ ਵੱਡੀ ਅਕ੍ਰਿਤਘਣਤਾ ਹੋਰ ਕੀ ਹੋ ਸਕਦੀ ਹੈ? ਕਣਕ ਝੋਨੇ ਦੇ ਫਸਲੀ ਚੱਕਰ ਨੇ ਪੰਜਾਬ ਦੇ ਪਾਣੀ ਦਾ ਖਾਤਮਾ ਕਰ ਦਿੱਤਾ। ਖੇਤੀਬਾੜੀ ਸਬੰਧੀ ਗਲਤ ਨੀਤੀਆਂ, ਰੇਹਾਂ ਸਪਰੇਹਾਂ, ਤੇਲ ਦੇ ਭਾਅ ਨੇ ਕਿਸਾਨਾਂ ਸਿਰ ਕਰਜ਼ੇ ਦੀਆਂ ਪੰਡਾਂ ਦਾ ਭਾਰ ਵਿੱਚ ਹਰ ਦਿਨ ਵਾਧਾ ਕੀਤਾ। ਖੇਤੀ ਤੇ ਬਜ਼ਾਰ ਦੇ ਗਲਬੇ ਨੇ ਨਵੀਂ ਪੀੜ੍ਹੀ ਦਾ ਖੇਤਾਂ ਨਾਲੋਂ ਮੋਹ ਤੋੜ ਦਿੱਤਾ। ਨਵੀਂ ਪੀੜ੍ਹੀ ਹੁਣ ਹੋਰ ਮੁਲਕਾਂ ਵਿੱਚ ਆਪਣਾ ਭਵਿੱਖ ਤਲਾਸ਼ ਰਹੀ ਹੈ। ਪੰਜਾਬ ਦੇ ਗੁਰਦਵਾਰਿਆਂ ਤੇ ਹੋਰ ਧਰਮ ਅਸਥਾਨਾਂ ਉੱਤੇ ਬਾਹਰਲੇ ਮੁਲਕ ਜਾਣ ਲਈ ਸੁੱਖਣਾ ਵਜੋਂ ਜਹਾਜ਼ਾਂ ਦੇ ਖਿਡੌਣੇ ਚੜ੍ਹਾਏ ਜਾ ਰਹੇ ਹਨ। ਵਿਚਾਰਨ ਵਾਲੀ ਗੱਲ ਇਹ ਹੈ ਕਿ ਛੋਟੇ ਕਿਸਾਨ ਮਜਬੂਰੀ ਵੱਸ ਆਪਣੀ ਭੋਏਂ ਦਾ ਟੋਟਾ ਵੇਚ ਕੇ ਆਪਣੇ ਬੱਚਿਆਂ ਨੂੰ ਹੋਰ ਮੁਲਕਾਂ ਵੱਲ ਤੋਰ ਰਹੇ ਹਨ।



ਬਾਹਰ ਗਏ ਲੋਕ ਵੀ ਆਪਣੀਆਂ ਇੱਧਰਲੀਆਂ ਜਾਇਦਾਦਾਂ ਵੇਚ ਵੱਟ ਕੇ ਦੂਜੇ ਮੁਲਕਾਂ ਵਿੱਚ ਸਰਮਾਇਆ ਲਾਉਣ ਨੂੰ ਤਰਜੀਹ ਦੇਣ ਲੱਗ ਪਏ ਹਨ। ਅਜਿਹੇ ਕਈ ਹੋਰ ਕਾਰਨਾਂ ਕਰਕੇ ਜ਼ਮੀਨ ਬਹੁਤੇ ਲੋਕਾਂ ਤੋਂ ਥੋੜ੍ਹੇ ਲੋਕਾਂ ਦੇ ਹੱਥਾਂ ਵਿੱਚ ਜਾ ਰਹੀ ਹੈ। ਇਹ ਪੰਜਾਬ ਲਈ ਇੱਕ ਤਰ੍ਹਾਂ ਨਾਲ ਖਤਰੇ ਦੀ ਘੰਟੀ ਹੈ। ਭਵਿੱਖ ਵਿੱਚ ਇਹ ਅਮਲ ਹੋਰ ਵਧੇਗਾ। ਇਸਦੇ ਅਜਿਹੇ ਸਿੱਟੇ ਨਿਕਲਣਗੇ ਜਿਸਦਾ ਕਿਆਸ ਫਿਲਹਾਲ ਸਾਨੂੰ ਨਹੀਂ, ਨਾ ਹੀ ਇਸ ਖਤਰੇ ਸਬੰਧੀ ਕਿਤੇ ਕੋਈ ਚਰਚਾ ਹੋ ਰਹੀ ਹੈ। ਕਿਸਾਨ ਅੰਦੋਲਨ ਦੌਰਾਨ ਲੱਖਾਂ ਲੋਕ ਆਪਣੀਆਂ ਜ਼ਮੀਨਾਂ ਬਚਾਉਣ ਲਈ ਸੜਕਾਂ 'ਤੇ ਆਏ। ਹਜ਼ਾਰਾਂ ਦੀ ਗਿਣਤੀ ਵਿੱਚ ਟਰੈਕਟਰ ਟਰਾਲੀਆਂ ਦੀ ਸ਼ਮੂਲੀਅਤ ਨੇ ਇਸ ਸੰਘਰਸ਼ ਨੂੰ ਇੱਕ ਨਵੇਕਲੀ ਪਹਿਚਾਣ ਦਿੱਤੀ। ਜ਼ਰਾ ਸੋਚੋ, ਜੇਕਰ ਇਹੋ ਜ਼ਮੀਨਾਂ ਕੁਝ ਕੁ ਲੋਕਾਂ ਦੇ ਹੱਥਾਂ ਵਿੱਚ ਹੁੰਦੀਆਂ ਤਾਂ ਕੀ ਇੰਨੀ ਵੱਡੀ ਗਿਣਤੀ ਵਿੱਚ ਲੋਕ ਇਸ ਸੰਘਰਸ਼ ਦਾ ਹਿੱਸਾ ਬਣਦੇ? ਭਵਿੱਖ ਵਿੱਚ ਜਦੋਂ ਜ਼ਮੀਨਾਂ ਥੋੜ੍ਹੇ ਲੋਕਾਂ ਦੇ ਹੱਥਾਂ ਵਿੱਚ ਹੋਣਗੀਆਂ, ਬਹੁਗਿਣਤੀ ਲੋਕ ਹੋਰ ਧੰਦਿਆਂ ਵਿੱਚ ਲੱਗੇ ਹੋਣਗੇ ਤਾਂ ਖੇਤੀ ਖੇਤਰ ਵਿੱਚ ਅਜਿਹੇ ਸੰਕਟ ਪੈਦਾ ਹੋਣਗੇ ਜਿਨ੍ਹਾਂ ਦਾ ਸਾਨੂੰ ਕਿਆਸ ਨਹੀਂ।

ਪੰਜਾਬ ਨੂੰ ਇਸ ਸਮੇਂ ਬੜੀ ਸੂਝ ਵਾਲੀ ਰਾਜਸੀ ਅਗਵਾਈ ਦੀ ਲੋੜ ਹੈ ਜੋ ਇਸ ਨੂੰ ਵੱਖ ਵੱਖ ਸੰਕਟਾਂ ਮੁਸ਼ਕਲਾਂ ਮੁਸੀਬਤਾਂ ਤੋਂ ਨਿਜਾਤ ਦਿਵਾ ਕੇ ਇਸ ਨੂੰ ਹਕੀਕੀ ਵਿਕਾਸ ਦੇ ਰਾਹ 'ਤੇ ਤੋਰ ਸਕੇ। ਇਸ ਸਮੇਂ ਜਿੱਥੇ ਪੰਜਾਬ ਵਿੱਚ ਵਾਤਾਵਰਣ ਦਾ ਬਹੁਤ ਵੱਡਾ ਸੰਕਟ ਹੈ, ਉੱਥੇ ਪੰਜਾਬ ਦੇ ਪਾਣੀਆਂ 'ਤੇ ਵੀ ਡਾਕੇ ਵੱਜ ਰਹੇ ਰਹੇ ਹਨ। ਧਰਤੀ ਹੇਠਲੇ ਪਾਣੀ ਦਾ ਸੰਕਟ ਅਜਿਹਾ ਸੰਕਟ ਹੈ ਜਿਸ ਸਬੰਧੀ ਸਾਡੀ ਹਾਲਤ ਖਤਰਾ ਵੇਖ ਕੇ ਸ਼ੁਤਰਮੁਰਗ ਦੇ ਅੱਖਾਂ ਮੀਟਣ ਜਿਹੀ ਹੈ। ਦੂਸ਼ਿਤ ਵਾਤਾਵਰਣ ਨਾਲ ਬਿਮਾਰੀਆਂ, ਦੁਸ਼ਵਾਰੀਆਂ ਦਾ ਦਾਵਾਨਲ ਹਰ ਦਿਨ ਵਿਸ਼ਾਲ ਹੋ ਰਿਹਾ ਹੈ। ਪੀਲੀਏ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਦਾ ਸੰਤਾਪ ਪੰਜਾਬ ਦੇ ਲੱਖਾਂ ਲੋਕ ਭੁਗਤ ਰਹੇ ਹਨ। ਇਸ ਸਬੰਧੀ ਸਾਨੂੰ ਬਹੁਤ ਗੰਭੀਰ ਹੋਣ ਦੀ ਲੋੜ ਹੈ।

ਪਾਣੀ ਦਾ ਸੰਕਟ ਇੱਕ ਤਰ੍ਹਾਂ ਨਾਲ ਪੰਜਾਬ ਦੀ ਸੱਭਿਅਤਾ ਦਾ ਸੰਕਟ ਹੈ ਜਿਸ ਨਾਲ ਪੰਜਾਬ ਦੀ ਹੋਂਦ ਨੂੰ ਬਹੁਤ ਵੱਡਾ ਖਤਰਾ ਹੈ। ਛੋਟੀਆਂ ਛੋਟੀਆਂ ਬਰਸਾਤੀ ਨਦੀਆਂ ਨੂੰ ਮੁੜ ਸੁਰਜੀਤ ਕਰਕੇ, ਦਰਿਆਵਾਂ ਤੇ ਵੱਖ ਵੱਖ ਥਾਈਂ ਵਿਸ਼ਾਲ ਵੈੱਟਲੈਂਡ ਬਣਾ ਕੇ, ਕਣਕ ਝੋਨੇ ਦੇ ਫਸਲੀ ਚੱਕਰ ਵਿੱਚੋਂ ਨਿਕਲ ਕੇ ਇਸ ਸੰਕਟ ਤੋਂ ਬਚਿਆ ਜਾ ਸਕਦਾ ਹੈ ਪਰ ਇਹ ਅਜਿਹੇ ਕੰਮ ਹਨ ਜੋ ਆਮ ਲੋਕਾਂ ਨੇ ਨਹੀਂ, ਸਰਕਾਰਾਂ ਨੇ ਕਰਨੇ ਹੁੰਦੇ ਹਨ। ਸਰਕਾਰ ਨੂੰ ਸੂਝ ਸਿਆਣਪ ਨਾਲ ਵੱਡੇ ਪ੍ਰੋਗਰਾਮ ਬਣਾ ਕੇ ਉਹਨਾਂ 'ਤੇ ਅੱਜ ਤੋਂ ਕੰਮ ਕਰਨ ਦੀ ਲੋੜ ਹੈ। ਨਹੀਂ ਤਾਂ ਪਾਣੀ ਦਾ ਸੰਕਟ ਅਗਲੇ ਹਰ ਦਿਨ ਭਿਆਨਕ ਤੋਂ ਭਿਆਨਕ ਹੁੰਦਾ ਜਾਵੇਗਾ।

ਪੰਜਾਬ ਨੂੰ ਬਚਾਉਣ ਲਈ ਇਹ ਬੜਾ ਜ਼ਰੂਰੀ ਹੈ ਕਿ ਅਸੀਂ ਕਿਰਤ ਵੱਲ ਮੁੜੀਏ। ਪੰਜਾਬ ਦੇ ਉਹਨਾਂ ਘਰਾਂ ਦੇ ਮੁੰਡੇ ਕੁੜੀਆਂ, ਜਿਹਨਾਂ ਕੋਲ ਰਿਜ਼ਕ ਦੇ ਥੋੜ੍ਹੇ ਬਹੁਤੇ ਸਾਧਨ ਹਨ, ਉਹ ਇੱਥੇ ਕੰਮ ਕਰਕੇ ਰਾਜ਼ੀ ਨਹੀਂ। ਉਹਨਾਂ ਦੀ ਮਾਨਸਿਕਤਾ ਇਹ ਹੈ ਕਿ ਅਸੀਂ ਪੜ੍ਹ ਲਿਖ ਗਏ ਹਾਂ, ਅਸੀਂ ਕੰਮ ਕਿਉਂ ਕਰੀਏ। ਪੰਜਾਬੀ ਸੱਭਿਅਤਾ ਜੋ ਕਿਰਤ ਦੇ ਖਾਸੇ ਨਾਲ ਜੁੜੀ ਹੋਈ ਸੱਭਿਅਤਾ ਸੀ, ਇੱਥੇ ਨੌਜੁਵਾਨੀ ਦਾ ਕਿਰਤ ਤੋਂ ਕਿਨਾਰਾ ਕਰਨਾ ਇੱਕ ਬਹੁਤ ਵੱਡੀ ਸਮੱਸਿਆ ਬਣ ਗਿਆ। ਕਿਰਤ ਤੋਂ ਟੁੱਟੀ ਨੌਜਵਾਨ ਪੀੜ੍ਹੀ ਨੇ ਜਿੱਥੇ ਖੇਤੀ ਤੋਂ ਕਿਨਾਰਾ ਕਰ ਲਿਆ, ਉੱਥੇ ਇਹ ਨਸ਼ਿਆਂ ਦੀ ਭਿਆਨਕ ਦਲਦਲ ਵਿੱਚ ਗਰਕ ਹੋਣ ਲੱਗੀ। ਨਸ਼ਾ ਇਸ ਸਮੇਂ ਪੰਜਾਬ ਦੇ ਹਰ ਇਲਾਕੇ ਤੇ ਹਰ ਪਿੰਡ ਦੀ ਬਹੁਤ ਵੱਡੀ ਸਮੱਸਿਆ ਬਣ ਗਿਆ ਹੈ। ਹਰ ਇਲਾਕੇ ਵਿੱਚ ਵੱਡੇ ਵੱਡੇ ਜੇਲ੍ਹਾਂ ਨੁਮਾ ਨਸ਼ਾ ਛਡਾਊ ਕੇਂਦਰ ਬਣ ਗਏ ਹਨ, ਜਿੱਥੇ ਹਜ਼ਾਰਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਨਿਜਾਤ ਦਿਵਾਉਣ ਲਈ ਮਾਪਿਆਂ ਤੋਂ ਮੋਟੀਆਂ ਰਕਮਾਂ ਲਈਆਂ ਜਾਂਦੀਆਂ ਹਨ। ਸਰਕਾਰਾਂ ਨੂੰ ਨਸ਼ਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਜਿੰਨੀ ਗੰਭੀਰਤਾ ਨਾਲ ਕੰਮ ਕਰਨਾ ਚਾਹੀਦਾ ਸੀ, ਨਹੀਂ ਹੋ ਸਕਿਆ। ਬੇਸ਼ਕ ਵਿਕਸਿਤ ਦੇਸ਼ਾਂ ਵਿੱਚ ਵੀ ਨਸ਼ਿਆਂ ਦੀ ਸਮੱਸਿਆ ਹਰ ਦਿਨ ਭਿਆਨਕ ਹੋ ਰਹੀ ਹੈ ਪਰ ਪੰਜਾਬ ਦੀ ਜਿਸ ਧਰਤੀ ਨੂੰ ਗੁਰੂਆਂ ਮਹਾਂਪੁਰਸ਼ਾਂ ਦੀ ਧਰਤੀ ਆਖਦੇ ਹਾਂ, ਇਹਦੇ ਮੱਥੇ 'ਤੇ ਨਸ਼ਿਆਂ ਦਾ ਕਲੰਕ ਲੱਗਣਾ ਸਾਡੇ ਲਈ ਵੱਡੇ ਫਿਕਰ ਵਾਲੀ ਗੱਲ ਹੈ। ਇਸ ਲਈ ਬੜਾ ਜ਼ਰੂਰੀ ਹੈ ਕਿ ਨੌਜਵਾਨ ਲੜਕੇ ਲੜਕੀਆਂ ਇੱਥੇ ਰਹਿ ਕੇ ਕਿਰਤ ਨਾਲ ਜੁੜਨ, ਵੱਖ ਵੱਖ ਕਿੱਤਿਆਂ ਵਿੱਚ ਨਿਪੁੰਨ ਹੋਣ। ਇੱਥੇ ਰਹਿ ਕੇ ਜਿਹਨਾਂ ਨੂੰ ਕੰਮ ਕਰਨ ਵਿੱਚ ਸ਼ਰਮ ਮਹਿਸੂਸ ਹੁੰਦੀ ਹੈ, ਉਹਨਾਂ ਲੋਕਾਂ ਦਾ ਬਾਹਰਲੇ ਮੁਲਕ ਵਿੱਚ ਜਾ ਕੇ ਜਹਾਜ਼ ਵਿੱਚੋਂ ਉੱਤਰਦਿਆਂ ਹੀ ਹੈਂਕੜਬਾਜ਼ੀ ਵਾਲਾ ਧੌਣ ਦਾ ਕਿੱਲਾ ਝੱਟ ਨਿਕਲ ਜਾਂਦਾ ਹੈ। ਅੱਜ ਲੋੜ ਹੈ ਅਸੀਂ ਕਿਰਤ ਨਾਲ ਜੁੜੀਏ ਤੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਯਤਨਸ਼ੀਲ ਹੋਈਏ।

ਪੰਜਾਬ ਅਨੇਕਾਂ ਵਾਰ ਉੱਜੜਿਆ ਤੇ ਮੁੜ ਵਸਿਆ ਹੈ ਅਤੇ ਵਸਦਾ ਰਹੇਗਾ। ਦੂਜੇ ਪਾਸੇ ਸਮੇਂ ਦਾ ਸੱਚ ਇਹ ਵੀ ਹੈ ਕਿ ਪੰਜਾਬੀ ਸਮਾਜ ਇਸ ਸਮੇਂ ਵੱਡੀ ਉਥਲ ਪੁਥਲ ਵਿੱਚੋਂ ਗੁਜ਼ਰ ਰਿਹਾ ਹੈ। ਪੰਜਾਬ ਨੇ ਪਹਿਲਾਂ ਵੀ ਵੱਡੀਆਂ ਤਬਦੀਲੀਆਂ ਵੇਖੀਆਂ ਪਰ ਇਹ ਦੌਰ ਇੱਕ ਵੱਖਰੀ ਤਰ੍ਹਾਂ ਦੀ ਤਬਦੀਲੀ ਦਾ ਦੌਰ ਹੈ। ਇਸ ਵਿੱਚ ਜਿੱਥੇ ਵੱਡੀ ਗਿਣਤੀ ਵਿੱਚ ਪੰਜਾਬ ਦੇ ਵਾਰਿਸ ਇਸ ਨੂੰ ਬੇਦਾਵਾ ਦੇ ਕੇ ਜਾ ਰਹੇ ਹਨ ਉੱਥੇ ਵੱਡੀ ਗਿਣਤੀ ਉਹਨਾਂ ਦੀ ਵੀ ਹੈ ਜੋ ਨਸ਼ਿਆਂ ਦੀ ਕਰੋਪੀ ਨਾਲ ਮੌਤ ਮੂੰਹੇ ਹੋ ਪੈ ਰਹੇ ਹਨ। ਭਵਿੱਖ ਦੇ ਦਸ ਬਾਰਾਂ ਸਾਲਾਂ ਦੌਰਾਨ ਪੰਜਾਬੀ ਸਮਾਜ ਦੇ ਵੱਡੀ ਗਿਣਤੀ ਪਰਿਵਾਰਾਂ ਵਿੱਚ ਵੱਖਰੀ ਤਰ੍ਹਾਂ ਦੇ ਸੰਤਾਪ ਹੋਣਗੇ। ਇਹ ਉਹ ਸਮਾਂ ਹੋਵੇਗਾ ਜਦੋਂ ਬਾਹਰ ਗਏ ਨੌਜਵਾਨਾਂ ਨੇ ਇੱਧਰ ਪਰਤਣਾ ਨਹੀਂ, ਬੁੱਢੇ ਮਾਂ ਬਾਪ ਜਿਹਨਾਂ ਨੂੰ ਉਦੋਂ ਸਹਾਰਿਆਂ ਦੀ ਲੋੜ ਹੋਵੇਗੀ, ਉਹਨਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਹੋਵੇਗਾ। ਭਵਿੱਖ ਦੇ ਸਮੇਂ ਦਾ ਇਹ ਦੌਰ, ਵੱਡੀ ਗਿਣਤੀ ਵਿੱਚ ਬਾਹਰਲੇ ਮੁਲਕਾਂ ਵਿੱਚ ਵਸੇ ਪੰਜਾਬੀਆਂ ਅਤੇ ਇੱਧਰ ਰਹਿ ਗਏ ਉਹਨਾਂ ਦੇ ਪਰਿਵਾਰਕ ਜੀਆਂ ਦੀਆਂ ਵੱਖਰੀ ਤਰ੍ਹਾਂ ਦੀਆਂ ਕਹਾਣੀਆਂ ਲਿਖੇਗਾ।

ਇਸ ਸਮੇਂ ਸਾਨੂੰ ਸਮਝਣ ਦੀ ਲੋੜ ਹੈ ਕਿ ਬੰਦਾ ਇਸ ਧਰਤੀ 'ਤੇ ਮਸ਼ੀਨ ਬਣਨ ਨਹੀਂ ਆਇਆ, ਨਾ ਹੀ ਮਨੁੱਖ ਦੀ ਹਰ ਸਰਗਰਮੀ ਪੈਸੇ ਲਈ ਹੋਣੀ ਚਾਹੀਦੀ ਹੈ। ਪੰਜਾਬੀ ਸਮਾਜ ਦੀ ਵਿਰਾਸਤ ਸਰਬੱਤ ਦਾ ਭਲਾ ਚਾਹੁਣ ਦੀ ਵਿਰਾਸਤ ਹੈ। ਸਾਡੀ ਲੋਕਧਾਰਾ ਵਿੱਚ ਥਾਂ ਥਾਂ 'ਤੇ ਕਿਰਤ ਦਾ ਸੁਨੇਹਾ ਹੈ। ਅਸੀਂ ਕਿਰਤੀ ਕਮਾਊ ਪੁੱਤਰਾਂ ਵਜੋਂ ਜਾਣੇ ਜਾਣ ਵਾਲੇ ਲੋਕ ਹਾਂ। ਪੰਜਾਬ ਦੀ ਵਿਰਾਸਤ ਇਹ ਵੀ ਰਹੀ ਹੈ ਕਿ ਅਸੀਂ ਮੁਸ਼ਕਲਾਂ, ਸਮੱਸਿਆਵਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਵਾਲੇ ਲੋਕ ਹਾਂ। ਇਸ ਸਮੇਂ ਲੋੜ ਇਸ ਗੱਲ ਦੀ ਹੈ ਕਿ ਵੱਖ ਵੱਖ ਸੰਕਟਾਂ ਵਿੱਚੋਂ ਪੰਜਾਬ ਨੂੰ ਬਾਹਰ ਕੱਢਣ ਲਈ ਇੱਥੇ ਪੰਜਾਬ ਵਿੱਚ ਰਹਿ ਕੇ ਸੰਘਰਸ਼ ਕੀਤਾ ਜਾਵੇ। ਕਿਸੇ ਸਮੇਂ ਕਰਤਾਰ ਸਿੰਘ ਸਰਾਭਾ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਰਗੇ ਸਿਰਲੱਥ ਸੂਰਮੇ ਆਪਣੀ ਧਰਤੀ ਮਾਂ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਬਾਹਰਲੇ ਮੁਲਕਾਂ ਤੋਂ ਇੱਧਰ ਆਏ ਸਨ। ਅੱਜ ਲੋੜ ਹੈ ਪੰਜਾਬ ਦੀ ਜਿਸ ਧਰਤੀ ਨੂੰ ਗੁਰੂਆਂ, ਪੀਰਾਂ ਅਤੇ ਸ਼ਹੀਦਾਂ ਦੀ ਧਰਤੀ ਹੋਣ ਦਾ ਮਾਣ ਹਾਸਿਲ ਹੈ, ਨੂੰ ਹੱਸਦਾ ਵਸਦਾ ਪੰਜਾਬ ਬਣਾਉਣ ਲਈ ਸਭ ਧਿਰਾਂ ਯਤਨਸ਼ੀਲ ਹੋਣ। ਇਸ ਸਮੇਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਭਲਾ ਚਾਹੁਣ ਵਾਲੇ ਵੱਖ ਵੱਖ ਬੈਨਰਾਂ ਹੇਠ ਸੰਘਰਸ਼ ਕਰ ਰਹੇ ਹਨ ਪਰ ਇਹਨਾਂ ਸਭ ਧਿਰਾਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਪੰਜਾਬ ਨੂੰ ਖੁਸ਼ਹਾਲ ਪੰਜਾਬ ਬਣਾਉਣ ਲਈ ਸਾਂਝੇ ਯਤਨ ਕਰਨੇ ਚਾਹੀਦੇ ਹਨ। ਪੰਜਾਬ ਬਾਰੇ ਕਿਹਾ ਜਾਂਦਾ ਹੈ ਕਿ ਪੰਜਾਬ ਵਸਦਾ ਗੁਰਾਂ ਦੇ ਨਾਮ 'ਤੇ। ਬੜੀਆਂ ਵੱਡੀਆਂ ਮੁਸੀਬਤਾਂ ਸੰਕਟਾਂ ਅਤੇ ਦੁਸ਼ਵਾਰੀਆਂ ਦੇ ਬਾਵਜੂਦ ਪੰਜਾਬ ਵਸਦਾ ਰਿਹਾ ਹੈ ਅਤੇ ਵਸਦਾ ਰਹੇਗਾ। ਬੱਸ ਲੋੜ ਹੈ ਅਸੀਂ ਨਿਰਾਸ਼ ਨਾ ਹੋਈਏ ਇਹਦੇ ਭਲੇ ਲਈ ਯਤਨਸ਼ੀਲ ਹੋਈਏ।

# ਅਜੋਕੇ ਸਮੇਂ ਰੁੱਸਣ ਮਨਾਉਣ ਦੇ ਬਦਲੇ ਹੋਏ ਢੰਗ


ਲੇਖਕ : ਹਰਪ੍ਰੀਤ ਸਿੰਘ ਉੱਪਲ
ਸੰਪਰਕ : 91 - 80540 - 20692)

ਅੱਜ ਕੱਲ੍ਹ ਸੋਸ਼ਲ ਮੀਡੀਆ ਦਾ ਬੋਲਬਾਲਾ ਬਹੁਤ ਜ਼ਿਆਦਾ ਹੈ। ਸੋਸ਼ਲ ਮੀਡੀਆ ਨੇ ਸੰਸਾਰ ਨੂੰ ਸੰਸਾਰਕ ਪਿੰਡ ਬਣਾ ਦਿੱਤਾ ਹੈ ਤੇ ਲੋਕਾਂ ਦੀ ਨੇੜਤਾ ਇੰਨੀ ਵਧਾ ਦਿੱਤੀ ਹੈ ਕਿ ਵਿਦੇਸ਼ਾਂ ਵਿੱਚ ਬੈਠੇ ਰਿਸ਼ਤੇਦਾਰ, ਮਿੱਤਰ ਇਉਂ ਪ੍ਰਤੀਤ ਹੁੰਦੇ ਹਨ, ਜਿਵੇਂ ਸਾਡੇ ਸਾਹਮਣੇ ਬੈਠੇ ਗੱਲਾਂ ਕਰ ਰਹੇ ਹੋਣ। ਜਿੱਥੇ ਸੋਸ਼ਲ ਮੀਡੀਆ ਨੇ ਵਿਦੇਸ਼ਾਂ ਦੀਆਂ ਦੂਰੀਆਂ ਘਟਾਈਆਂ ਹਨ, ਉੱਥੇ ਇੱਕ ਛੱਤ ਥੱਲੇ ਰਹਿੰਦੇ ਬੱਚਿਆਂ ਦੀਆਂ ਮਾਤਾ ਪਿਤਾ ਨਾਲ ਦੂਰੀਆਂ ਵਧਾ ਦਿੱਤੀਆਂ ਹਨ। ਕੋਲ ਬੈਠੇ ਗੱਲ ਕਰਨ ਨੂੰ ਤਰਸਦੇ ਰਹਿੰਦੇ ਹਨ ਪਰ ਮਨੁੱਖ ਵਿਦੇਸ਼ਾਂ ਵਿੱਚ ਬੈਠੇ ਮਿੱਤਰਾਂ ਰਿਸ਼ਤੇਦਾਰਾਂ ਨਾਲ ਚੈਟ ਕਰਦਾ ਮੁਸਕਰਾਉਂਦਾ ਰਹਿੰਦਾ ਹੈ। ਕਈ ਵਾਰ ਨੇੜੇ ਦੇ ਰਿਸ਼ਤੇ ਅਜਿਹੀ ਆਦਤ ਕਾਰਨ ਬੜਾ ਦੁਖੀ ਹੁੰਦੇ ਹਨ। ਘਰਾਂ ਵਿੱਚ ਅਨੇਕਾਂ ਵਾਰ ਅਜਿਹੀਆਂ ਗੱਲਾਂ ਕਰਕੇ ਰਿਸ਼ਤੇ ਟੁੱਟਣ ਦੀਆਂ ਘਟਨਾਵਾਂ ਵੀ ਵਾਪਰਦੀਆਂ ਹਨ। ਅੱਜ ਜਵਾਨੀ ਬੱਸਾਂ, ਗੱਡੀਆਂ, ਪਾਰਕਾਂ ਤੇ ਹੋਰ ਥਾਵਾਂ ਤੇ ਉਂਗਲਾਂ ਰਾਹੀਂ ਚੈਟਿੰਗ ਕਰਦੀ, ਲੜਦੀ ਮੁਸਕਰਾਉਂਦੀ ਆਮ ਦੇਖੀ ਜਾਂਦੀ ਹੈ। ਮੂੰਹ ਖੋਲ੍ਹੇ ਬਿਨਾਂ ਹੀ ਉਂਗਲ਼ ਲਾ ਕੇ ਦੂਜੇ ਨੂੰ ਖੁਸ਼ ਜਾਂ ਨਰਾਜ਼ ਕੀਤਾ ਜਾਂਦਾ ਹੈ। ਫੋਨ 'ਤੇ ਨੌਜਵਾਨ ਲੜਕੇ ਲੜਕੀਆਂ ਆਮ ਹੀ ਦੇਖੇ ਜਾਂਦੇ ਹਨ। ਜਿਵੇਂ ਅਸੀਂ ਬਚਪਨ ਵਿੱਚ ਲੜ ਕੇ ਇੱਕ ਦੂਜੇ ਨੂੰ ਕੱਟੀ-ਕੱਟੀ ਕਹਿ ਕੇ ਛੱਡ ਦਿੰਦੇ ਸੀ, ਉਵੇਂ ਹੀ ਇਹ ਨੌਜਵਾਨ ਪ੍ਰੇਮੀ ਪ੍ਰੇਮਿਕਾ, ਪਤੀ ਪਤਨੀ, ਅਤੇ ਦੋਸਤ ਮਿੱਤਰ ਇੱਕ ਦੂਜੇ ਨੂੰ ਮੋਬਾਇਲ ਫ਼ੋਨ 'ਤੇ ਬਲਾਕ ਕਰ ਦਿੰਦੇ ਹਨ। ਗੱਲਬਾਤ ਕਰਨੀ ਬੰਦ ਕਰ ਦਿੰਦੇ ਹਨ। ਸੋਸ਼ਲ ਮੀਡੀਆ ਦੀਆਂ ਬਣੀਆਂ ਐਪਸ ਅਤੇ ਸਟੇਟਸ ਲਗਾਉਣ ਲੱਗੇ ਇੱਕ ਦੂਜੇ ਨੂੰ ਹਾਈਡ ਕਰ ਦਿੰਦੇ ਹਨ। ਸਟੇਟਸ ਲਗਾਉਣ ਸਮੇਂ ਦਿਖਾਵਾ ਇਸ ਤਰ੍ਹਾਂ ਕੀਤਾ ਜਾਂਦਾ ਜਿਵੇਂ ਸਿਆਣੇ ਕਹਿੰਦੇ ਨੇ, ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ। ਲੋੜ ਤੋਂ ਵੱਧ ਦਿਖਾਵਾ ਇੱਕ ਦਿਨ ਆਪਣਿਆਂ ਤੋਂ ਵੀ ਦੂਰ ਕਰ ਦਿੰਦਾ ਹੈ।



ਬਹੁਤ ਸਾਰੇ ਲੋਕ ਆਪਣੇ ਮਿੱਤਰਾਂ, ਸਹਿ ਕਰਮੀਆਂ, ਜਾਂ ਹੋਰ ਕਿੱਤਿਆਂ ਨਾਲ ਜੁੜੇ ਲੋਕਾਂ ਦਾ ਗਰੁੱਪ ਬਣਾ ਕੇ ਵੱਖ ਵੱਖ ਪੋਸਟਾਂ ਪਾਉਂਦੇ ਹਨ, ਚੈਟਿੰਗ ਕਰਦੇ ਹਨ। ਵਿਅਕਤੀਗਤ ਵਖਰੇਵੇਂ ਕਾਰਨ ਹਰ ਇੱਕ ਦੇ ਵਿਚਾਰ ਦੂਜੇ ਨਾਲ ਮੇਲ ਨਹੀਂ ਖਾਂਦੇ। ਕਈ ਵਾਰ ਅਜਿਹੇ ਗਰੁੱਪਾਂ ਵਿੱਚ ਚੈਟਿੰਗ ਕਰਕੇ ਲੜਾਈ ਹੁੰਦੀ ਵੀ ਵੇਖੀ ਗਈ ਹੈ। ਕਈ ਵਾਰ ਗਰੁੱਪ ਐਡਮਿਨ ਕਸੂਰਵਾਰ ਨੂੰ ਸਜ਼ਾ ਦੇਣ ਲਈ ਗਰੁੱਪ ਵਿੱਚੋਂ ਰਿਮੂਵ ਕਰ ਦਿੰਦੇ ਹਨ। ਜਦੋਂ ਕਦੇ ਸਾਰਿਆਂ ਦਾ ਗੁੱਸਾ ਸ਼ਾਂਤ ਹੋ ਜਾਵੇ ਤਾਂ ਕੁਝ ਦਿਨਾਂ ਬਾਅਦ ਦੁਬਾਰਾ ਐਡ ਕਰ ਲਿਆ ਜਾਂਦਾ ਹੈ।

ਅੱਜ ਦਾ ਜ਼ਮਾਨਾ ਇੰਨਾ ਬਦਲ ਗਿਆ ਹੈ ਕਿ ਰੁੱਸਣ ਮਨਾਉਣ ਦਾ ਢੰਗ ਵੀ ਬਦਲ ਗਿਆ ਹੈ। ਕਈ ਵਾਰ ਸਿਰ ਫਰੇ, ਨਸ਼ੇੜੀ, ਨਿਕੰਮੇ ਜਾਂ ਜਾਣਕਾਰ ਜੋ ਸਾਨੂੰ ਪਸੰਦ ਨਾ ਹੋਣ, ਉਨ੍ਹਾਂ ਤੋਂ ਖਹਿੜਾ ਛੁਡਾਉਣ ਲਈ ਵੀ ਉਨ੍ਹਾਂ ਨੂੰ ਬਲਾਕ ਕਰ ਦਿੱਤਾ ਜਾਂਦਾ ਹੈ। ਜਿਵੇਂ ਕਹਿੰਦੇ ਹਨ ਕਿ ਸੱਪ ਵੀ ਮਰ ਜਾਵੇ ਤੇ ਸੋਟਾ ਵੀ ਰਹਿ ਜਾਵੇ। ਭਾਵ ਅਜਿਹੇ ਇਨਸਾਨ ਤੋਂ ਖਹਿੜਾ ਛੁਡਾਉਣ ਲਈ ਉਸਦਾ ਨੰਬਰ ਬਲਾਕ ਕਰ ਦਿੱਤਾ ਜਾਂਦਾ ਹੈ। ਅਜਿਹਾ ਕਰਕੇ ਖੁੱਲ੍ਹੇਆਮ ਲੜਾਈ ਤੋਂ ਬਚਿਆ ਜਾ ਸਕਦਾ ਹੈ। ਸੋਸ਼ਲ ਮੀਡੀਆ 'ਤੇ ਲੋਕ ਲੜਦੇ, ਮਿਹਣੋ-ਮਿਹਣੀ ਹੁੰਦੇ, ਇੱਕ ਦੂਜੇ ਨੂੰ ਸਵਾਲ ਜਵਾਬ ਕਰਦੇ ਆਮ ਦੇਖੇ ਜਾਂਦੇ ਹਨ। ਜਿੱਥੇ ਸੋਸ਼ਲ ਮੀਡੀਆ ਦੇ ਫਾਇਦੇ ਹਨ ਉੱਥੇ ਇਸਦੇ ਨੁਕਸਾਨ ਵੀ ਹਨ। ਜੇਕਰ ਸੋਸ਼ਲ ਮੀਡੀਆ ਸਮਾਜ ਭਲਾਈ ਦੇ ਕੰਮਾਂ ਨੂੰ ਉਤਸ਼ਾਹਿਤ ਕਰਕੇ ਦੁਖੀਆਂ ਦੇ ਦੁੱਖ ਲਈ ਦਾਨੀ ਸੱਜਣਾਂ ਤਕ ਉਨ੍ਹਾਂ ਦੀ ਪਹੁੰਚ ਬਣਾਉਂਦਾ ਹੈ, ਉੱਥੇ ਨੌਜਵਾਨ ਪੀੜ੍ਹੀ ਝੂਠੇ ਬਹਿਕਾਵੇ ਵਿੱਚ ਆ ਕੇ ਆਪਣੀ ਜ਼ਿੰਦਗੀ ਵੀ ਤਬਾਹ ਕਰਦੀ ਦੇਖੀ ਗਈ ਹੈ। ਦੰਗੇ ਭੜਕਾਉਣ ਵਿੱਚ ਵੀ ਸੋਸ਼ਲ ਮੀਡੀਆ ਬਹੁਤ ਅੱਗੇ ਹੈ। ਆਧੁਨਿਕ ਤਕਨੀਕਾਂ ਵਰਤ ਕੇ ਜਿੱਥੇ ਬਹੁਤ ਲੋਕ ਬਿਮਾਰੀਆਂ ਦੇ ਹੱਲ ਲੱਭਦੇ ਹਨ, ਟੈਸਟਾਂ ਦੀ ਤਿਆਰੀ ਕਰਦੇ ਹਨ, ਵੱਡੇ ਵੱਡੇ ਲੇਖਕਾਂ ਨੂੰ ਪੜ੍ਹਦੇ ਹਨ, ਵੱਖ ਵੱਖ ਅਖ਼ਬਾਰ ਪੜ੍ਹਦੇ ਅਤੇ ਹੋਰ ਲਾਭਦਾਇਕ ਕੰਮ ਕਰਦੇ ਹਨ, ਉੱਥੇ ਦੂਜੇ ਪਾਸੇ ਅੱਜ ਦੀ ਜਵਾਨੀ ਇਸਦੀ ਗਲਤ ਵਰਤੋਂ ਵੀ ਕਰਦੀ ਦੇਖੀ ਗਈ ਹੈ। ਸੋਸ਼ਲ ਮੀਡੀਆ ਦੇ ਜ਼ਰੀਏ ਨੌਜਵਾਨ ਮੁੰਡੇ ਕੁੜੀਆਂ ਨੂੰ ਬਹਿਕਾਵੇ ਵਿੱਚ ਲਿਆ ਕੇ ਉਹਨਾਂ ਦੀ ਜ਼ਿੰਦਗੀ ਨਾਲ ਖੇਲਦੇ ਹਨ। ਬਹੁਤ ਲੋਕ ਵੱਡੇ ਵੱਡੇ ਇਸ਼ਤਿਹਾਰਾਂ ਰਾਹੀਂ ਕੀਤੇ ਗੁਮਰਾਹਕੁੰਨ ਪ੍ਰਚਾਰ ਸਦਕਾ ਠੱਗੀ ਦਾ ਸ਼ਿਕਾਰ ਵੀ ਹੁੰਦੇ ਹਨ। ਨੌਜਵਾਨ ਪੀੜ੍ਹੀ ਸਹਿਣਸ਼ੀਲਤਾ ਤੋਂ ਦੂਰ ਹੁੰਦੀ ਜਾ ਰਹੀ ਹੈ। ਸਾਡੇ ਮਨ ਵਿੱਚ ਹਰ ਸਮੇਂ ਕੋਈ ਨਾ ਕੋਈ ਵਿਚਾਰ ਆਉਂਦਾ ਹੈ। ਅਸੀਂ ਨਕਾਰਾਤਮਕ ਜਾਂ ਸਕਾਰਾਤਮਕ, ਕੋਈ ਵੀ ਵਿਚਾਰ ਮਨ ਵਿੱਚ ਆਇਆ, ਉਦੋਂ ਹੀ ਟਾਈਪ ਕਰਕੇ ਸਬੰਧਤ ਵਿਅਕਤੀ ਨੂੰ ਭੇਜ ਦਿੰਦੇ ਹਾਂ। ਭਾਵ ਵੇਲਾ-ਕੁਵੇਲਾ, ਰਾਤ ਸਵੇਰਾ ਵੀ ਨਹੀਂ ਦੇਖਦੇ। ਇਹਨਾਂ ਗੱਲਾਂ ਕਰਕੇ ਕਈ ਵਾਰ ਪਛਤਾਉਣਾ ਵੀ ਪੈਂਦਾ ਹੈ। ਸੋਸ਼ਲ ਮੀਡੀਆ ਦੀ ਵਰਤੋਂ ਸੁਚੱਜੇ ਅਤੇ ਸੁਚਾਰੂ ਢੰਗ ਨਾਲ ਹੀ ਕਰਨੀ ਚਾਹੀਦੀ ਹੈ। ਸੋਸ਼ਲ ਮੀਡੀਆ ਰਾਹੀਂ ਸਾਨੂੰ ਕੁਝ ਨਾ ਕੁਝ ਚੰਗਾ ਗ੍ਰਹਿਣ ਕਰਨਾ ਚਾਹੀਦਾ ਹੈ ਤਾਂ ਕਿ ਸਾਨੂੰ ਪਛਤਾਉਣਾ ਨਾ ਪਵੇ।




# ਕੀ ਤੁਸੀਂ ਪੰਛੀਆਂ ਅਤੇ ਜਾਨਵਰਾਂ ਬਾਰੇ ਇਹ ਤੱਥ ਜਾਣਦੇ ਹੋ?

1. ਵਿਸ਼ਵ ਦਾ ਸਭ ਤੋਂ ਛੋਟਾ ਥਲੀ Vertebrate (ਅਜਿਹੇ ਜਾਨਵਰ ਜਿਨ੍ਹਾਂ ਵਿੱਚ ਰੀੜ੍ਹ ਦੀ ਹੱਡੀ ਹੁੰਦੀ ਹੈ) ਜੀਵ ਹੈ, ਜੋ ਕਿ (Paedophryne amanueniss) ਪ੍ਰਜਾਤੀ ਨਾਲ ਸੰਬੰਧਿਤ ਹੈ ਅਤੇ ਇਸ ਨੂੰ ਦੇਖਣਾ ਵੀ ਬਹੁਤ ਮੁਸ਼ਕਿਲ ਹੈ। ਜੰਗਲ ਵਿੱਚ ਜਾਨਵਰਾਂ ਦੇ ਮਲ 'ਤੇ ਪਰੀਖਣ ਕਰਦਿਆਂ ਜਦੋਂ ਇੱਕ ਬੈਗ ਵਿੱਚ ਮਲ ਪਾਇਆ ਜਾਣ ਲੱਗਾ ਤਾਂ ਇਹ ਜਾਨਵਰ ਬੈਗ ਦੇ ਨੇੜੇ ਟੱਪਦਾ ਮਿਲਿਆ। ਇਸ ਤਰ੍ਹਾਂ ਦੀ ਖੋਜ ਹੋਈ।
2. ਵਿਸ਼ਵ ਦਾ ਸਭ ਤੋਂ ਵੱਡਾ ਦੁੱਧ ਪਿਲਾਉਣ ਵਾਲਾ ਜੀਵ (Mammal) ਅਤੇ ਪਾਣੀ ਵਿੱਚ ਰਹਿਣ ਵਾਲਾ ਜੀਵ ਨੀਲੀ ਵ੍ਹੇਲ ਹੈ। ਨੀਲੀ ਵ੍ਹੇਲ ਦਾ ਭਾਰ 200 ਟਨ ਤੱਕ ਜਾਂ ਲਗਭਗ 441,000 ਪਾਊਂਡ ਹੁੰਦਾ ਹੈ।
3. ਵਿਸ਼ਵ ਦਾ ਸਭ ਤੋਂ ਵੱਡਾ ਅਤੇ ਭਾਰੀ ਥਲੀ ਜੀਵ ਅਫਰੀਕਨ ਬੁਸ਼ ਹਾਥੀ ਹੈ, ਜਿਸਦਾ ਮੋਢਿਆਂ ਤੱਕ ਕੱਦ 3.96 ਮੀਟਰ (13.0 ਫੁੱਟ) ਅਤੇ ਭਾਰ 10.4 ਟਨ ਹੁੰਦਾ ਹੈ।
4. ਵਿਸ਼ਵ ਦਾ ਸਭ ਤੋਂ ਉੱਚੇ ਕੱਦ ਵਾਲਾ ਜੀਵ ਅਫਰੀਕਨ ਜੀਰਾਫ਼ (iGraffa Camelopardails) ਹੈ। ਨਰ ਜੀਰਾਫ਼ ਦਾ ਕੱਦ 4-5 ਮੀਟਰ ਅਤੇ ਭਾਰ 1 ਤੋਂ 4 ਟਨ ਹੁੰਦਾ ਹੈ। ਜੀਟਾਫ਼ ਦੇ ਸਰੀਰ 'ਚ ਇੱਕ ਆਵਾਜ਼ ਬਾੱਕਸ (ਲ਼ਓਰੇਨਣ) ਹੁੰਦਾ ਹੈ, ਪਰ ਸ਼ਾਇਦ ਵੋਕਲ ਫੋਲਡ ਦੇ ਕੰਪਨ ਅਤੇ ਸ਼ੋਰ ਕਰਨ ਲਈ, ਆਪਣੇ 13 ਫੁੱਟ (4 ਮੀਟਰ) ਲੰਬੇ ਹਵਾ ਨਾਲੀ ਦੁਆਰਾ ਹਵਾ ਦਾ ਦਬਾਵ ਉਤਪੰਨ ਨਹੀਂ ਕਰ ਪਾਉਂਦਾ। ਖੋਜ-ਕਰਤਾਂ ਦਾ ਅਨੁਮਾਨ ਹੈ ਕਿ ਕਿਸੇ ਨੇ ਵੀ ਜੀਰਾਫ਼ ਦੀ ਆਵਾਜ਼ ਨਹੀਂ ਸੁਣੀ, ਕਿਉਂਕਿ ਇਨ੍ਹਾਂ ਦੀ ਆਵਾਜ਼ ਆਵਿਰਤੀ ਮਨੁੱਖੀ ਕੰਨਾਂ ਦੀ ਸੁਣਨ-ਸ਼ਕਤੀ ਅਨੁਸਾਰ ਬਹੁਤ ਲੋਅ ਹੈ।



# ਆਓ ਜਾਣੀਏ ਜਹਾਜ਼ ਵਿਚਲੇ ਬਲੈਕ ਬਾਕਸ ਬਾਰੇ

ਪਿਆਰੇ ਬੱਚਿਓ, ਪਿਛਲੇ ਦਿਨੀਂ ਹੈਲੀਕਾਪਟਰ ਹਾਦਸੇ ਵਿਚ ਸਾਡੇ ਦੇਸ਼ ਦੇ ਪਹਿਲੇ ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਬਿਪਿਨ ਰਾਵਤ, ਪਤਨੀ ਮਧੂਲਿਕਾ ਤੇ ਉਨ੍ਹਾਂ ਦੇ ਨਾਲ ਸਫ਼ਰ ਕਰ ਰਹੇ ਜਵਾਨਾਂ ਦੇ ਮਾਰੇ ਜਾਣ ਦੀ ਖ਼ਬਰ ਨੇ ਦੇਸ਼ ਵਾਸੀਆਂ ਦੇ ਦਿਲ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਜਦੋਂ ਵੀ ਕਦੇ ਅਜਿਹਾ ਹਾਦਸਾ ਹੁੰਦਾ ਹੈ ਤਾਂ ਸਾਰੇ ਲੋਕ ਇਹ ਚਾਹੁੰਦੇ ਹਨ ਕਿ ਹਾਦਸੇ ਦੇ ਕਾਰਨਾ ਦਾ ਪਤਾ ਲੱਗੇ। ਜਾਂਚ ਕਰ ਰਹੇ ਅਧਿਕਾਰੀ ਹੈਲੀਕਾਪਟਰ ਜਾਂ ਜਹਾਜ਼ ਵਿਚ ਲੱਗਾ ਬਲੈਕ ਬਾਕਸ ਲੱਭ ਕੇ ਉਸ ਵਿਚੋਂ ਪ੍ਰਾਪਤ ਜਾਣਕਾਰੀ ਦੇ ਆਧਾਰ ਤੇ ਹਾਦਸੇ ਦਾ ਕਾਰਨ ਪਤਾ ਕਰਦੇ ਹਨ। ਬਲੈਕ ਬਾਕਸ ਦੀ ਮਦਦ ਨਾਲ ਅਸੀਂ ਜਾਣ ਸਕਦੇ ਹਾਂ ਕਿ ਇਹ ਹਾਦਸਾ ਕਿਉਂ ਤੇ ਕਿਸ ਸਥਿਤੀ ਵਿਚ ਵਾਪਰਿਆ, ਹਾਦਸੇ ਤੋਂ ਪਹਿਲਾਂ ਪਾਇਲਟਾਂ ਦੀ ਆਪਸੀ ਤੇ ਹਵਾਈ ਟ੍ਰੈਫਿਕ ਕੰਟਰੋਲ ਨਾਲ ਹੋਈ ਗੱਲਬਾਤ, ਜਹਾਜ਼ ਦੀ ਰਫ਼ਤਾਰ, ਪਾਇਲਟ ਦੀ ਗ਼ਲਤੀ ਜਾਂ ਤਕਨੀਕੀ ਖ਼ਰਾਬੀ ਤੇ ਹੋਰ ਬਹੁਤ ਸਾਰੀਆਂ ਜਾਣਕਾਰੀਆਂ ਇਹ ਬਲੈਕ ਬਾਕਸ ਸਾਨੂੰ ਦਿੰਦਾ ਹੈ।

ਬਲੈਕ ਬਾਕਸ ਦਾ ਜਨਮ ਉਦੋਂ ਹੋਇਆ ਜਦੋਂ ਦੂਜੇ ਵਿਸ਼ਵ ਯੁੱਧ ਵਿਚ ਬ੍ਰਿਟਿਸ਼ ਫ਼ੌਜੀਆਂ ਨੂੰ ਜਹਾਜ਼ ਕ੍ਰੈਸ਼ ਹੋਣ ਦੇ ਕਾਰਨਾਂ ਦਾ ਪਤਾ ਨਹੀਂ ਸੀ ਲਗਦਾ। ਇਸ ਦੀ ਖੋਜ ਦਾ ਸਿਹਰਾ ਆਸਟ੍ਰੇਲੀਆ ਦੇ ਵਿਗਿਆਨੀ ਡੇਵਿਡ ਵਾਰੇਨ ਨੂੰ ਜਾਂਦਾ ਹੈ। ਉਸ ਦੇ ਪਿਤਾ ਦੀ ਮੌਤ ਵੀ ਜਹਾਜ਼ ਹਾਦਸੇ ਨਾਲ ਹੋਈ ਸੀ। ਉਸ ਵਲੋਂ ਤਿਆਰ ਕੀਤਾ ਇਹ ਉਪਕਰਨ ਲਾਲ ਰੰਗ ਦਾ ਸੀ। ਭਾਵੇਂ ਕਿ ਇਸ ਇਲੈਕਟ੍ਰਾਨਿਕ ਰਿਕਾਰਡਿੰਗ ਉਪਕਰਨ ਦਾ ਨਾਂਅ ਬਲੈਕ ਬਾਕਸ ਹੈ ਪਰ ਇਸਦਾ ਰੰਗ ਗੂੜ੍ਹਾ ਸੰਤਰੀ ਹੁੰਦਾ ਹੈ। ਜਹਾਜ਼ ਦੇ ਮਲਬੇ 'ਚੋਂ ਇਸ ਨੂੰ ਲੱਭਣ ਵਿਚ ਮੁਸ਼ਕਲ ਨਾ ਆਵੇ ਇਸ ਲਈ ਇਸ ਦਾ ਰੰਗ ਬਦਲਿਆ ਗਿਆ ਸੀ। ਇਸ ਨੂੰ ਫਲਾਈਟ ਰਿਕਾਰਡਰ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਸ ਵਿਚ ਇਕ ਮੈਮੋਰੀ ਚਿੱਪ ਹੁੰਦੀ ਹੈ ਜਿੱਥੇ ਸਾਰੀ ਜਾਣਕਾਰੀ ਰਿਕਾਰਡ ਰਹਿੰਦੀ ਹੈ। ਇਹ ਦੋ ਤਰ੍ਹਾਂ ਦੇ ਹੁੰਦੇ ਹਨ। ਐੱਫ.ਡੀ.ਆਰ ਤੇ ਸੀ.ਵੀ.ਆਰ। ਇਨ੍ਹਾਂ ਦੋਵਾਂ ਨੂੰ ਜੋੜ ਕੇ ਇਕ ਡੱਬਾ ਨੁਮਾ ਆਕਾਰ ਦਾ ਇਹ ਯੂਨਿਟ ਹੁੰਦਾ ਹੈ। ਇਹ ਸਟੀਲ ਜਾਂ ਟਾਈਟੇਨੀਅਮ ਦਾ ਬਣਿਆ ਹੁੰਦਾ ਹੈ। ਜ਼ਿਆਦਾ ਗਰਮੀ, ਠੰਢ ਤੇ ਪਾਣੀ ਵਿਚ ਵੀ ਬਲੈਕ ਬਾਕਸ ਨੂੰ ਕੁਝ ਨਹੀਂ ਹੁੰਦਾ। ਉਚਾਈ ਤੋਂ ਡਿਗਣ ਤੇ ਇਹ ਟੁੱਟਦਾ ਵੀ ਨਹੀਂ ਤੇ ਅੱਗ ਦਾ ਪ੍ਰਭਾਵ ਵੀ ਇਸ 'ਤੇ ਨਹੀਂ ਹੁੰਦਾ। ਬਲੈਕ ਬਾਕਸ ਨੂੰ ਜਹਾਜ਼ ਦੀ ਪੂਛ ਵਿਚ ਫਿੱਟ ਕੀਤਾ ਜਾਂਦਾ ਹੈ ਤਾਂ ਕਿ ਜਦੋਂ ਵੀ ਕਦੇ ਜਹਾਜ਼ ਹਾਦਸੇ ਦਾ ਸ਼ਿਕਾਰ ਹੋਵੇ ਤਾਂ ਇਸ 'ਤੇ ਘੱਟ ਤੋਂ ਘੱਟ ਪ੍ਰਭਾਵ ਪਵੇ। ਬਲੈਕ ਬਾਕਸ ਵਿਚ ਪਾਇਲਟਾਂ ਦੀ ਆਪਸੀ ਗੱਲਬਾਤ ਵੀ ਰਿਕਾਰਡ ਹੁੰਦੀ ਹੈ ਇਸ ਕਰਕੇ ਦੋ ਘੰਟੇ ਬਾਅਦ ਪਹਿਲੀ ਜਾਣਕਾਰੀ ਡਿਲੀਟ ਹੋ ਜਾਂਦੀ ਹੈ ਤੇ ਨਵੀਂ ਭਰਨੀ ਸ਼ੁਰੂ ਹੋ ਜਾਂਦੀ ਹੈ। ਪਾਇਲਟ ਇਸ ਰਿਕਾਰਡ ਹੋ ਰਹੀ ਜਾਣਕਾਰੀ ਨੂੰ ਮਿਟਾ ਵੀ ਸਕਦਾ ਹੈ ਪਰ ਉਹ ਅਜਿਹਾ ਕਰਦਾ ਨਹੀਂ। ਬਲੈਕ ਬਾਕਸ ਯੂ.ਏ.ਐਲ.ਵੀ ਨਾਲ ਲੈਸ ਹੁੰਦਾ ਹੈ। ਕਈ ਵਾਰ ਜਦੋਂ ਜਹਾਜ਼ ਕ੍ਰੈਸ਼ ਹੋ ਕੇ ਸਮੁੰਦਰ ਵਿਚ ਡਿੱਗ ਜਾਂਦਾ ਹੈ ਤਾਂ ਇਹ ਉਪਕਰਨ ਮਹੀਨੇ ਤਕ ਡੂੰਘਾਈ ਤੋਂ ਵੀ ਆਡੀਓ ਉਪਕਰਨਾਂ ਨਾਲ ਡਿਟੈਕਟ ਹੋਣ ਵਾਲੀ ਅਲਟ੍ਰਾਸੋਨਿਕ ਪੱਲਸ ਭੇਜਦਾ ਰਹਿੰਦਾ ਹੈ, ਪਰ ਜਦੋਂ ਜਹਾਜ਼ ਜ਼ਮੀਨ 'ਤੇ ਕ੍ਰੈਸ਼ ਹੁੰਦਾ ਹੈ ਤਾਂ ਇਹ ਅਲਟ੍ਰਾਸੋਨਿਕ ਪਿੰਗ ਨਹੀਂ ਭੇਜਦਾ। ਇਹ ਉਪਕਰਨ ਬੈਟਰੀ ਖ਼ਤਮ ਹੋਣ ਤਕ ਸੰਕੇਤ ਭੇਜਦਾ ਰਹਿੰਦਾ ਹੈ। ਜਦੋਂ ਇਹ ਉਪਕਰਨ ਜਾਂਚ ਅਧਿਕਾਰੀਆਂ ਨੂੰ ਮਿਲ ਜਾਂਦਾ ਹੈ ਤਾਂ ਇਸ ਵਿਚਲੀ ਜਾਣਕਾਰੀ ਨਾਲ ਉਹ ਦੋ ਕੁ ਹਫ਼ਤਿਆਂ ਦੇ ਸਮੇਂ ਵਿਚ ਜਹਾਜ਼ ਹਾਦਸੇ ਦੇ ਕਾਰਨਾਂ ਦਾ ਪਤਾ ਲਗਾ ਲੈਂਦੇ ਹਨ।




# ਆਪਣੇ ਬੱਚਿਆਂ ਨੂੰ ਪੰਜਾਬੀ ਜ਼ਰੂਰ ਪੜ੍ਹਾਉ

**ਸਰ੍ਹੀ ਦੇ ਸਕੂਲਾਂ ਦੇ ਕੁੱਲ ਵਿਦਿਆਰਥੀਆਂ ਵਿੱਚੋਂ ਪੰਜਾਬੀ ਪਰਿਵਾਰਾਂ ਦੇ 20% ਤੋਂ ਵੱਧ ਬੱਚੇ ਹਨ।**



- ਬੀ.ਸੀ ਸਰਕਾਰ ਵਲੋਂ 1994 ਤੋਂ ਬੀ.ਸੀ ਦੇ ਸਕੂਲਾਂ ਵਿੱਚ,ਦੂਜੀ ਭਾਸ਼ਾ ਦੇ ਤੌਰ ਤੇ ਪੰਜਾਬੀ ਦੀ ਪੜ੍ਹਾਈ ਚਾਲੂ ਹੈ।
- ਸੋ ਆਪਦੀ ਮਾਂ-ਬੋਲੀ ਬੱਚਿਆਂ ਨੂੰ ਬੋਲਣੀ,ਪੜ੍ਹਨੀ ਤੇ ਲਿਖਣੀ ਜ਼ਰੂਰ ਸਿਖਾਓ।ਤੁਸੀਂ ਆਪਦੇ ਨੇੜੇ ਦੇ ਸਕੂਲਾਂ ਵਿੱਚ 5ਵੀਂ ਗਰੇਡ ਤੋਂ 8ਵੀਂ ਗਰੇਡ ਤੱਕ ਪੰਜਾਬੀ ਪੜ੍ਹਾ ਸਕਦੇ ਹੋ।ਇਸ ਵਾਸਤੇ ਹੇਠ ਲਿਖੀਆਂ ਗੱਲਾਂ ਤੇ ਅਮਲ ਕਰੋ:
- ਜੇ ਤੁਹਾਡਾ ਬੱਚਾ ਚੌਥੀ ਗਰੇਡ ਵਿਚ ਹੈ ਤਾਂ ਤੁਸੀਂ ਇਸ ਸਾਲ ਪੰਜਾਬੀ ਪੜ੍ਹਨ ਦਾ ਫਾਰਮ ਭਰਕੇ ਆਪਦੇ ਸਕੂਲ ਦੇ ਪ੍ਰਿੰਸੀਪਲ ਨੂੰ ਦੇ ਦਿਓ।
- ਪੰਜਾਬੀ ਪੜ੍ਹਨ ਦੇ,ਫਰੈਂਚ ਪੜ੍ਹਨ ਨਾਲੋਂ ਜਿਆਦਾ ਲਾਭ ਹਨ ਅਤੇ ਭਵਿੱਖ ਵਿੱਚ ਤਰੱਕੀਆਂ(ਨੌਕਰੀਆਂ) ਲੱਭਣ ਵਿੱਚ ਸੌਖ ਹੋਵੇਗੀ।
- ਸਕੂਲਾਂ ਵਿੱਚ ਪੰਜਾਬੀ ਤਾਂ ਹੀ ਚਾਲੂ ਹੋਵੇਗੀ ਘੱਟੋ-ਘੱਟ 25 ਬੱਚੇ 5ਵੀਂ ਕਲਾਸ ਵਿੱਚ ਪੰਜਾਬੀ ਪੜ੍ਹਨ ਵਾਸਤੇ ਫਾਰਮ ਭਰਕੇ ਦੇਣਗੇ।


**ਮਾਪਿਆਂ ਵਾਸਤੇ ਫਾਇਦੇ:**

- ਸਮੇਂ ਦੀ ਬੱਚਤ : ਤੁਹਾਡੇ ਬੱਚੇ ਸਕੂਲ ਵਿੱਚ ਹੀ ਆਪਣੇ ਹਮ-ਉਮਰ ਬੱਚਿਆਂ ਨਾਲ ਪੰਜਾਬੀ ਪੜ੍ਹਨਗੇ,ਜਿਸ ਨਾਲ ਮਾਪਿਆਂ ਨੂੰ ਬਹੁਤ ਸੌਖ ਰਹੇਗੀ।
- ਪਰਿਵਾਰ ਵਿੱਚ ਦਾਦਾ-ਦਾਦੀ, ਨਾਨਾ-ਨਾਨੀ, ਅਤੇ ਰਿਸ਼ਤੇਦਾਰਾਂ ਨਾਲ ਹੋਰ ਨੇੜਤਾ ਵਧੇਗੀ।
- ਜਿਸ ਨਾਲ ਬੱਚੇ ਆਪਦੇ ਸੱਭਿਆਚਾਰ ਨਾਲ ਜੁੜੇ ਰਹਿਣਗੇ ਅਤੇ ਉਹ ਬਾਹਰਲੇ ਭੈੜੇ ਅਨਸਰਾਂ ਤੋਂ ਵੀ ਬੱਚੇ ਰਹਿਣਗੇ।
- ਮਾਂ ਬੋਲੀ ਪੰਜਾਬੀ ਪੜ੍ਹਨ ਨਾਲ ਬੱਚੇ ਦਾ ਮਨੋ-ਬਲ ਵੀ ਉੱਚਾ ਹੋ ਜਾਂਦਾ ਹੈ।
- ਅੱਜ ਕੱਲ ਅੰਗਰੇਜ਼ੀ ਦੇ ਨਾਲ, ਜੇ ਤੁਹਾਡੇ ਬੱਚੇ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਹੈ ਤਾਂ ਜੌਬ(ਕੰਮ) ਲੈਣ ਲਈ ਪਹਿਲ ਮਿਲਦੀ ਹੈ।


## ਰਸਤਾ ਲੱਭੋ




## ਬਿੰਦੂ ਮਿਲਾਓ



# ਕਿਰਦਾਰ ਦਾ ਮਿਆਰ

ਲੇਖਕ : ਪ੍ਰਿੰ. ਵਿਜੈ ਕੁਮਾਰ
91 - 98726 - 27136



'ਆਪਣੇ ਕਿਰਦਾਰ ਨੂੰ ਨਿਭਾਓ ਕੁਝ ਇਸ ਤਰ੍ਹਾਂ ਕਿ ਜ਼ਿੰਦਗੀ ਦਾ ਪਰਦਾ ਡਿਗਣ ਤੋਂ ਬਾਅਦ ਵੀ ਤਾੜੀਆਂ ਵੱਜਦੀਆਂ ਰਹਿਣ।' ਜੇਕਰ ਮਨੁੱਖ ਇਨ੍ਹਾਂ ਸਤਰਾਂ ਦੇ ਅਰਥ ਸਮਝਕੇ ਉਨ੍ਹਾਂ ਨੂੰ ਆਪਣੇ ਲੜ ਬੰਨ੍ਹ ਲਵੇ ਤਾਂ ਉਸ ਨੂੰ ਜ਼ਿੰਦਗੀ ਜਿਊਣ ਦੇ ਅਰਥ ਬਹੁਤ ਛੇਤੀ ਸਮਝ ਆ ਜਾਣਗੇ, ਉਸ ਨੂੰ ਜ਼ਿੰਦਗੀ ਜਿਊਣ ਦਾ ਮਕਸਦ ਸਮਝ ਆ ਜਾਵੇਗਾ। ਉਹ ਕਿਸੇ ਨਾਲ ਬੇਈਮਾਨੀ, ਹੇਰਾਫੇਰੀ, ਜਾਹਲਸਾਜ਼ੀ, ਧੋਖਾਧੜੀ, ਨੌਸਰਬਾਜ਼ੀ, ਧੱਕੇਸ਼ਾਹੀ ਅਤੇ ਹੈਂਕੜਬਾਜ਼ੀ ਕਰਨ ਲੱਗਿਆਂ ਸੌ ਵਾਰ ਸੋਚੇਗਾ। ਸਾਡੇ ਦੇਸ਼ ਦੇ ਮਰਹੂਮ ਰਾਸ਼ਟਰਪਤੀ ਡਾਕਟਰ ਏ.ਪੀ.ਜੇ. ਅਬਦੁਲ ਕਲਾਮ ਆਪਣੀ ਇੱਕ ਪੁਸਤਕ ਵਿੱਚ ਮਨੁੱਖ ਦੇ ਕਿਰਦਾਰ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਮਨੁੱਖ ਦੀ ਜ਼ਿੰਦਗੀ ਵਿੱਚ ਇਹ ਗੱਲ ਮਾਇਨਾ ਨਹੀਂ ਰੱਖਦੀ ਕਿ ਉਸਨੇ ਬਹੁਤ ਸਾਰੀ ਦੌਲਤ ਇਕੱਠੀ ਕੀਤੀ ਹੋਈ ਹੈ, ਉਹ ਆਲੀਸ਼ਾਨ ਜ਼ਿੰਦਗੀ ਜਿਊਂਦਾ ਹੈ, ਉਸਦੀ ਸਰਕਾਰੇ ਦਰਬਾਰੇ ਬਹੁਤ ਪਹੁੰਚ ਹੈ,ਮਾਇਨਾ ਇਹ ਗੱਲ ਰੱਖਦੀ ਹੈ ਕਿ ਉਸਦਾ ਕਿਰਦਾਰ ਕਿਹੋ ਜਿਹਾ ਹੈ। ਉਸਨੇ ਧਨ ਦੌਲਤ ਦੀ ਅਮੀਰੀ ਹਾਸਲ ਕਰਨ ਲਈ ਆਪਣੀ ਜ਼ਮੀਰ ਨੂੰ ਕਿੰਨਾ ਕੁ ਜਾਗਦਾ ਰੱਖਿਆ ਹੈ। ਉਸਨੇ ਆਲੀਸ਼ਾਨ ਜ਼ਿੰਦਗੀ ਜਿਊਣ ਲਈ ਕਿਹੋ ਜਿਹੇ ਸਾਧਨਾਂ ਦਾ ਸਹਾਰਾ ਲਿਆ ਹੈ। ਸਰਕਾਰੇ ਦਰਬਾਰੇ ਪਹੁੰਚਣ ਲਈ ਸਿਆਸੀ ਲੋਕਾਂ ਦੀ ਕਿੰਨੀ ਜੀ ਹਜ਼ੂਰੀ ਕੀਤੀ ਹੈ। ਕੋਈ ਵੀ ਬੰਦਾ ਆਪਣੇ ਕਿਰਦਾਰ ਨੂੰ ਮਾੜਾ ਕਹਿਣ ਲਈ ਤਿਆਰ ਨਹੀਂ ਹੁੰਦਾ ਪਰ ਮਨੁੱਖ ਦੇ ਕਿਰਦਾਰ ਦੇ ਮਿਆਰ ਦੀ ਨਿਸ਼ਾਨਦੇਹੀ ਉਦੋਂ ਹੁੰਦੀ ਹੈ ਜਦੋਂ ਉਹ ਕਿਸੇ ਨਾਲ ਹੋ ਰਹੀ ਬੇਇਨਸਾਫੀ ਨੂੰ ਵੇਖਕੇ ਚੁੱਪ ਰਹਿੰਦਾ ਹੈ ਜਾਂ ਉਸ ਬੇਇਨਸਾਫ਼ੀ ਦੇ ਵਿਰੁੱਧ ਆਵਾਜ਼ ਉਠਾਉਂਦਾ ਹੈ। ਅਮੀਰ, ਤਾਕਤਵਾਰ, ਸਰਕਾਰਾਂ ਤਕ ਪਹੁੰਚ ਰੱਖਣ ਵਾਲੇ ਤੇ ਅਸਰ ਰਸੂਖ ਰੱਖਣ ਵਾਲੇ ਲੋਕ ਚਾਹੇ ਜਿੰਨੇ ਮਰਜ਼ੀ ਗਲਤ ਕੰਮ ਕਰੀ ਜਾਣ, ਕਿਸੇ ਨਾਲ ਜਿੰਨਾ ਮਰਜ਼ੀ ਧੱਕਾ ਕਰੀ ਜਾਣ, ਜਿੰਨੀਆਂ ਵੀ ਮਰਜ਼ੀ ਮਨਮਰਜ਼ੀਆਂ ਕਰੀ ਜਾਣ, ਲੋਕ ਉਨ੍ਹਾਂ ਦੇ ਵਿਰੁੱਧ ਇਹ ਸੋਚਕੇ ਗਵਾਹੀ ਦੇਣ, ਬੋਲਣ ਅਤੇ ਉਨ੍ਹਾਂ ਨੂੰ ਬੁਰਾ ਕਹਿਣ ਲਈ ਤਿਆਰ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਕਿਧਰੇ ਉਨ੍ਹਾਂ ਲੋਕਾਂ ਨਾਲ ਕੰਮ ਨਾ ਪੈ ਜਾਵੇ। ਇਹੋ ਜਿਹੇ ਲੋਕਾਂ ਨਾਲ ਕਾਹਦੇ ਲਈ ਬਿਗਾੜਨੀ ਹੈ ਪਰ ਕੁਝ ਜਾਗਦੀ ਜ਼ਮੀਰ ਵਾਲੇ ਲੋਕ ਅਜਿਹੇ ਵੀ ਹੁੰਦੇ ਹਨ ਜੋ ਆਪਣੀ ਜ਼ਮੀਰ ਨਾਲ ਕਦੇ ਵੀ ਸਮਝੌਤਾ ਨਹੀਂ ਕਰਦੇ, ਉਹ ਕਿਸੇ 'ਤੇ ਹੋਣ ਵਾਲੇ ਜ਼ੁਲਮ ਅਤੇ ਕਿਸੇ ਨਾਲ ਹੋਣ ਵਾਲੇ ਅਨਿਆਂ ਨੂੰ ਵੇਖਕੇ ਨਾ ਆਪਣਾ ਮੂੰਹ ਬੰਦ ਰੱਖ ਸਕਦੇ ਹਨ ਤੇ ਨਾ ਹੀ ਅੱਖਾਂ ਮੀਟ ਸਕਦੇ ਹਨ।

ਇੱਕ ਵਾਰ ਇੱਕ ਸਕੂਲ ਮੁਖੀ ਵਿਰੁੱਧ ਕੁਝ ਮੌਕਾਪ੍ਰਸਤ ਅਤੇ ਕੰਮਚੋਰ ਅਧਿਆਪਕਾਂ ਨੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਝੂਠੀ ਸ਼ਿਕਾਇਤ ਕਰਕੇ ਉਸਦੇ ਵਿਰੁੱਧ ਇਨਕੁਆਰੀ ਖੁੱਲ੍ਹਵਾ ਦਿੱਤੀ, ਕਿਉਂਕਿ ਉਹ ਉਨ੍ਹਾਂ ਕੰਮਚੋਰ ਅਧਿਆਪਕਾਂ ਨੂੰ ਕੰਮ ਕਰਨ ਲਈ ਮਜਬੂਰ ਕਰ ਰਿਹਾ ਸੀ। ਉਨ੍ਹਾਂ ਕੰਮਚੋਰ ਅਧਿਆਪਕਾਂ ਦੀ ਸਿਆਸੀ ਪਹੁੰਚ ਵੀ ਕਾਫੀ ਸੀ। ਇਨਕੁਆਰੀ ਕਰਨ ਆਏ ਅਧਿਕਾਰੀਆਂ ਨੂੰ ਸਿਆਸੀ ਪੱਧਰ ਉੱਤੇ ਇਸ਼ਾਰਾ ਕੀਤਾ ਗਿਆ ਸੀ ਕਿ ਸਕੂਲ ਮੁਖੀ ਵਿਰੁੱਧ ਲਿਖਕੇ ਉਸਦੀ ਉਸ ਸਕੂਲ ਤੋਂ ਬਦਲੀ ਕਰਨੀ ਹੈ। ਸਿੱਖਿਆ ਅਧਿਕਾਰੀਆਂ ਨੇ ਸਕੂਲ ਮੁਖੀ ਨੂੰ ਗੱਲਾਂ ਗੱਲਾਂ ਵਿੱਚ ਇਸ਼ਾਰਾ ਵੀ ਕੀਤਾ ਕਿ ਉਸਦੇ ਵਿਰੁੱਧ ਕੋਈ ਦੋਸ਼ ਨਹੀਂ ਬਣਦਾ ਪਰ ਉਹ ਉਸਦੇ ਵਿਰੁੱਧ ਲਿਖਣ ਲਈ ਮਜਬੂਰ ਹਨ। ਚੰਗਾ ਹੋਵੇਗਾ ਕਿ ਜੇਕਰ ਉਹ ਸ਼ਿਕਾਇਤ ਕਰਨ ਵਾਲੇ ਅਧਿਆਪਕਾਂ ਨਾਲ ਸਮਝੌਤਾ ਕਰ ਲਵੇ। ਸਕੂਲ ਮੁਖੀ ਨੇ ਉਨ੍ਹਾਂ ਉੱਚ ਅਧਿਕਾਰੀਆਂ ਨੂੰ ਕਿਹਾ, "ਮੈਂ ਆਪਣੀ ਜ਼ਿੰਦਗੀ ਵਿੱਚ ਆਪਣੇ ਸਿਧਾਂਤ ਨਾਲ ਕਦੇ ਸਮਝੌਤਾ ਨਹੀਂ ਕੀਤਾ, ਇਨ੍ਹਾਂ ਕੰਮਚੋਰ ਅਧਿਆਪਕਾਂ ਨਾਲ ਤਾਂ ਸਮਝੌਤਾ ਕਰਨ ਦਾ ਸਵਾਲ ਪੈਦਾ ਹੀ ਨਹੀਂ ਹੁੰਦਾ। ਤੁਸੀਂ ਜੋ ਕੁਝ ਲਿਖਣਾ ਚਾਹੋ, ਲਿਖ ਸਕਦੇ ਹੋ।"

ਉਹ ਉੱਚ ਸਿੱਖਿਆ ਅਧਿਕਾਰੀ ਅਜੇ ਗੱਲਾਂ ਕਰ ਰਹੇ ਸਨ ਕਿ ਸਕੂਲ ਦੀਆਂ ਦੋ ਅਧਿਆਪਕਾਵਾਂ ਉਨ੍ਹਾਂ ਉੱਚ ਅਧਿਕਾਰੀਆਂ ਨੂੰ ਆ ਕੇ ਕਹਿਣ ਲੱਗੀਆਂ, "ਸਰ, ਤੁਸੀਂ ਉਨ੍ਹਾਂ ਕੰਮਚੋਰ ਅਧਿਆਪਕਾਂ ਦੀ ਗੱਲ ਤਾਂ ਸੁਣ ਲਈ, ਬਾਕੀ ਸਟਾਫ ਦੀ ਗੱਲ ਵੀ ਸੁਣ ਲਓ। ਬੜੇ ਸਮੇਂ ਬਾਅਦ ਸਕੂਲ ਨੂੰ ਇੱਕ ਮਿਹਨਤੀ ਸਕੂਲ ਮੁਖੀ ਮਿਲਿਆ ਹੈ।"

ਉੱਚ ਸਿੱਖਿਆ ਅਧਿਕਾਰੀਆਂ ਨੂੰ ਗੱਲ ਸਮਝ ਆ ਗਈ। ਉਨ੍ਹਾਂ ਨੇ ਬਾਕੀ ਸਟਾਫ ਦੀ ਵੀ ਗੱਲ ਸੁਣੀ। ਉਹ ਕੰਮਚੋਰ ਅਧਿਆਪਕ ਸਕੂਲ ਮੁਖੀ ਦਾ ਕੁਝ ਨਹੀਂ ਬਿਗਾੜ ਸਕੇ। ਉਸ ਸਕੂਲ ਮੁਖੀ ਅਤੇ ਉਨ੍ਹਾਂ ਅਧਿਆਪਕਾਵਾਂ ਦੇ ਕਿਰਦਾਰ ਦੇ ਮਿਆਰ ਦੀ ਮਨੋ ਸ਼ਲਾਘਾ ਕਰਨੀ ਬਣਦੀ ਹੈ।

ਇਸ ਸਮਾਜ ਵਿੱਚ ਵਿਚਰਦਿਆਂ ਸਾਡਾ ਤਿੰਨ ਕਿਸਮ ਦੇ ਬੰਦਿਆਂ ਨਾਲ ਵਾਹ ਪੈਂਦਾ ਹੈ। ਇੱਕ ਕਿਸਮ ਉਨ੍ਹਾਂ ਲੋਕਾਂ ਦੀ ਹੁੰਦੀ ਹੈ ਜੋ ਦੂਜਿਆਂ ਦੀ ਤਰੱਕੀ ਨੂੰ ਵੇਖਕੇ ਮਨੋ ਖੁਸ਼ ਹੁੰਦੇ ਹਨ। ਉਨ੍ਹਾਂ ਵੱਲੋਂ ਤਰੱਕੀ ਲਈ ਕੀਤੇ ਯਤਨਾਂ ਲਈ ਉਨ੍ਹਾਂ ਦੀ ਪਿੱਠ ਥਾਪੜਕੇ ਉਨ੍ਹਾਂ ਨੂੰ ਹੋਰ ਅੱਗੇ ਵਧਣ ਲਈ ਉਤਸ਼ਾਹਿਤ ਕਰਦੇ ਹਨ। ਅਜਿਹੇ ਲੋਕਾਂ ਦੇ ਕਿਰਦਾਰ ਦਾ ਮਿਆਰ ਉੱਚਾ ਮੰਨਿਆ ਜਾਂਦਾ ਹੈ। ਦੂਜੀ ਕਿਸਮ ਦੇ ਲੋਕ ਉਹ ਹੁੰਦੇ ਹਨ ਜੋ ਦੂਜਿਆਂ ਦੀ ਤਰੱਕੀ ਵੇਖਕੇ ਵਿਖਾਵਾ ਤਾਂ ਖੁਸ਼ ਹੋਣ ਦਾ ਕਰਦੇ ਹਨ ਪਰ ਮਨੋ ਮਨੀ ਉਹ ਸੜ ਰਹੇ ਹੁੰਦੇ ਹਨ। ਤੀਜੀ ਕਿਸਮ ਦੇ ਉਹ ਵਿਹਲੜ ਤੇ ਨਿਕੰਮੇ ਲੋਕ ਹੁੰਦੇ ਹਨ ਜੋ ਆਪ ਤਾਂ ਕੁਝ ਨਹੀਂ ਕਰ ਸਕਦੇ ਪਰ ਦੂਜਿਆਂ ਵੱਲੋਂ ਕੀਤੀ ਤਰੱਕੀ ਉਨ੍ਹਾਂ ਤੋਂ ਬਰਦਾਸ਼ਤ ਨਹੀਂ ਹੁੰਦੀ। ਉਹ ਉਨ੍ਹਾਂ ਮਿਹਨਤੀ ਲੋਕਾਂ ਦੀ ਆਲੋਚਨਾ ਕਰਨ ਦੀ ਕੋਈ ਕਸਰ ਨਹੀਂ ਛੱਡਦੇ। ਉਨ੍ਹਾਂ ਦੀ ਤਰੱਕੀ ਦੇ ਰਾਹ ਵਿੱਚ ਸੌ ਤਰ੍ਹਾਂ ਦੇ ਅੜਿੱਕੇ ਵੀ ਖੜ੍ਹੇ ਕਰਦੇ ਹਨ। ਇੱਕ ਪਿੰਡ ਦੇ ਸਰਪੰਚ ਨੇ ਆਪਣੇ ਪਿੰਡ ਦੇ ਬਜ਼ੁਰਗਾਂ ਦੇ ਬੈਠਣ-ਉੱਠਣ ਲਈ ਪੰਚਾਇਤ ਦੀ ਜਗ੍ਹਾ ਵਿੱਚ ਦਾਨੀ ਸੱਜਣਾਂ ਤੋਂ ਦਾਨ ਲੈ ਕੇ ਇੱਕ ਆਲੀਸ਼ਾਨ ਕਮਰਾ ਬਣਾਇਆ। ਬਜ਼ੁਰਗਾਂ ਦੇ ਮਨੋਰੰਜਨ ਲਈ ਉਸ ਵਿੱਚ ਟੈਲੀਵਿਜ਼ਨ ਲਗਵਾਇਆ ਤੇ ਪੜ੍ਹਨ ਲਈ ਅਖ਼ਬਾਰ ਵੀ ਲਗਵਾ ਦਿੱਤੀ। ਪਿੰਡ ਵਿਚ ਉਸ ਸਰਪੰਚ ਦੀ ਪ੍ਰਸ਼ੰਸਾ ਹੋਣ ਲੱਗੀ। ਸਰਪੰਚ ਦੀ ਵਿਰੋਧੀ ਪਾਰਟੀ ਵਾਲੇ ਉਸਦੀ ਪ੍ਰਸ਼ੰਸਾ ਸਹਿ ਨਾ ਸਕੇ। ਉਨ੍ਹਾਂ ਨੇ ਪਿੰਡ ਵਿੱਚ ਉਸਦੇ ਵਿਰੁੱਧ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਕਮਰਾ ਬਣਾਉਣ ਲਈ ਇਕੱਠੇ ਕੀਤੇ ਦਾਨ ਦੇ ਪੈਸੇ ਖਾ ਗਿਆ। ਉਹ ਕੁਝ ਦੇਰ ਤਾਂ ਚੁੱਪ ਰਿਹਾ ਪਰ ਜਦੋਂ ਵਿਰੋਧੀਆਂ ਵੱਲੋਂ ਉਸਦੇ ਵਿਰੁੱਧ ਬੋਲੇ ਜਾਂਦੇ ਝੂਠ ਦੀ ਹੱਦ ਹੋ ਗਈ ਤਾਂ ਉਸਨੇ ਪੰਚਾਇਤ ਦਾ ਆਮ ਇਜਲਾਸ ਬੁਲਾਕੇ ਆਪਣੀ ਵਿਰੋਧੀ ਪਾਰਟੀ ਦੇ ਲੋਕਾਂ ਸਮੇਤ ਸਾਰੇ ਪਿੰਡ ਨੂੰ ਸੱਦਾ ਦਿੱਤਾ। ਉਸ ਇਜਲਾਸ ਵਿੱਚ ਪਿੰਡ ਦੇ ਬਹੁਤ ਸਾਰੇ ਲੋਕ ਹਾਜ਼ਰ ਹੋਏ। ਸਰਪੰਚ ਦੇ ਵਿਰੋਧੀ ਵੀ ਉਸ ਇਜਲਾਸ ਵਿੱਚ ਹਾਜ਼ਰ ਸਨ। ਸਰਪੰਚ ਨੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ, "ਭਰਾਵੋ, ਮੇਰੇ ਵੱਲੋਂ ਬਣਾਏ ਗਏ ਕਮਰੇ ਦੇ ਹਿਸਾਬ ਦਾ ਰਜਿਸਟਰ ਇਹ ਪਿਆ ਹੈ। ਮੈਂ ਤੁਹਾਡੇ ਸਾਹਮਣੇ ਬੈਠਾ ਹਾਂ। ਤੁਸੀਂ ਇਹ ਸਾਬਤ ਕਰ ਦਿਓ ਕਿ ਮੈਂ ਪੈਸੇ ਖਾਧੇ ਹਨ, ਮੈਂ ਹੁਣੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿਆਂਗਾ। ਵਿਰੋਧੀ ਪਾਰਟੀ ਵਾਲੇ ਤਾਂ ਅਜੇ ਬੋਲਣ ਦੀ ਤਿਆਰੀ ਹੀ ਕਰ ਰਹੇ ਸਨ, ਇੰਨੇ ਨੂੰ ਦੋ ਬਜ਼ੁਰਗ ਪੁਰਾਣੇ ਹਾਰੇ ਹੋਏ ਸਰਪੰਚ ਨੂੰ ਸੰਬੋਧਨ ਕਰਦਿਆਂ ਹੋਇਆਂ ਕਹਿਣ ਲੱਗੇ, "ਭਾਈ ਸਾਹਿਬ, ਤੁਸੀਂ ਦਸ ਸਾਲ ਸਰਪੰਚ ਰਹੇ ਹੋ, ਤੁਸੀਂ ਦੱਸੋ, ਤੁਸੀਂ ਪਿੰਡ ਵਿੱਚ ਕਿਹੜਾ ਕੰਮ ਕੀਤਾ ਹੈ? ਇਸ ਸਰਪੰਚ ਨੇ ਪਿੰਡ ਦੀ ਨੁਹਾਰ ਬਦਲ ਦਿੱਤੀ ਹੈ। ਅਸੀਂ ਤੁਹਾਨੂੰ ਐਨੇ ਪੈਸੇ ਦਿੰਦੇ ਹਾਂ, ਤੁਸੀਂ ਐਨਾ ਆਲੀਸ਼ਾਨ ਕਮਰਾ ਬਣਵਾ ਦਿਓ। ਇਸ ਸਰਪੰਚ ਨੇ ਬਜ਼ੁਰਗਾਂ ਨੂੰ ਜਿਊਣ ਜੋਗਾ ਕਰ ਦਿੱਤਾ ਹੈ। ਪਿਛਲੀ ਵੇਰ ਤਾਂ ਅਸੀਂ ਤੁਹਾਡੀ ਮਦਦ ਕੀਤੀ ਸੀ ਪਰ ਇਸ ਵੇਰ ਅਸੀਂ ਇਸ ਨੂੰ ਹੀ ਪਿੰਡ ਦਾ ਸਰਪੰਚ ਬਣਾਵਾਂਗੇ। ਇਹ ਚੁੱਕੋ ਰਜਿਸਟਰ, ਕਰੋ ਹਿਸਾਬ ਚੈੱਕ।"

ਉਨ੍ਹਾਂ ਬਜ਼ੁਰਗਾਂ ਦੀਆਂ ਗੱਲਾਂ ਸੁਣਕੇ ਪਿੰਡ ਦੇ ਬਾਕੀ ਲੋਕ ਵੀ ਪਿੰਡ ਦੇ ਨਵੇਂ ਸਰਪੰਚ ਦੇ ਹੱਕ ਵਿੱਚ ਬੋਲ ਪਏ। ਵਿਰੋਧੀ ਪਾਰਟੀ ਦੇ ਲੋਕ ਕੁਝ ਨਾ ਬੋਲ ਸਕੇ। ਉਸ ਸਰਪੰਚ ਅਤੇ ਉਨ੍ਹਾਂ ਬਜ਼ੁਰਗਾਂ ਦੇ ਕਿਰਦਾਰ ਦੇ ਮਿਆਰ ਅੱਗੇ ਹਰ ਇੱਕ ਵਿਅਕਤੀ ਦਾ ਸਿਰ ਝੁਕਦਾ ਹੈ।

ਸਵਾਰਥ, ਲਾਲਚ, ਮੌਕਾ ਪ੍ਰਸਤੀ ਤੇ ਖੁਦਗਰਜ਼ੀ ਦੀ ਵਹਿਣ ਵਿੱਚ ਵਹਿਣ ਵਾਲੇ ਲੋਕਾਂ ਨੂੰ ਕਿਰਦਾਰ ਦੇ ਮਿਆਰ ਦਾ ਕਦੇ ਵੀ ਅਹਿਸਾਸ ਨਹੀਂ ਹੁੰਦਾ। ਉਨ੍ਹਾਂ ਨੂੰ ਇਸ ਗੱਲ ਦੀ ਕਦੇ ਪ੍ਰਵਾਹ ਨਹੀਂ ਹੁੰਦੀ ਕਿ ਲੋਕ ਉਨ੍ਹਾਂ ਬਾਰੇ ਕੀ ਸੋਚਣਗੇ। ਕੋਈ ਸਮਾਂ ਸੀ ਜਦੋਂ ਸਿਆਸਤ ਦੇ ਖੇਤਰ ਵਿੱਚ ਵਿਚਰਦਿਆਂ ਸਿਆਸੀ ਲੋਕ ਆਪਣੀ ਸਾਰੀ ਜ਼ਿੰਦਗੀ ਹੀ ਇੱਕ ਸਿਆਸੀ ਪਾਰਟੀ ਨਾਲ ਜੁੜੇ ਰਹਿਕੇ ਗੁਜ਼ਾਰ ਦਿੰਦੇ ਸਨ। ਉਹ ਸਿਆਸੀ ਪਾਰਟੀ ਦੀ ਸੱਤਾ ਨਾਲ ਨਹੀਂ, ਸਗੋਂ ਵਿਚਾਰਧਾਰਾ ਨਾਲ ਜੁੜੇ ਹੁੰਦੇ ਸਨ। ਪਰ ਅਜੋਕੇ ਸਮੇਂ ਵਿੱਚ ਸਿਆਸੀ ਲੋਕ ਪਾਰਟੀ ਦੀ ਵਿਚਾਰਧਾਰਾ ਨਹੀਂ, ਸਗੋਂ ਉਸਦੀ ਸੱਤਾ ਵੇਖਕੇ ਉਸ ਵਿੱਚ ਰਹਿੰਦੇ ਹਨ। ਇਸੇ ਲਈ ਉਹ ਕਈ ਕਈ ਪਾਰਟੀਆਂ ਬਦਲ ਲੈਂਦੇ ਹਨ। ਇੱਕ ਆਜ਼ਾਦ ਰੂਪ ਵਿੱਚ ਚੋਣ ਜਿੱਤੇ ਵਿਧਾਇਕ ਨੂੰ ਇੱਕ ਸੂਬੇ ਦੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਉਨ੍ਹਾਂ ਦੀ ਪਾਰਟੀ ਵਿੱਚ ਆ ਜਾਵੇ, ਅਸੀਂ ਉਸ ਨੂੰ ਉਪ ਮੁੱਖ ਮੰਤਰੀ ਬਣਾ ਦਿਆਂਗੇ। ਉਸ ਅਜ਼ਾਦ ਵਿਧਾਇਕ ਨੇ ਉਸ ਮੁੱਖ ਮੰਤਰੀ ਨੂੰ ਕਿਹਾ, "ਮੁੱਖ ਮੰਤਰੀ ਸਾਹਿਬ, ਲੋਕਾਂ ਨੇ ਤੁਹਾਡੀ ਪਾਰਟੀ ਦੇ ਵਿਰੁੱਧ ਫਤਵਾ ਦੇ ਕੇ ਮੈਨੂੰ ਵਿਧਾਇਕ ਬਣਾਇਆ ਹੈ, ਮੈਂ ਆਪਣੇ ਪ੍ਰਤੀ ਲੋਕਾਂ ਦੇ ਵਿਸ਼ਵਾਸ ਨੂੰ ਕਿਵੇਂ ਤੋੜ ਦਿਆਂ? ਰਹੀ ਗੱਲ ਉਪ ਮੁੱਖ ਮੰਤਰੀ ਬਣਨ ਦੀ, ਉਪ ਮੁੱਖ ਮੰਤਰੀ ਦੇ ਅਹੁਦੇ ਨਾਲੋਂ ਲੋਕਾਂ ਦੇ ਵਿਸ਼ਵਾਸ ਦਾ ਅਹੁਦਾ ਵੱਡਾ ਹੈ।" ਉਸ ਅਜ਼ਾਦ ਵਿਧਾਇਕ ਦੇ ਕਿਰਦਾਰ ਦੇ ਮਿਆਰ ਤੋਂ ਸਿਆਸੀ ਲੋਕਾਂ ਨੂੰ ਸਿੱਖਣਾ ਚਾਹੀਦਾ ਹੈ। ਇਸ ਮਿਆਰ ਨਾਲ ਹੀ ਲੋਕਤੰਤਰ ਦਾ ਮਿਆਰ ਉੱਚਾ ਹੋਵੇਗਾ। ਬੇਜ਼ੁਬਾਨੇ, ਦੋਗਲੇ, ਮਨ ਦੇ ਕਾਲੇ ਅਤੇ ਝੂਠੇ ਲੋਕਾਂ ਦੇ ਕਿਰਦਾਰ ਦਾ ਮਿਆਰ ਕਦੇ ਵੀ ਉੱਚਾ ਨਹੀਂ ਹੋ ਸਕਦਾ। ਜਿਨ੍ਹਾਂ ਲੋਕਾਂ ਦੇ ਕਿਰਦਾਰ ਦਾ ਮਿਆਰ ਉੱਚਾ ਹੁੰਦਾ ਹੈ, ਲੋਕ ਉਨ੍ਹਾਂ ਦੀ ਜਿੰਨੀ ਮਰਜ਼ੀ ਆਲੋਚਨਾ ਕਰੀ ਜਾਣ ਪਰ ਉਹ ਲੋਕਾਂ ਦੇ ਮਨਾ ਵਿੱਚ ਵਸੇ ਰਹਿੰਦੇ ਹਨ। ਉਹ ਮਰਨ ਤੋਂ ਬਾਅਦ ਵੀ ਜਿਉਂਦੇ ਰਹਿੰਦੇ ਹਨ।

# ਲੋਕ-ਸੰਗੀਤ ਅਤੇ ਸਿੱਖ ਢਾਡੀ ਪਰੰਪਰਾ ਵਿਚ ਨਾਮਵਰ ਢਾਡੀਆਂ ਦਾ ਯੋਗਦਾਨ


ਲੇਖਕ : ਪ੍ਰੋਫੈਸਰ ਜਗਪਿੰਦਰ ਪਾਲ ਸਿੰਘ



ਲੋਕ-ਸੰਗੀਤ ਤੇ ਸਿੱਖ-ਸੰਗੀਤ ਦੀ ਢਾਡੀ ਪਰੰਪਰਾ ਦਾ ਵਿਰਸਾ ਬਹੁਤ ਅਮੀਰ ਅਤੇ ਵਿਲੱਖਣ ਹੈ। ਦੋਨਾਂ ਪਰੰਪਰਾਵਾਂ 'ਚ ਸਾਰੰਗੀ ਸਾਜ਼ ਬਹੁਤ ਸੁਰੀਲਾ ਅਤੇ ਪ੍ਰਮੁੱਖ ਸਾਜ਼ ਹੈ। ਨਾ ਕੇਵਲ ਪੰਜਾਬ ਦੀ ਲੋਕ-ਸੰਗੀਤ ਵਿਰਾਸਤ 'ਚ ਸਗੋਂ ਉੱਤਰ ਅਤੇ ਪੂਰਬ ਭਾਰਤ ਦੇ ਵੱਖ-ਵੱਖ ਪ੍ਰਾਂਤਾਂ 'ਚ ਸਾਰੰਗੀ ਸਾਜ਼ ਦਾ ਵਿਸ਼ੇਸ਼ ਸਥਾਨ ਹੈ। ਲੋਕ-ਸੰਗੀਤ ਤੋਂ ਹੀ ਸਫ਼ਰ ਕਰਦਾ ਸਾਰੰਗੀ ਸਾਜ਼ ਸ਼ਾਸਤਰੀ ਸੰਗੀਤ ਪਰੰਪਰਾ ਦਾ ਮਹੱਤਵਪੂਰਨ ਸਾਜ਼ ਬਣਿਆ। ਇਸ ਦੀ ਉਤਪਤੀ ਕਦੋਂ ਅਤੇ ਕਿਵੇਂ ਹੋਈ, ਇਸ ਬਾਰੇ ਕਹਿਣਾ ਬਹੁਤ ਕਠਿਨ ਹੈ। ਕੁਝ ਵਿਦਵਾਨਾਂ ਅਨੁਸਾਰ ਜਦੋਂ ਮੁਗ਼ਲ ਭਾਰਤ ਆਏ ਤਾਂ ਉਨ੍ਹਾਂ ਨਾਲ ਵੱਖ-ਵੱਖ ਸੰਗੀਤਕਾਰ ਅਤੇ ਵਾਦਨਕਾਰ ਵੀ ਆਏ। ਇਨ੍ਹਾਂ 'ਚ ਸਾਰੰਗੀ ਵਾਦਕ ਵੀ ਸਨ ਪ੍ਰੰਤੂ ਉਸ ਸਮੇਂ ਇਸ ਸਾਜ਼ ਨੂੰ ਸਾਰੰਗੀ ਨਹੀਂ ਸੀ ਕਿਹਾ ਜਾਂਦਾ। ਹੌਲੀ-ਹੌਲੀ ਇਸ ਦਾ ਨਾਂਅ ਬਦਲਦਾ-ਬਦਲਦਾ ਸਾਰੰਗੀ ਪੈ ਗਿਆ, ਪਰੰਤੂ ਇਸ ਬਾਰੇ ਸਪੱਸ਼ਟ ਪ੍ਰਮਾਣ ਨਹੀਂ ਮਿਲਦੇ। ਉੱਤਰ ਭਾਰਤ ਦੇ ਵੱਖ-ਵੱਖ ਪ੍ਰਾਂਤਾਂ 'ਚ ਇਸ ਦੇ ਵੱਖ-ਵੱਖ ਨਾਂਅ ਪ੍ਰਚੱਲਿਤ ਹਨ। ਸਿੰਧੀ ਸਾਰੰਗੀ, ਧਨੀ ਸਾਰੰਗੀ, ਗੁਜਰਾਤੀ ਸਾਰੰਗੀ, ਪੰਜਾਬੀ ਅਤੇ ਕਸ਼ਮੀਰੀ ਸਾਰੰਗੀ ਆਦਿ। ਰਾਜਸਥਾਨੀ ਸਾਰੰਗੀ ਨੂੰ 'ਡੇਢ ਪਸਲੀ ਸਾਰੰਗੀ 'ਕਿਹਾ ਜਾਂਦਾ ਹੈ। ਗੁਜਰਾਤੀ ਅਤੇ ਸਿੰਧੀ ਸਾਰੰਗੀ ਦੀ ਵਰਤੋਂ ਰਾਜਸਥਾਨ 'ਚ ਲੰਗਾ ਜਾਤੀ ਦੇ ਲੋਕ-ਕਲਾਕਾਰ ਕਰਦੇ ਹਨ। ਜੰਮੂ-ਕਸ਼ਮੀਰ 'ਚ ਸਾਰੰਗਾ ਅਤੇ ਮੱਧ ਪ੍ਰਦੇਸ਼ 'ਚ 'ਜੰਤਰ' ਨਾਂਅ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਪੰਜਾਬੀ ਲੋਕ-ਸੰਗੀਤ ਪਰੰਪਰਾ 'ਚ ਸਾਰੰਗੀ ਨਾਲ ਤਾਲ ਦੇਣ ਲਈ ਢੱਡ ਸਾਜ਼ ਦੀ ਵਰਤੋਂ ਹੁੰਦੀ ਹੈ। ਢੱਡ ਸਾਰੰਗੀ ਨਾਲ ਗਾਉਣ ਨੂੰ ਢਾਡੀ ਕਹਿ ਕੇ ਸੰਬੋਧਿਤ ਕੀਤਾ ਜਾਂਦਾ ਹੈ। ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਨੇ ਜ਼ੁਲਮ ਦਾ ਟਾਕਰਾ ਕਰਨ ਲਈ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤਾਂ ਸਿੱਖਾਂ 'ਚ ਜੋਸ਼ ਭਰਨ ਲਈ ਢਾਡੀ ਪਰੰਪਰਾ ਨੂੰ ਸ਼ੁਰੂ ਕੀਤਾ ਅਤੇ ਰਬਾਬੀ ਭਾਈ ਨੱਥਾ ਅਤੇ ਭਾਈ ਅਬਦੁੱਲਾ ਪਹਿਲੇ ਢਾਡੀ ਹੋਏ, ਜਿਨ੍ਹਾਂ ਨੇ ਵਾਰਾਂ ਦਾ ਗਾਇਨ ਕੀਤਾ। ਭਾਈ ਸੰਤੋਖ ਸਿੰਘ 'ਗੁਰ ਪ੍ਰਤਾਪ ਸੂਰਜ ਪ੍ਰਕਾਸ਼' ਗ੍ਰੰਥ 'ਚ ਲਿਖਦੇ ਹਨ; ਢਾਢੀ ਚਲ ਆਇਓ। ਭਏ ਸੁਭਦ ਤਿਨ ਕੋ ਜਸਿ ਗਾਇਉ। ਜਿਸ ਕੇ ਸੁਨਤ ਬੀਰ ਰਸ ਜਾਗੈ। ਕਾਇਰ ਸੋ ਭੀ ਲਰੈ ਨ ਭਾਗੈ। ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀਆਂ 22 ਅਧਿਆਤਮਿਕ ਵਾਰਾਂ 'ਚੋਂ ਨੌਂ ਵਾਰਾਂ ਉੱਤੇ ਪੁਰਾਤਨ ਲੋਕ-ਸੰਗੀਤ 'ਚ ਪ੍ਰਚੱਲਿਤ ਵਾਰਾਂ ਦੀਆਂ ਧੁਨੀਆਂ ਨੂੰ ਅੰਕਿਤ ਕਰਵਾਇਆ। ਲੋਕ-ਸੰਗੀਤ ਅਤੇ ਸਿੱਖ ਢਾਡੀ ਪਰੰਪਰਾ 'ਚ ਬਹੁਤ ਨਾਮਵਰ ਢਾਡੀਆਂ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ, ਜਿਨ੍ਹਾਂ 'ਚ ਬਾਪੂ ਕਰਨੈਲ ਸਿੰਘ ਰਾਮੂਵਾਲੀਆ, ਪਾਲ ਸਿੰਘ ਪੰਛੀ, ਦੀਦਾਰ ਸਿੰਘ ਰਟੈਂਡਾ, ਅਮਰ ਸਿੰਘ ਸ਼ੌਂਕੀ, ਦੇਸਰਾਜ ਲਚਕਾਣੀ, ਇੰਦਰਜੀਤ ਸਿੰਘ ਸ਼ੇਰਪੁਰੀ, ਈਦੂ ਸ਼ਰੀਫ਼, ਭਾਈ ਦਲੀਪ ਸਿੰਘ ਵਿਸ਼ੇਸ਼ ਹਨ।

ਲੋਕ-ਸੰਗੀਤ 'ਚ ਵਰਤੀ ਜਾਂਦੀ ਸਾਰੰਗੀ ਸ਼ਾਸਤਰੀ ਸੰਗੀਤ ਦੀ ਸਾਰੰਗੀ ਨਾਲੋਂ ਆਕਾਰ 'ਚ ਛੋਟੀ ਹੁੰਦੀ ਹੈ। ਇਸੇ ਲਈ ਇਸ ਨੂੰ 'ਟੋਟਾ' ਵੀ ਕਿਹਾ ਜਾਂਦਾ ਹੈ। ਇਸ ਦੀਆਂ ਚਾਰ ਤਾਰਾਂ ਜਾਂ ਤੰਦੀਆਂ ਹੁੰਦੀਆਂ ਹਨ ਅਤੇ 10 ਤਰਬਾਂ ਦੀਆਂ ਤਾਰਾਂ ਵੀ ਹੁੰਦੀਆਂ ਹਨ। ਇਸ ਦੇ ਗਜ਼ ਨੂੰ ਘੁੰਗਰੂ ਬੰਨ੍ਹੇ ਹੁੰਦੇ ਹਨ। ਅਜੋਕੇ ਸਮੇਂ 'ਚ ਬਹੁਤ ਸਾਰੇ ਨੌਜਵਾਨ ਸਾਰੰਗੀ ਵਾਦਕ ਸਿੱਖ ਢਾਡੀ ਪਰੰਪਰਾ ਅਤੇ ਲੋਕ-ਸੰਗੀਤ ਵਿਚ ਸਾਰੰਗੀ ਸਾਜ਼ ਨੂੰ ਜੀਵਤ ਰੱਖਣ 'ਚ ਆਪਣਾ ਯੋਗਦਾਨ ਪਾ ਰਹੇ ਹਨ, ਜਿਨ੍ਹਾਂ 'ਚ ਸ. ਰਣਧੀਰ ਸਿੰਘ ਧੀਰਾ, ਭਾਈ ਗੁਰਪ੍ਰੀਤ ਸਿੰਘ ਅਮਰਗੜ੍ਹ, ਇਕਬਾਲ ਮੁਹੰਮਦ, ਗੁਰਪ੍ਰੀਤ ਸਿੰਘ ਮਾਛੀਵਾੜਾ, ਹਰਪਿੰਦਰ ਸਿੰਘ ਕੰਗ, ਆਦਿਲ ਖਾਂ ਅਤੇ ਤਰਨਪ੍ਰੀਤ ਸਿੰਘ ਸ਼ੇਰਪੁਰੀ ਵਿਸ਼ੇਸ਼ ਹਨ। ਸਾਰੰਗੀ ਸਾਜ਼ ਦੀ ਸਿਖਲਾਈ ਕਠਿਨ ਸਾਧਨਾ ਦੁਆਰਾ ਹੀ ਸੰਪੂਰਨ ਹੋ ਸਕਦੀ ਹੈ, ਇਸ ਲਈ ਗੁਰੂ-ਸ਼ਿਸ਼ ਪਰੰਪਰਾ ਦੁਆਰਾ ਕਿਸੇ ਚੰਗੇ ਉਸਤਾਦ ਦੀ ਦੇਖ-ਰੇਖ 'ਚ ਹੀ ਸੰਭਵ ਹੋ ਸਕਦਾ ਹੈ।

# ਸਿਹਤ ਸੰਸਾਰ



## ਨੌਕਰੀ ਪੇਸ਼ਾ ਔਰਤਾਂ 'ਚ ਵੱਧਦਾ ਉਦਾਸੀਪਣ

ਲੇਖਕ : ਡਾ. ਪ੍ਰਿਅੰਕਾ
ਸੰਪਰਕ : 91159-70700

ਮਨਿੰਦਰ ਕੌਰ ਨੂੰ ਨੌਕਰੀ ਪੇਸ਼ਾ ਔਰਤ ਹੋਣ ਦੇ ਨਾਲ-ਨਾਲ ਘਰੇਲੂ ਜ਼ਿੰਮੇਵਾਰੀਆਂ ਵੀ ਨਿਭਾਉਣੀਆਂ ਪੈਂਦੀਆਂ ਹਨ। ਉਸ ਨੂੰ ਦਫ਼ਤਰ ਤੇ ਘਰ ਵਿਚ ਮਾਨਸਿਕ ਸਰੀਰਕ ਕਮਜ਼ੋਰੀ/ਥਕਾਵਟ ਮਹਿਸੂਸ ਹੁੰਦੀ ਰਹਿੰਦੀ ਹੈ। ਦਫ਼ਤਰ ਤੇ ਘਰ ਵਿਚ ਉਹ ਛੋਟੀ-ਛੋਟੀ ਗੱਲ 'ਤੇ ਖਿਝ ਜਾਂਦੀ ਹੈ। ਦਫ਼ਤਰ ਤੇ ਘਰ ਦੇ ਕੰਮ ਉਸ ਨੂੰ ਅਕਸਰ ਯਾਦ ਨਹੀਂ ਰਹਿੰਦੇ। ਉਹ ਲੰਮਾ ਸਮਾਂ ਉਦਾਸ ਰਹਿੰਦੀ ਹੈ। ਉਸ ਨੂੰ ਇਹ ਉਦਾਸੀਪਣ (ਡਿਪ੍ਰੈਸ਼ਨ) ਦੇ ਲੱਛਣ ਹਨ। ਇਕ ਅਧਿਐਨ ਅਨੁਸਾਰ ਨੌਕਰੀਪੇਸ਼ਾ 75 ਫ਼ੀਸਦੀ ਔਰਤਾਂ ਨੂੰ ਉਦਾਸੀਪਣ ਹੁੰਦਾ ਹੀ ਹੈ।

ਸਾਡੇ ਕੋਲ ਇਲਾਜ ਲਈ ਆਉਂਦੀਆਂ ਅਜਿਹੀਆਂ ਔਰਤਾਂ 'ਚ ਉਦਾਸੀਪਣ ਦੇ ਲੱਛਣ ਜਾਣਨ ਵਾਸਤੇ ਅਸੀਂ ਜਿਹੜੇ ਸਵਾਲ ਪੁੱਛਦੇ ਹਾਂ ਉਨ੍ਹਾਂ ਵਿਚੋਂ ਮੈਂ ਕੁਝ ਜ਼ਰੂਰੀ ਸਵਾਲ ਮੈਂ ਹੇਠਾਂ ਦਿੱਤੇ ਹਨ। ਇਨ੍ਹਾਂ ਤੋਂ ਪਾਠਕ ਔਰਤਾਂ ਨੂੰ ਆਪਣੇ ਵਿਚ ਉਦਾਸੀਪਣ ਦੇ ਲੱਛਣਾਂ ਦਾ ਪਤਾ ਲਗਾਉਣ ਵਿਚ ਮਦਦ ਮਿਲ ਸਕਦੀ ਹੈ।

- ਤੁਸੀਂ ਲੰਮਾ ਸਮਾਂ ਉਦਾਸ ਰਹਿੰਦੇ ਹੋ? ਇਹ ਦੂਸਰਿਆਂ ਨੂੰ ਵੀ ਤੁਹਾਡੇ ਬਾਰੇ ਮਹਿਸੂਸ ਹੁੰਦਾ ਹੈ।
- ਤੁਸੀਂ ਦਫ਼ਤਰ ਤੇ ਘਰ ਵਿਚ ਜਿੰਨੀ ਫੁਰਤੀ ਨਾਲ ਪਹਿਲਾਂ ਕੰਮ ਕਰਦੇ ਸੀ ਕੀ ਹੁਣ ਉਹ ਫੁਰਤੀ ਨਹੀਂ ਰਹੀ?
- ਕੀ ਤੁਹਾਨੂੰ ਦਿਲਚਸਪੀ ਵਾਲੇ ਕੰਮਾਂ ਵਿਚ ਪਹਿਲਾਂ ਵਰਗੀ ਖ਼ੁਸ਼ੀ ਨਹੀਂ ਮਿਲਦੀ?
- ਤੁਸੀਂ ਅਕਸਰ ਦਫ਼ਤਰ ਵਿਚ ਫਾਈਲ/ਦਸਤਾਵੇਜ਼ ਰੱਖ ਕੇ ਭੁੱਲ ਜਾਂਦੇ ਹੋ? ਘਰ ਦਾ ਕੋਈ ਸਾਮਾਨ ਲਿਆਉਣਾ/ਸਬਜ਼ੀ ਆਦਿ ਬਣਾਉਣ ਦਾ ਤਰੀਕਾ/ਸਬਜ਼ੀ ਵਿਚ ਨਮਕ ਆਦਿ/ਚਾਹ ਵਿਚ ਚੀਨੀ ਆਦਿ ਪਾਉਣਾ ਭੁੱਲ ਜਾਂਦੇ ਹੋ?
- ਤੁਸੀਂ ਦਫ਼ਤਰ ਤੇ ਘਰ ਵਿਚ ਕੰਮ ਸਮੇਂ ਮਾਨਸਿਕ, ਸਰੀਰਕ ਕਮਜ਼ੋਰੀ/ਥਕਾਵਟ ਮਹਿਸੂਸ ਕਰਦੇ ਹੋ? ਕੰਮ ਬਾਰੇ ਚੰਗੀ ਤਰ੍ਹਾਂ ਸੋਚ ਨਹੀਂ ਸਕਦੇ ਜਾਂ ਕਰ ਨਹੀਂ ਸਕਦੇ?
- ਤੁਹਾਨੂੰ ਸਿਰ ਪੇਟ ਸਰੀਰਕ ਦਰਦ ਰਹਿੰਦਾ ਹੈ। ਸਰੀਰਕ ਰੋਗਾਂ ਦੇ ਕਈ ਡਾਕਟਰਾਂ ਤੋਂ ਦਵਾਈਆਂ ਖਾਣ ਤੋਂ ਬਾਅਦ ਵੀ ਤੁਹਾਨੂੰ ਦਰਦ ਤੋਂ ਆਰਾਮ ਨਹੀਂ ਮਿਲਿਆ?
- ਤੁਸੀਂ ਦਫ਼ਤਰ ਜਾਂ ਘਰ ਵਿਚ ਅਕਸਰ ਕਿਸੇ ਵਲੋਂ ਕਹੀ ਛੋਟੀ ਜਿਹੀ ਗੱਲ 'ਤੇ ਵੀ ਖਿਝ/ਚਿੜ੍ਹ/ਗੁੱਸੇ ਵਿਚ ਆ ਜਾਂਦੇ ਹੋ? ਬੱਚੇ ਵਲੋਂ ਖਾਣਾ ਨਾ ਖਾਣ ਸਕੂਲ ਦਾ ਕੰਮ ਨਾ ਕਰਨ 'ਤੇ ਉਸ ਨੂੰ ਲੋੜ ਤੋਂ ਵੱਧ ਝਿੜਕਦੇ ਹੋ?
- ਤੁਸੀਂ ਛੋਟੀ ਜਿਹੀ ਗਲਤੀ ਹੋਣ 'ਤੇ ਵੀ ਆਪਣੇ ਆਪ ਨੂੰ ਕਸੂਰਵਾਰ ਮੰਨਦੇ ਹੋ? ਸੋਚਦੇ ਹੋ ਕਿ ਮੇਰਾ ਕੋਈ ਵਜੂਦ ਨਹੀਂ ਮੈਂ ਨਿਰਾਸ਼ਾਵਾਦੀ ਹਾਂ ਮੇਰਾ ਕੋਈ ਸਹਾਰਾ ਨਹੀਂ ਹੈ?
- ਮਾਹਵਾਰੀ ਦਾ ਸਮਾਂ ਨੇੜੇ ਆਉਣ 'ਤੇ ਤੁਹਾਨੂੰ ਚਿੜਚਿੜਾਪਣ ਕਮਜ਼ੋਰੀ ਮਹਿਸੂਸ ਹੁੰਦੀ ਹੈ ਰੋਣ ਆਉਂਦਾ ਹੈ ਪੇਟ ਪਿੱਠ ਤੇ ਪੈਰ ਆਦਿ ਦਰਦ ਹੁੰਦੇ ਹਨ?
- ਤੁਸੀਂ ਜ਼ਰੂਰਤ ਤੋਂ ਵਧੇਰੇ ਜਾਂ ਘੱਟ ਸੌਂਦੇ ਹੋ?
- ਤੁਸੀਂ ਜ਼ਰੂਰਤ ਤੋਂ ਵਧੇਰੇ ਜਾਂ ਘੱਟ ਖਾਂਦੇ ਹੋ? ਤੁਹਾਡਾ ਭਾਰ ਘਟ/ਵਧ ਰਿਹਾ ਹੈ?
- ਤੁਹਾਡੀ ਜ਼ਿੰਦਗੀ ਜਿਊਣ ਦੀ ਆਸ ਖਤਮ ਹੋ ਰਹੀ ਹੈ? ਆਤਮ ਹੱਤਿਆ ਦੇ ਖਿਆਲ ਆਉਂਦੇ ਹਨ?
- ਤੁਹਾਨੂੰ ਵਾਰ-ਵਾਰ ਇਹ ਵਿਚਾਰ ਆਉਂਦੇ ਹਨ ਕਿ ਤੁਹਾਡੀ ਨੌਕਰੀ ਚਲੀ ਜਾਵੇਗੀ?
- ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਪਰਿਵਾਰ ਦੇ ਕਿਸੇ ਜੀਅ ਨਾਲ ਕੁਝ ਬੁਰਾ ਨਾ ਹੋ ਜਾਵੇ?
- ਤੁਸੀਂ ਇਹ ਸੋਚ ਕੇ ਬੇਚੈਨ ਹੋ ਜਾਂਦੇ ਹੋ ਕਿ ਤੁਸੀਂ ਨੌਕਰੀ ਕਾਰਨ ਆਪਣੇ ਪਰਿਵਾਰ ਦੀ ਚੰਗੀ ਤਰ੍ਹਾਂ ਦੇਖਭਾਲ ਨਹੀਂ ਕਰ ਰਹੇ?
- ਤੁਹਾਡੇ ਆਪਣੇ ਪਤੀ ਨਾਲ ਸਰੀਰਕ ਸੰਬੰਧ ਬਣਾਉਣ ਵਿਚ ਦਿਲਚਸਪੀ ਨਹੀਂ ਰਹੀ? ਇਹ ਸੋਚਦੇ ਹੋ ਕਿ ਇਸ ਕਾਰਨ ਤੁਹਾਡਾ ਪਤੀ ਨਾਲ ਹੁਣ ਪਹਿਲਾਂ ਵਰਗਾ ਰਿਸ਼ਤਾ ਨਹੀਂ ਰਿਹਾ? ਜੇ ਤੁਹਾਡੇ ਇਨ੍ਹਾਂ ਸਵਾਲਾਂ ਵਿਚੋਂ ਕੁਝ ਦੇ ਜਵਾਬ 'ਹਾਂ' ਵਿਚ ਹਨ ਤੇ ਇਸ ਕਾਰਨ ਤੁਹਾਡੀ ਦਫ਼ਤਰੀ/ਘਰੇਲੂ/ਸਮਾਜਿਕ ਜ਼ਿੰਦਗੀ ਪ੍ਰਭਾਵਿਤ ਹੋ ਰਹੀ ਹੈ ਤਾਂ ਤੁਹਾਨੂੰ ਉਦਾਸੀਪਣ ਦੇ ਲੱਛਣ ਹੋ ਸਕਦੇ ਹਨ। ਤੁਹਾਨੂੰ ਮਾਨਸਿਕ ਬਿਮਾਰੀਆਂ ਦੇ ਮਾਹਿਰ ਡਾਕਟਰ ਦੀ ਸਹਾਇਤਾ ਦੀ ਜ਼ਰੂਰਤ ਹੈ।

**ਔਰਤਾਂ ਵਿਚ ਉਦਾਸੀਪਣ ਦੇ ਕਾਰਨ :** ਦਿਮਾਗ ਵਿਚਲੇ ਸੈਰੋਟੋਨਿਨ ਕੈਮੀਕਲ (ਮੂਡ ਨੂੰ ਨਿਯਮਤ ਰੱਖਣ ਵਾਲਾ ਕੈਮੀਕਲ) ਦੇ ਪੱਧਰ ਦਾ ਘੱਟਣਾ ਪਰਿਵਾਰ ਵਿਚ (ਫੈਮਿਲੀ ਹਿਸਟਰੀ) ਉਦਾਸੀਪਣ ਹੋਣਾ ਥਾਇਰਾਇਡ ਬਲੱਡ ਪ੍ਰੈਸ਼ਰ ਸ਼ੂਗਰ ਤੇ ਹਾਰਮੋਨਜ਼ ਵਿਚ ਤਬਦੀਲੀ ਆਦਿ।

**ਗਰਭਵਤੀ ਔਰਤਾਂ 'ਚ ਉਦਾਸੀਪਣ :** ਗਰਭ ਅਵਸਥਾ ਸਮੇਂ ਹਾਰਮੋਨਜ਼/ਸਰੀਰਕ ਤੇ ਦਿਮਾਗੀ ਕੈਮੀਕਲਜ਼ ਵਿਚ ਬਦਲਾਅ ਕਾਰਨ ਅਕਸਰ ਔਰਤਾਂ ਵਿਚ ਉਦਾਸੀਪਣ ਹੁੰਦਾ ਹੈ। ਇਹ ਔਰਤਾਂ ਉਦਾਸੀਪਣ ਦਾ ਇਲਾਜ ਨਹੀਂ ਕਰਵਾਉਂਦੀਆਂ। ਉਹ ਸੋਚਦੀਆਂ ਹਨ ਕਿ ਗਰਭ ਅਵਸਥਾ ਸਮੇਂ ਹੋਰ ਦਵਾਈ ਨੁਕਸਾਨਦੇਹ ਹੋ ਸਕਦੀ ਹੈ ਪਰ ਹੁਣ ਅਜਿਹੀਆਂ ਦਵਾਈਆਂ ਆ ਗਈਆਂ ਹਨ ਜਿਨ੍ਹਾਂ ਦਾ ਗਰਭਵਤੀ ਔਰਤ ਜਾਂ ਉਸ ਦੇ ਬੱਚੇ 'ਤੇ ਕੋਈ ਬੁਰਾ ਅਸਰ ਨਹੀਂ ਪੈਂਦਾ ਸਗੋਂ ਇਲਾਜ ਨਾ ਕਰਵਾਉਣ ਕਾਰਨ ਭਵਿੱਖ ਵਿਚ ਅਜਿਹੀਆਂ ਔਰਤਾਂ ਤੇ ਜਨਮ ਲੈਣ ਵਾਲੇ ਬੱਚੇ ਦੇ ਸਰੀਰ ਤੇ ਮਾਨਸਿਕਤਾ 'ਤੇ ਬੁਰਾ ਅਸਰ ਪੈ ਸਕਦਾ ਹੈ।

**ਇਲਾਜ :** ਸਾਡੇ ਕੋਲ ਖਾਸ ਕਿਸਮ ਦੀਆਂ ਨਵੀਨਤਮ ਦਵਾਈਆਂ ਆਰ. ਟੀ. ਐਮ. ਐਸ. ਥੈਰੇਪੀ (ਇਕ ਮਸ਼ੀਨ ਜਿਹੜੀ ਚੁੰਬਕੀ ਸ਼ਕਤੀ ਦੁਆਰਾ ਦਿਮਾਗ ਵਿਚਲੇ ਮੂਡ ਨੂੰ ਨਿਯਮਿਤ ਰੱਖਣ ਵਾਲੇ ਹਿੱਸਿਆਂ ਨੂੰ ਸ਼ਕਤੀ ਤੇ ਦਿਮਾਗੀ ਰਸਾਇਣਕਾਂ ਦੇ ਬਹਾਵ ਨੂੰ ਠੀਕ ਕਰਦੀ ਹੈ) ਤੇ Coginitve Behaivoral Therapy (ਟਾਕ-ਥੈਰੇਪੀ) ਉਦਾਸੀਪਣ ਦੇ ਕਾਮਯਾਬ ਇਲਾਜ ਹਨ ਜਿਨ੍ਹਾਂ ਦੇ ਨਤੀਜੇ ਬਹੁਤ ਹੀ ਸਫਲ ਹਨ। ਅਨੇਕਾਂ ਮਰੀਜ਼ਾਂ ਨੂੰ ਇਸ ਦਾ ਫਾਇਦਾ ਹੋ ਰਿਹਾ ਹੈ।

## ਆਮ ਰੋਗਾਂ ਵਿਚ ਲਾਹੇਵੰਦ ਹੈ ਪਾਲਕ



ਲੇਖਕ : ਸੁਖਮੰਦਰ ਸਿੰਘ ਤੂਰ

ਪਾਲਕ ਨੂੰ ਮਨੁੱਖੀ ਸਰੀਰ ਲਈ ਕਈ ਪੱਖਾਂ ਤੋਂ ਮਹੱਤਵਪੂਰਨ ਮੰਨਿਆ ਗਿਆ ਹੈ। ਪਾਲਕ ਵਿਚ ਵਿਟਾਮਿਨ ਏ.ਬੀ.ਸੀ. ਲੋਹਾ, ਕੈਲਸ਼ੀਅਮ, ਪ੍ਰੋਟੀਨ, ਫਾਈਬਰ, ਅਮੀਨੋ ਐਸਿਡ ਅਤੇ ਮੈਗਨੀਸ਼ੀਅਮ ਵਰਗੇ ਤੱਤ ਭਰਪੂਰ ਮਾਤਰਾ ਵਿਚ ਮਿਲਦੇ ਹਨ। ਇਸ ਲਈ ਪਾਲਕ ਨੂੰ 'ਸੁਪਰ ਫੂਡ' ਵਜੋਂ ਵੀ ਜਾਣਿਆ ਜਾਂਦਾ ਹੈ। ਖ਼ੂਨ ਦੀ ਕਮੀ ਨੂੰ ਦੂਰ ਕਰਨ ਲਈ ਇਹ ਰਾਮਬਾਣ ਦਵਾਈ ਹੈ। ਇਸ ਵਿਚ ਲੋਹ ਤੱਤ ਲੋੜੀਂਦੀ ਮਾਤਰਾ ਵਿਚ ਹੁੰਦਾ ਹੈ। ਰੋਜ਼ਾਨਾ ਪਾਲਕ ਦੀ ਵਰਤੋਂ ਕਰਨ ਨਾਲ ਖ਼ੂਨ ਸੰਬੰਧੀ ਸਾਰੇ ਰੋਗ ਦੂਰ ਹੁੰਦੇ ਹਨ ਅਤੇ ਚਿਹਰੇ 'ਤੇ ਚਮਕ ਅਤੇ ਤਾਜ਼ਗੀ ਨਜ਼ਰ ਆਉਂਦੀ ਹੈ। ਪਾਲਕ ਰਸ ਦੀ ਲਗਾਤਾਰ ਵਰਤੋਂ ਕਰਨ ਨਾਲ ਚਿਹਰੇ ਤੋਂ ਕਿੱਲ, ਮੁਹਾਂਸੇ ਅਤੇ ਛਾਹੀਆਂ ਦੂਰ ਹੁੰਦੀਆਂ ਹਨ। ਕਬਜ਼ ਦੀ ਸ਼ਿਕਾਇਤ ਹੋਣ 'ਤੇ ਪਾਲਕ ਦਾ ਰੋਜ਼ਾਨਾ ਰਸ ਪੀਣ ਨਾਲ ਪਾਚਣ ਕਿਰਿਆ ਵਿਚ ਸੁਧਾਰ ਆਉਂਦਾ ਹੈ। ਕਫ਼ ਅਤੇ ਗੈਸ ਦੀ ਸ਼ਿਕਾਇਤ ਹੋਣ 'ਤੇ ਪਾਲਕ ਨੂੰ ਕਾਫੀ ਉੱਤਮ ਮੰਨਿਆ ਗਿਆ ਹੈ। ਬੁਖਾਰ ਹੋਣ ਨਾਲ ਮੂੰਹ ਦਾ ਸੁਆਦ ਖਰਾਬ ਹੋ ਜਾਂਦਾ ਹੈ, ਪਾਲਕ ਦੀ ਸਬਜ਼ੀ ਖਾਣ ਨਾਲ ਮੂੰਹ ਵਿਚ ਸੁਆਦਲਾਪਣ ਆ ਜਾਂਦਾ ਹੈ। ਛਾਤੀ ਵਿਚ ਕਫ਼ (ਰੇਸ਼ਾ), ਖਾਂਸੀ ਅਤੇ ਸਾਹ ਫੁੱਲਣ 'ਤੇ ਪਾਲਕ ਦੇ ਰਸ ਵਿਚ ਸ਼ਹਿਦ ਅਤੇ ਕਾਲੀ ਮਿਰਚ ਦਾ ਪਾਊਡਰ ਮਿਲਾ ਕੇ ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਪੀਣ ਨਾਲ ਚਮਤਕਾਰੀ ਲਾਭ ਹੁੰਦਾ ਹੈ। ਪਾਲਕ ਦੇ ਪੱਤਿਆਂ ਨੂੰ ਪਾਣੀ ਵਿਚ ਉਬਾਲ ਕੇ ਗਰਾਰੇ ਕਰਨ ਨਾਲ ਗਲੇ ਦਾ ਦਰਦ ਅਤੇ ਸੋਜ ਘਟਦੀ ਹੈ। ਪਾਲਕ ਅਤੇ ਗਾਜਰ ਦਾ ਰਸ ਬਰਾਬਰ ਮਾਤਰਾ ਵਿਚ ਮਿਲਾ ਕੇ ਪੀਣ ਨਾਲ ਮਸੂੜਿਆਂ ਵਿਚੋਂ ਖ਼ੂਨ ਆਉਣਾ ਬੰਦ ਹੋ ਜਾਂਦਾ ਹੈ। ਪਾਲਕ ਦੇ ਰਸ ਵਿਚ ਲੱਸੀ ਮਿਲਾ ਕੇ ਪੀਣ ਨਾਲ ਪੀਲੀਆ ਰੋਗ ਦੂਰ ਹੁੰਦਾ ਹੈ ਅਤੇ ਭੁੱਖ ਵਧਦੀ ਹੈ। ਪਾਲਕ ਹੱਡੀਆਂ ਅਤੇ ਦੰਦਾਂ ਦੀ ਮਜ਼ਬੂਤੀ ਲਈ ਬਹੁਤ ਫਾਇਦੇਮੰਦ ਹੈ। ਜੇਕਰ ਦੰਦਾਂ ਨਾਲ ਜੁੜੀ ਬਿਮਾਰੀ ਪਾਇਰੀਆ ਹੈ ਤਾਂ ਲਗਾਤਾਰ ਖਾਲੀ ਪੇਟ ਪਾਲਕ ਦਾ ਰਸ ਪੀਣ ਨਾਲ ਇਹ ਸਮੱਸਿਆ ਦੂਰ ਹੋ ਜਾਂਦੀ ਹੈ। ਮੋਟਾਪੇ ਤੋਂ ਪੀੜਤ ਲੋਕਾਂ ਲਈ ਪਾਲਕ ਕਾਫੀ ਲਾਹੇਵੰਦ ਸਾਬਤ ਹੁੰਦੀ ਹੈ। ਪਾਲਕ ਦੇ ਰਸ ਵਿਚ ਸੰਗਤਰੇ ਅਤੇ ਗਾਜਰ ਦਾ ਰਸ ਮਿਲਾ ਕੇ ਪੀਣ ਨਾਲ ਨਿਊਟਰੀਸ਼ਨਜ਼ ਮਿਲਦੇ ਹਨ। ਇਸ ਨਾਲ ਸਰੀਰ ਵਿਚੋਂ ਚਰਬੀ ਘਟਣ ਲਗਦੀ ਹੈ। ਪਾਲਕ ਦੀ ਲਗਾਤਾਰ ਵਰਤੋਂ ਨਾਲ ਅੱਖਾਂ ਦੀ ਰੌਸ਼ਨੀ ਵਧਦੀ ਹੈ। ਪਾਲਕ ਵਿਚ ਪਾਏ ਜਾਣ ਵਾਲੇ 'ਗਲਾਈਕੋਸਾਈਕਲੋਪਿਡਸ' ਪਾਚਣਤੰਤਰ ਨੂੰ ਮਜ਼ਬੂਤ ਬਣਾਉਣ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਨਾਲ ਪੇਟ ਨਾਲ ਜੁੜੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਹੁੰਦਾ ਹੈ।

## ਨੌਜਵਾਨਾਂ ਨੂੰ ਚਾਹੀਦੀ ਹੈ ਵਿਸ਼ੇਸ਼ ਖ਼ੁਰਾਕ

ਲੇਖਕ : ਨੀਤੂ ਗੁਪਤਾ

ਜਵਾਨ ਉਮਰ ਵਿਚ ਭਾਵੇਂ ਲੜਕਾ ਹੋਵੇ ਜਾਂ ਲੜਕੀ, ਦੋਵਾਂ ਨੂੰ ਹੀ ਵਿਸ਼ੇਸ਼ ਖ਼ੁਰਾਕ ਦੀ ਲੋੜ ਹੁੰਦੀ ਹੈ। ਜੇ ਇਸ ਉਮਰ ਵਿਚ ਪੌਸ਼ਟਿਕ ਖ਼ੁਰਾਕ ਲੈਣ ਦੀ ਆਦਤ ਪਾ ਲਈ ਜਾਵੇ ਤਾਂ ਉਹ ਆਪਣਾ ਅਗਲਾ ਜੀਵਨ ਤੰਦਰੁਸਤ ਬਣਾ ਸਕਦੇ ਹਨ। ਮਾਹਰਾਂ ਨੇ ਲੜਕੇ ਅਤੇ ਲੜਕੀਆਂ ਲਈ ਵੱਖ-ਵੱਖ ਤਰ੍ਹਾਂ ਦੀ ਖ਼ੁਰਾਕ ਦਾ ਸੁਝਾਅ ਦਿੱਤਾ ਹੈ।

**ਲੜਕਿਆਂ ਲਈ ਖ਼ੁਰਾਕ**

ਅੱਲ੍ਹੜ ਉਮਰ ਵਾਲਿਆਂ ਲਈ ਜੰਕ ਫੂਡ ਬੜਾ ਨੁਕਸਾਨਦੇਹ ਹੁੰਦਾ ਹੈ, ਭਾਵੇਂ ਉਹ ਲੜਕੇ ਹੋਣ ਜਾਂ ਲੜਕੀਆਂ। ਇਸ ਉਮਰ ਦੇ ਲੜਕੇ ਜੰਕ ਫੂਡ ਦੇ ਕੁਝ ਜ਼ਿਆਦਾ ਹੀ ਸ਼ੌਕੀਨ ਹੁੰਦੇ ਹਨ। ਜੰਕ ਫੂਡ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਜੇ ਖਾਣਾ ਵੀ ਪਵੇ ਤਾਂ ਪਾਸਤਾ ਜਾਂ ਬਰਾਊਨ ਬ੍ਰੈੱਡ ਸੈਂਡਵਿਚ ਹੀ ਖਾਓ।

ਜਿਵੇਂ ਲੜਕੀਆਂ ਨੂੰ ਮਾਂਹਵਾਰੀ ਦੌਰਾਨ ਆਇਰਨ ਦੀ ਲੋੜ ਹੁੰਦੀ ਹੈ। ਲੜਕਿਆਂ ਨੂੰ ਮਸਲ ਬਣਾਉਣ ਲਈ ਕਸਰਤ ਜ਼ਿਆਦਾ ਕਰਨੀ ਪੈਂਦੀ ਹੈ, ਇਸ ਲਈ ਉਨ੍ਹਾਂ ਨੂੰ ਵੀ ਆਇਰਨ ਦੀ ਲੋੜ ਹੁੰਦੀ ਹੈ। ਭੋਜਨ ਵਿਚ ਆਇਰਨ ਦਾ ਖ਼ਾਸ ਧਿਆਨ ਰੱਖੋ। ਇਸ ਲਈ ਆਲੂ, ਸੁੱਕੇ ਮੇਵੇ, ਹਰੀਆਂ ਸਬਜ਼ੀਆਂ ਅਤੇ ਬੀਂਸ ਖਾਓ। ਲੜਕਿਆਂ ਲਈ ਜ਼ਿੰਕ ਤੱਤ ਬਹੁਤ ਜ਼ਰੂਰੀ ਹੁੰਦਾ ਹੈ, ਕਿਉਂਕਿ ਇਹ ਤੱਤ ਸਰੀਰਕ ਤਾਕਤ ਵਧਾਉਣ ਵਿਚ ਮਦਦ ਕਰਦਾ ਹੈ। ਇਸ ਲਈ ਜ਼ਿੰਕ ਵਾਲੇ ਭੋਜਨ ਖਾਓ ਜਿਵੇਂ ਸ਼ੇਲ ਮੱਛੀ ਅਤੇ ਦੂਜੀ ਮੱਛੀ ਆਦਿ।

**ਲੜਕੀਆਂ ਲਈ ਖ਼ੁਰਾਕ**

ਜਵਾਨੀ ਵਿਚ ਭਾਰ ਇਕਦਮ ਵਧਣ ਲਗਦਾ ਹੈ। ਇਸ ਲਈ ਸਰਗਰਮ ਰਹੋ ਭਾਵ ਸਰੀਰਕ ਹਿਲਜੁਲ ਬਣਾਈ ਰੱਖੋ ਅਤੇ ਕਾਰਬੋਹਾਈਡ੍ਰੇਟ ਵਾਲਾ ਭੋਜਨ ਲਓ ਜਿਵੇਂ ਕਣਕ ਦੀ ਰੋਟੀ, ਚੌਲ, ਫਲ-ਸਬਜ਼ੀ ਆਦਿ।

ਇਸ ਉਮਰ ਵਿਚ ਕੱਦ ਵਧਦਾ ਹੈ। ਕੱਦ ਵਧਾਉਣ ਲਈ ਕੈਲਸ਼ੀਅਮ ਵਾਲੇ ਭੋਜਨ ਵੱਲ ਖ਼ਾਸ ਧਿਆਨ ਦਿਓ ਜਿਵੇਂ ਦੁੱਧ, ਦਹੀਂ, ਪਨੀਰ ਆਦਿ। ਬਿਨਾਂ ਫੈਟ ਵਾਲਾ ਦੁੱਧ ਹੀ ਪੀਓ ਅਤੇ ਇਸ ਤੋਂ ਬਣੇ ਦੁੱਧ ਦੇ ਪਦਾਰਥ ਵੀ ਖਾਓ।

ਇਸ ਉਮਰ ਵਿਚ ਹੀ ਲੜਕੀਆਂ ਨੂੰ ਮਾਂਹਵਾਰੀ ਦੀ ਸ਼ੁਰੂਆਤ ਹੁੰਦੀ ਹੈ, ਜਿਸ ਨਾਲ ਸਰੀਰ ਵਿਚ ਆਇਰਨ ਦੀ ਕਮੀ ਦਾ ਡਰ ਬਣਿਆ ਰਹਿੰਦਾ ਹੈ। ਇਸ ਉਮਰ ਦੀਆਂ ਲੜਕੀਆਂ ਨੂੰ ਆਇਰਨ ਵਾਲੀ ਖ਼ੁਰਾਕ ਦੀ ਲੋੜ ਹੁੰਦੀ ਹੈ ਤਾਂ ਕਿ ਉਹ ਖ਼ੁਦ ਨੂੰ ਅਨੀਮੀਆ ਤੋਂ ਬਚਾ ਸਕਣ। ਅਨੀਮੀਆ ਤੋਂ ਬਚਣ ਲਈ ਰੋਜ਼ਾਨਾ ਦੇ ਭੋਜਨ ਵਿਚ ਬੀਂਸ, ਆਲੂ, ਜੌਂ, ਕਿਸ਼ਮਿਸ਼, ਕਾਲੇ ਭੁੱਜੇ ਛੋਲੇ ਸ਼ਾਮਿਲ ਕਰਨੇ ਚਾਹੀਦੇ ਹਨ।

ਤਲੀਆਂ ਚੀਜ਼ਾਂ, ਪੇਸਟਰੀ ਅਤੇ ਮਠਿਆਈਆਂ ਤੋਂ ਫੈਟ ਲੈਣਾ ਸਰੀਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸ ਲਈ ਇਨ੍ਹਾਂ ਚੀਜ਼ਾਂ ਤੋਂ ਫੈਟ ਨਾ ਲੈ ਕੇ ਹੈਲਦੀ ਫੈਟ ਲਓ ਜਿਵੇਂ ਟੂਨਾ, ਸਾਲਮਨ ਅਤੇ ਸਾਰਡਿਨ ਮੱਛੀ ਆਦਿ।

ਇਸ ਉਮਰ ਵਿਚ ਸਵੇਰ ਦਾ ਭੋਜਨ ਜ਼ਰੂਰ ਕਰਨਾ ਚਾਹੀਦਾ ਹੈ। ਸਵੇਰ ਦੇ ਭੋਜਨ ਵਿਚ ਪੌਸ਼ਟਿਕ ਤੱਤ ਜ਼ਰੂਰ ਹੋਣੇ ਚਾਹੀਦੇ ਹਨ। ਇਹ ਤੱਤ ਦਲੀਆ, ਦੁੱਧ, ਅੰਡਾ, ਬਰਾਊਨ ਬ੍ਰੈੱਡ, ਬਰਾਊਨ ਬ੍ਰੈੱਡ ਬਟਰ, ਬਰਾਊਨ ਬ੍ਰੈੱਡ ਸੈਂਡਵਿਚ, ਉਪਮਾ, ਪੋਹਾ, ਇਡਲੀ ਆਦਿ ਵਿਚੋਂ ਮਿਲ ਜਾਂਦੇ ਹਨ, ਜੋ ਹਲਕੇ ਵੀ ਹਨ ਅਤੇ ਪੌਸ਼ਟਿਕ ਵੀ।

ਵਿਟਾਮਿਨ ਏ ਨਾਲ ਭਰਪੂਰ ਭੋਜਨ ਪਦਾਰਥ ਖਾਓ ਜਿਵੇਂ ਸੰਤਰਾ, ਗਾਜਰ, ਟਮਾਟਰ, ਤਰਬੂਜ਼ ਆਦਿ। ਇਨ੍ਹਾਂ ਨੂੰ ਖਾਣ ਨਾਲ ਚਿਹਰੇ 'ਤੇ ਕਿੱਲ ਮੁਹਾਂਸੇ ਨਹੀਂ ਹੋਣਗੇ।

ਇਸ ਉਮਰ ਵਿਚ ਕਬਜ਼ ਦੀ ਸਮੱਸਿਆ ਵੀ ਆਮ ਰਹਿੰਦੀ ਹੈ। ਕਬਜ਼ ਦੂਰ ਕਰਨ ਲਈ ਰੇਸ਼ੇਦਾਰ ਭੋਜਨ ਅਤੇ ਚੋਕਰ ਛਾਣ ਬੂਰੇ ਵਾਲੇ ਆਟੇ ਦੀ ਰੋਟੀ, ਸੰਤਰਾ, ਮੌਸਮੀ, ਪਪੀਤਾ ਆਦਿ ਦੀ ਵਰਤੋਂ ਕਰੋ, ਤਾਂ ਕਿ ਪੇਟ ਆਸਾਨੀ ਨਾਲ ਸਾਫ਼ ਹੋ ਜਾਏ।

ਇਨ੍ਹਾਂ ਭੋਜਨ ਸੰਬੰਧੀ ਸੁਝਾਵਾਂ ਨੂੰ ਅਪਣਾ ਕੇ ਜਵਾਨੀ ਅਤੇ ਆਉਣ ਵਾਲੇ ਸਮੇਂ ਨੂੰ ਸੌਖੇ ਢੰਗ ਨਾਲ ਬਿਤਾਇਆ ਜਾ ਸਕਦਾ ਹੈ।



# ਬਾਤ ਬਤੰਗੜ

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113



ਸੱਥ ਵਿੱਚ ਤਾਸ਼ ਖੇਡਣ ਵਾਲਿਆਂ 'ਚ ਪਏ ਰੌਲੇ ਨੂੰ ਸੁਣ ਕੇ ਸੱਥ 'ਚ ਬੈਠੇ ਸਾਰਿਆਂ ਦਾ ਧਿਆਨ ਉਨ੍ਹਾਂ ਵੱਲ ਇਉਂ ਲੱਗਿਆ ਹੋਇਆ ਸੀ ਜਿਵੇਂ ਲੋਕ ਮੇਲੇ 'ਚ ਲੱਗੀ ਸਰਕਸ ਦੀ ਉਤਲੇ ਗੇੜ ਵਾਲੀ ਚੰਡੋਲ ਝੂਟਦੀਆਂ ਚੀਕਾਂ ਮਾਰਦੀਆਂ ਦੋ ਬੁੜ੍ਹੀਆਂ ਵੱਲ ਵੇਖੀ ਜਾਂਦੇ ਹੋਣ। ਝਿੰਫਾਂ ਦੇ ਕਰਤਾਰੇ ਕਾ ਫੈਨੀ ਤਾਸ਼ ਖੇਡਣ ਵਾਲਿਆਂ ਦੀ ਢਾਣੀ ਦੇ ਵਿਚਾਲੇ ਤਾਸ਼ ਹੱਥ 'ਚ ਫੜ੍ਹੀ ਬੈਠਾ ਇਉਂ ਲੱਗਦਾ ਸੀ ਜਿਵੇਂ ਕਾਵਾਂ ਨੇ ਉੱਲੂ ਘੇਰਿਆ ਹੁੰਦਾ। ਏਨੇ ਚਿਰ ਨੂੰ ਜਿਉਂ ਹੀ ਨਾਥਾ ਅਮਲੀ ਸੱਥ 'ਚ ਆਇਆ ਤਾਂ ਫੈਨੀ ਨੂੰ ਤਾਸ਼ ਵਾਲਿਆਂ ਦੀ ਟੋਲੀ ਦੇ ਵਿਚਾਲੇ ਬੈਠੇ ਨੂੰ ਵੇਖ ਕੇ ਕਹਿੰਦਾ,

"ਤੂੰ ਕਿਮੇਂ ਅੱਜ ਇਨ੍ਹਾਂ ਦੇ ਵਚਾਲੇ ਇਉਂ ਵੜਿਆ ਬੈਠੈਂ ਓਏ ਜਿਮੇਂ ਪੱਠਿਆਂ ਆਲੇ ਟੋਕਰੇ 'ਚ ਮੱਝ ਦਾ ਫੋਸ ਪਿਆ ਹੁੰਦਾ। ਤਾਸ਼ ਖੇਡਣ ਪਿੱਛੇ ਤਾਂ ਨੀ ਕਿਤੇ ਰੌਲਾ ਪੈ ਗਿਆ?"

ਸੀਤਾ ਮਰਾਸੀ ਕਹਿੰਦਾ, "ਰੌਲੇ ਅਰਗਾ ਰੌਲਾ! ਇਹ ਫੈਨੀ ਤਾਸ਼ ਖੇਡਦੇ ਤੋਂ ਕਿਤੇ ਪੱਤਾ ਪੁੱਠਾ ਕੋਈ ਗਲਤ ਫਲਤ ਸਿੱਟਿਆ ਗਿਆ, ਉਹਦੇ ਪਿੱਛੇ ਇਨ੍ਹਾਂ 'ਚ ਬੂ-ਬੂ ਹੋ ਗੀ। ਛੁਰਲੀ ਛੱਡਾਂ ਦਾ ਭਾਨੀ ਕਿਤੇ ਫੈਨੀ ਤੋਂ ਪੱਤੇ ਖੋਹ ਕੇ ਕਹਿੰਦਾ, 'ਉਰ੍ਹਾਂ ਫੜਾ ਓਏ ਪੱਤੇ, ਖੇਡਣਾ ਨੀ ਆਉਂਦਾ ਵਾਸਤਾ ਨੀ, ਤਾਸ਼ ਇਉਂ ਚੱਕ ਲੈਂਦੇ ਐ ਜਿਮੇਂ ਭਾਗੀ ਕਿਆਂ ਆਲੇ ਵਜੀਰੀ ਜੁਆਰੀਏ ਦੇ ਚੇਲੇ ਹੁੰਦੇ ਐ'। ਏਸ ਗੱਲ ਪਿੱਛੇ ਫੈਨੀ ਭਾਨੀ ਤੋਂ ਤਾਸ਼ ਖੋਹ ਕੇ ਹੁਣ ਇਨ੍ਹਾਂ ਦੇ ਵਚਾਲੇ ਇਉਂ ਬਹਿ ਗਿਆ ਜਿਮੇਂ ਪਕਾਹ ਦੇ ਟੀਂਡਿਆਂ 'ਚ ਕਤੂਰਾ ਬੈਠਾ ਹੁੰਦਾ। ਕਹਿੰਦਾ ਨਾ ਖੇਡਾਂ ਨਾ ਹੁਣ ਖੇਡਣ ਦੇਮਾਂ ਆਹ ਗੱਲ ਐ। ਅਸੀਂ ਤਾਂ ਸਾਰਿਆਂ ਨੇ ਜੋਰ ਲਾ ਲਿਆ ਬਈ ਖੇਡ ਲੈਣ ਦੇ ਇਨ੍ਹਾਂ ਨੂੰ। ਹੁਣ ਤੂੰ ਵੀ ਆਵਦੀ ਛੁਰਲੀ ਛੱਡਕੇ ਵੇਖ ਲਾ ਬਈ ਕਿਮੇਂ ਹੋਣੀ ਚਾਹੀਦੀ ਐ?"

ਨਾਥਾ ਅਮਲੀ ਗੱਲ ਸੁਣ ਕੇ ਫੈਨੀ ਨੂੰ ਕਹਿੰਦਾ, "ਹੁਣ ਆਥਣ ਤੱਕ ਨਾ ਉੱਠੀਂ ਫੈਨਾ ਸਿਆਂ। ਲੰਗਰ ਪਾਣੀ ਵੀ ਐਥੇ ਈ ਮੰਗਾਅ ਲੀਂ। ਨਾਲੇ ਤੂੰ ਕਿਹੜਾ ਡੰਗਰਾਂ ਨੂੰ ਸੰਨ੍ਹੀ ਕਰਨੀ ਐ ਘਰੇ ਜਾ ਕੇ। ਅੱਬਲ ਤਾਂ ਲੰਗਰ ਪਾਣੀ ਤੇਰਾ ਮੈਂ ਲਿਆ ਦੂੰ ਤੈਨੂੰ।"

ਬਾਬਾ ਚੰਨਣ ਸਿਉਂ ਅਮਲੀ ਨੂੰ ਕਹਿੰਦਾ, "ਆਵਦੇ ਘਰੋਂ ਲਿਆ ਕੇ ਦੇਮੇਂ ਗਾ ਕੁ ਫੈਨੀ ਕੇ ਘਰੋਂ?"

ਸੀਤਾ ਮਰਾਸੀ ਕਹਿੰਦਾ, "ਫੈਨੀ ਕਿਉਂ ਈਂ ਲਿਆ ਕੇ ਦੇਊ, ਨਾਲੇ ਦੋ ਪ੍ਰਸ਼ਾਦੇ ਅਮਲੀ ਆਪ ਛਕਿਆਊ।"

ਮਰਾਸੀ ਦੀ ਗੱਲ ਸੁਣ ਕੇ ਅਮਲੀ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਮਰਾਸੀ ਵੱਲ ਦਿਮਾਗ਼ 'ਚ ਪਏ ਫਰੜ ਵਾਂਗੂੰ ਝਾਕ ਕੇ ਕਹਿੰਦਾ, "ਮੈਂ ਮਰਾਸੀਂ ਆਂ ਓਏ। ਸਾਲਿਆ ਕੱਟੇ ਨਾਸਿਆ ਜਿਆ, ਕਦੇ ਚੱਜ ਦੀ ਗੱਲ ਵੀ ਕਰ ਲਿਆ ਕੋਈ। ਇਹ ਤਾਂ ਸੋਨੂੰ ਈਂ ਆਦਤ ਐ ਮੰਗ ਕੇ ਖਾਣ ਦੀ। ਸਾਰਾ ਟੱਬਰ ਖਾਣ ਪੀਣ ਦਾ ਮਾਰਾ ਤੜਕੇ ਈ ਘਰੋਂ ਨਿੱਕਲ ਕੇ ਲੋਕਾਂ ਦੇ ਘਰਾਂ 'ਚ ਇਉਂ ਵੜਦਾ ਫਿਰੂ ਜਿਮੇਂ ਸਾਨ੍ਹ ਤੋਂ ਡਰਦਾ ਸਾਨ੍ਹ ਭੱਜਿਆ ਫਿਰਦਾ ਕਦੇ ਕਿਸੇ ਦੇ ਘਰੇ ਵੜ ਜਾਂਦਾ ਕਦੇ ਕਿਸੇ ਦੇ। ਲੋਕ ਲਾਲਾ ਲਾਲਾ ਕਰਕੇ ਘਰੋਂ ਮੋੜ ਦਿੰਦੇ ਐ। ਓਮੇਂ ਸੋਡੇ ਨਾਲ ਹੁੰਦੀ ਐ। ਆਹ ਪਿੱਛੇ ਜੇ ਕੇਰਾਂ ਜਦੋਂ ਇਨ੍ਹਾਂ ਦੀ ਬੁੜ੍ਹੀ ਇੱਕ ਦਿਨ ਘੁੱਲੇ ਸਰਪੈਂਚ ਕੇ ਘਰੇ ਗਈ ਤਾਂ ਜਾ ਕੇ ਸਰਪੈਂਚਣੀ ਨੂੰ ਕਹਿੰਦੀ 'ਅੱਜ ਤਾਂ ਮਿੱਠੇ ਦੀ ਵਾਸ਼ਣਾ ਆਉਂਦੀ ਐ ਪ੍ਰਭਾ ਸੋਡੇ ਘਰੋਂ, ਮੱਸਿਆ ਪੁੰਨਿਆਂ ਦਾ ਦਿਹਾੜਾ ਅੱਜ ਕੋਈ ਕੁ ਕੋਈ ਪ੍ਰਾਹੁਣਾ ਧ੍ਰਾਹੁਣਾ ਆਇਆ ਵਿਆ'?"

ਬੁੱਘਰ ਦਖਾਣ ਕਹਿੰਦਾ, "ਸਰਪੈਂਚ ਦੀ ਮਾਂ ਨੇ ਮਰਾਸਣ ਨੂੰ ਚੜ੍ਹਾਇਆ ਨੀ ਫਿਰ ਕੀੜਿਆਂ ਆਲੇ ਜੰਡ 'ਤੇ?"

ਅਮਲੀ ਹੱਸ ਕੇ ਕਹਿੰਦਾ, "ਜੰਡ ਛੱਡ ਬੁੜ੍ਹੀ ਨੇ ਮਰਾਸਣ ਲਾ 'ਤੀ ਬਰਫ 'ਚ। ਜਦੋਂ ਮਰਾਸਣ ਜਾ ਕੇ ਸਰਪੈਂਚਣੀ ਕੋਲੇ ਬੈਠੀ ਤਾਂ ਸਰਪੈਂਚ ਦੀ ਮਾਂ ਨੇ ਮਰਾਸਣ ਨੂੰ ਕੋਲੇ ਆ ਕੇ ਪੁੱਛਿਆ 'ਸਜਾਦੀਏ ਕੀ ਆਖਿਆ ਸੀ ਤੂੰ'? ਅਕੇ ਮਰਾਸਣ ਕਹਿੰਦੀ 'ਮੈਂ ਤਾਂ ਕਿਹਾ ਸੀ ਅੱਜ ਤਾਂ ਮਿੱਠੇ ਦੀ ਸਗੰਧੀ ਆਉਂਦੀ ਐ ਸੋਡੇ ਚੁੱਲ੍ਹੇ ਤੋਂ'। ਸਰਪੈਂਚ ਦੀ ਮਾਂ ਬਾਬਾ ਵੇਖ ਲਾ ਗੱਲ ਚੱਕਣ ਨੂੰ ਵੀਹਾਂ ਅਰਗੀ ਐ। ਮਰਾਸਣ ਦਾ ਮੋਢਾ ਝੰਜੋਲ ਕੇ ਕਹਿੰਦੀ 'ਨੀ ਸੁਣ ਨੀ ਵੱਡੀਏ ਮਜਾਜਣੇ, ਸਾਡੇ ਚੁੱਲ੍ਹੇ 'ਤੇ ਮਰਾਸੀ ਦਾ ਕੀ ਕੰਮ। ਇਨ੍ਹਾਂ ਦਾ ਬਾਪੂ ਜੀ ਤਾਂ ਸਾਡੇ ਆਵਦੇ ਜੁਆਕਾਂ ਨੂੰ ਨੀ ਚੁੱਲ੍ਹੇ ਦੇ ਨੇੜੇ ਹੋਣ ਦਿੰਦਾ, ਬਗਾਨੇ ਬੰਦੇ ਦਾ ਕੀ ਕੰਮ ਸਾਡੇ ਚੌਂਤਰੇ 'ਤੇ। ਏਥੇ ਹੈਨ੍ਹੀ ਮਿੱਠਾ ਮੁੱਠਾ। ਤੂੰ ਆਵਦਾ ਕਿਤੇ ਹੋਰ ਭਾਲ ਆਵਦੇ ਪਤੰਦਰ ਨੂੰ'। ਜਦੋਂ ਮਰਾਸਣ ਨੇ ਬਾਬਾ ਸਰਪੈਂਚ ਦੀ ਮਾਂ ਨੂੰ ਹਰਖੀ ਵੇਖਿਆ ਤਾਂ ਮਰਾਸਣ ਸਰਪੈਂਚਾਂ ਦੇ ਘਰੋਂ ਇਉਂ ਭੱਜੀ ਜਿਮੇਂ ਰੋਟੀਆਂ ਲਾਹੁਣ ਆਈਆਂ ਬੁੜ੍ਹੀਆਂ ਤੋਂ ਡਰ ਕੇ ਕਤੂਰਾ ਤੰਦੂਰ 'ਚੋਂ ਨਿੱਕਲ ਕੇ ਭੱਜਦਾ ਹੁੰਦਾ। ਸੱਥ 'ਚ ਆ ਕੇ ਇਹ ਗੱਲਾਂ ਕਰੂ ਜਿਮੇਂ ਮੋਦੀ ਸਿਉਂ ਲੱਗਿਆ ਹੁੰਦਾ।"




ਅਰਜਨ ਬੁੜ੍ਹਾ ਅਮਲੀ ਦੀ ਗੱਲ ਸੁਣ ਕੇ ਹੱਸ ਕੇ ਕਹਿੰਦਾ, "ਸਮਝ ਨੀ ਆਈ ਯਾਰ ਬਈ ਸਰਪੈਂਚ ਦੀ ਮਾਂ ਮਾੜੀ ਜੀ ਗੱਲ ਪਿੱਛੇ ਐਨਾ ਖਪੇ ਖੁਨ ਕਿਉਂ ਹੋ ਗੀ ਮਰਾਸਣ 'ਤੇ? ਜੇ ਸਰਪੈਂਚਾਂ ਨੇ ਕੋਈ ਮਿੱਠਾ ਮੁੱਠਾ ਬਣਾਇਆ ਸੀ ਤਾਂ ਭੋਰਾ ਮਰਾਸਣ ਨੂੰ ਦੇ ਦਿੰਦੇ। ਫਿਰ ਵੀ ਆਪਣੇ ਪਿੰਡ ਦੇ ਮਰਾਸੀ ਐ। ਉਂ ਤਾਂ ਸਰਪੈਂਚਾਂ ਦਾ ਬੁੜ੍ਹਾ ਹਰੇਕ ਲੋਹੜੀ ਨੂੰ ਲੰਗਰ ਲਾਉਂਦਾ, ਮਰਾਸਣ ਨੂੰ ਮਿੱਠੇ ਦਾ ਭੋਰਾ ਨੀ ਦਿੱਤਾ।"

ਨਾਥਾ ਅਮਲੀ ਅਰਜਨ ਬੁੜ੍ਹੇ ਦੀ ਦਿੱਤੀ ਸਲਾਹ 'ਤੇ ਬੁੜ੍ਹੇ ਨੂੰ ਇਉਂ ਝੱਪਟ ਕੇ ਪਿਆ ਜਿਮੇਂ ਲਗੜ ਗਟ੍ਹਾਰਾਂ ਨੂੰ ਪੈਂਦਾ ਹੁੰਦਾ। ਕਹਿੰਦਾ,

"ਕਿੱਥੇ ਰਹਿੰਨੈਂ ਬੁੜ੍ਹਿਆ ਯਾਰ ਤੂੰ? ਤੂੰ ਗੱਲ ਨੂੰ ਸਮਝਿਆ ਕਰ। ਇਹ ਜਿਹੜੀ ਮਰਾਸਣ ਆਲੀ ਸਰਪੈਂਚਾਂ ਦੇ ਘਰ ਦੀ ਕਹਾਣੀ ਐਂ, ਇਹ ਤਾਂ ਉਹ ਗੱਲ ਐ ਜਿਮੇਂ ਓਧਰਲੇ ਵੇਹੜੇ ਆਲੇ ਸੰਤੇ ਗੰਤੇ ਜੌੜੇ ਭਰਾਮਾਂ ਦੇ ਜੌੜੀਆਂ ਭੈਣਾਂ ਨਾਲ ਵਿਆਹ ਹੋ ਗੇ। ਏਧਰ ਤਾਂ ਇੰਨ੍ਹਾਂ ਦੋਮੇਂ ਭਰਾਮਾਂ ਦੀ ਸਿਆਣ ਨਾ ਆਵੇ ਸਹੁਰਿਆਂ ਨੂੰ ਬਈ ਕਿਹੜਾ ਸੰਤਾ ਇੰਨ੍ਹਾਂ 'ਚ ਕਿਹੜਾ ਗੰਤਾ। ਓਧਰ ਸੰਤੇ ਗੰਤੇ ਕਿਆਂ ਨੂੰ ਉਨ੍ਹਾਂ ਦੋਨਾਂ ਭੈਣਾਂ ਦੀ ਪਛਾਣ ਨਾ ਆਵੇ ਬਈ ਕਿਹੜੀ ਸੀਤੀ ਐ ਤੇ ਕਿਹੜੀ ਗੀਤੀ ਐ। ਨਾ ਇਹ ਪਤਾ ਲੱਗੇ ਬਈ ਕਿਹੜੀ ਸੰਤੇ ਦੇ ਘਰੋਂ ਐਂ ਤੇ ਕਿਹੜੀ ਗੰਤੇ ਦਿਉਂ ਐਂ। ਜਦੋਂ ਤਾਂ ਸੰਤਾ ਆਵਦੇ ਆਲੀ ਬਹੂ ਨੂੰ ਲੈਣ ਜਾਵੇ ਤਾਂ ਉਦੋਂ ਬੁੜ੍ਹੀ ਨੂੰ ਇਹ ਨਾ ਪਤਾ ਲੱਗੇ ਬਈ ਇਹਦੇ ਨਾਲ ਕਿਹੜੀ ਨੂੰ ਤੋਰੀਏ। ਜਦੋਂ ਬਹੂਆਂ ਦਾ ਪਿਉ ਇੱਕ ਨੂੰ ਛੱਡਣ ਆਵੇ ਤਾਂ ਸੰਤੇ ਗੰਤੇ ਦੀ ਮਾਂ ਸੋਚੀਂ ਪੈ ਜੇ ਬਈ ਕਿਹੜੇ ਦੇ ਘਰੋਂ ਐਂ ਇਹੇ। ਨਮੇਂ ਨਮੇਂ ਵਿਆਹ ਹੋਏ ਸੀ ਇੱਕ ਦੋ ਵਾਰ 'ਚ ਕਾਹਦੀ ਸਿਆਣ ਆਉਣੀ ਸੀ। ਕਿੰਨ੍ਹਾਂ ਈਂ ਚਿਰ ਭਾਈਚਾਰਿਆਂ 'ਚ ਭਲੇਖੇ ਦਾ ਈ ਧੂਤਕੜਾ ਵੱਜੀ ਗਿਆ। ਉਹ ਗੱਲ ਮਰਾਸਣ ਤੇ ਸਰਪੈਂਚ ਦੀ ਮਾਂ ਨਾਲ ਹੋਈ। ਆਉਂਦੀ ਤਾਂ ਸਰਪੈਂਚਾਂ ਦੇ ਘਰੋਂ ਖੀਰ ਕੜ੍ਹਾਹ ਬਣਦੇ ਦੀਓ ਈ ਵਾਸ਼ਣਾ ਸੀ, ਮਰਾਸਣ ਵਚਾਰੀ ਨੇ ਤਾਂ ਲੱਖਣ ਲਾ ਈ ਲਿਆ ਸੀ ਬਈ ਕਿਸੇ ਮਿੱਠੇ ਬਣਦੇ ਦੀ ਵਾਸ਼ਣਾ ਆਉਂਦੀ ਐ, ਉਹਨੇ ਤਾਂ ਤਾਹੀਂ ਕਿਹਾ ਸੀ ਬਈ ਸੋਡੇ ਘਰੋਂ ਮਿੱਠੇ ਦੀ ਵਾਸ਼ਣਾ ਆਉਂਦੀ ਐ। ਸਰਪੈਂਚ ਦੀ ਮਾਂ ਸਮਝ ਗੀ ਬਈ ਕਿਤੇ ਮਰਾਸਣ ਟਿੱਚਰਾਂ ਕਰਦੀ ਐ ਬਈ ਮਿੱਠਾ ਸੋਡੇ ਘਰੇ ਐ ਕਿਉਂਕਿ ਮਰਾਸਣ ਦੇ ਘਰ ਆਲੇ ਮਰਾਸੀ ਦਾ ਨਾਉਂ ਮਿੱਠਾ ਮਰਾਸੀ ਐ। ਸੰਤੇ ਗੰਤੇ ਕਿਆਂ ਆਂਗੂੰ ਮਰਾਸਣ ਤੇ ਸਰਪੈਂਚ ਦੀ ਮਾਂ 'ਚ ਬਾਬਾ ਖਾਸਾ ਚਿਰ ਮੈਚ ਫਸਮਾਂ ਹੋਇਆ। ਅਖੀਰ ਜਦੋਂ ਸਰਪੈਂਚ ਦਾ ਪਿਉ ਸੁੱਚਾ ਸਿਉਂ ਬਾਹਰੋਂ ਆਇਆ ਉਹਨੇ ਸਾਰੀ ਗੱਲ ਸਮਝ ਕੇ ਮਸਲਾ ਹੱਲ ਕੀਤਾ। ਨਹੀਂ ਤਾਂ ਖਣੀ ਵੋਟਾਂ ਦੀ ਗਿਣਤੀ ਆਂਗੂੰ ਕਦੇ ਦੋ ਬੋਲ-ਕਬੋਲ ਉਹ ਵੱਧ ਕਹਿ ਜਿਆ ਕਰੇ ਕਦੇ ਉਹ। ਆਥਣ ਤੱਕ ਇਉਂ ਬੰਸਰੀ ਵੱਜੀ ਜਾਣੀ ਸੀ।"

ਮਰਾਸੀ ਤੇ ਅਮਲੀ ਦੀ ਲੜਾਈ ਦੀ ਗੱਲ ਨੂੰ ਟਾਲਣ ਲਈ ਬਾਬੇ ਚੰਨਣ ਸਿਉਂ ਨੇ ਅਮਲੀ ਨੂੰ ਪੁੱਛਿਆ, "ਮਰਾਸਣ ਆਲੀ ਕਹਾਣੀ ਤਾਂ ਨਾਥਾ ਸਿਆਂ ਸੁੱਚਾ ਸਿਉਂ ਨੇ ਹੱਲ ਕਰ 'ਤੀ, ਤੇ ਸੰਤੇ ਗੰਤੇ ਕਿਆਂ ਆਲੀ ਕਹਾਣੀ ਕਿਮੇਂ ਪੂਰ ਚੜ੍ਹੀ ਫਿਰ?"

ਅਮਲੀ ਕਹਿੰਦਾ, "ਉਹ ਮਸਲਾ ਬਾਬਾ ਵੱਡਾ ਸੀ। ਸੰਤਾ ਤੇ ਗੰਤਾ ਬਹੂਆਂ ਨੂੰ ਲੈਣ ਜਾਇਆ ਕਰਨ, ਉਹ ਤੋਰਿਆ ਨਾ ਕਰਨ। ਤੋਰਨ ਵੀ ਕੀ, ਸਿਆਣ ਤਾਂ ਆਉਂਦੀ ਨ੍ਹੀ ਸੀ ਬਈ ਸੀਤੀ ਦੇ ਘਰ ਆਲਾ ਕਿਹੜਾ ਤੇ ਗੀਤੀ ਦੇ ਕਿਹੜਾ। ਕਹਿੰਦੇ ਜਦੋਂ ਸੰਤਾ ਬਹੂ ਨੂੰ ਲੈਣ ਗਿਆ ਤਾਂ ਉਨ੍ਹਾਂ ਨੇ ਕੁੜੀ ਤੋਰੀ ਨਾ। ਤੀਜੇ ਕੁ ਦਿਨ ਗੰਤਾ ਜਾ ਵੜਿਆ। ਆਂਢਣਾਂ ਗੁਆਂਢਣਾਂ ਕਹਿਣ 'ਨੀ ਅੱਜ ਫੇਰ ਆ ਗਿਆ ਇਹੇ। ਉਹ ਵੀ ਅਖੀਰ ਮੁੜਿਆਇਆ। ਫੇਰ ਭਾਈ ਸੰਤੇ ਗੰਤੇ ਕੇ ਬੁੜ੍ਹੇ ਜੱਗਰ ਨੇ ਕਿਤੇ ਭਾਨ ਸਿਉਂ ਨੰਬਰਦਾਰ ਕੋਲੇ ਗੱਲ ਕੀਤੀ ਬਈ ਸਾਡੇ ਮੁੰਡਿਆਂ ਨਾਲ ਤਾਂ ਇਉਂ ਹੁੰਦੀ ਐ। ਕਿਮੇਂ ਕਰੀਏ ਮਸਲਾ ਹੱਲ? ਭਾਨ ਸਿਉਂ ਕਹਿੰਦਾ 'ਤੁਸੀਂ ਗਿਆਨੀ ਜੱਸਾ ਸਿਉਂ ਨੂੰ ਲੈ ਕੇ ਜਾਉ ਮੁੰਡੇ ਦੇ ਸਹੁਰੀਂ, ਕਿਉਂਕਿ ਗਿਆਨੀ ਜੀ ਵੀ ਉੱਥੇ ਵਿਆਹਿਆ ਵਿਆ, ਨਾਲੇ ਆਪਣੇ ਸਾਰੇ ਪਿੰਡ 'ਚੋਂ ਸਮਝਦਾਰ ਬੰਦਾ। ਸੋਡਾ ਮਸਲਾ ਉਹੀ ਹੱਲ ਕਰ ਸਕਦਾ, ਕਾਢੂ ਬੰਦਾ ਉਹੋ। ਜਦੋਂ ਗਿਆਨੀ ਜੱਸਾ ਸਿਉਂ ਨੂੰ ਜਾ ਕੇ ਗੱਲ ਦੱਸੀ ਤਾਂ ਗਿਆਨੀ ਜੀ ਸੰਤੇ ਗੰਤੇ ਤੇ ਜੱਗਰ ਨੂੰ ਨਾਲ ਲੈ ਕੇ ਸਹੁਰਿਆਂ ਨੂੰ ਤੁਰ ਪੇ। ਗਿਆਨੀ ਜੀ ਨੇ ਕੁੜੀਆਂ ਆਲੇ ਤੇ ਪਚੈਤ ਦੇ ਦੋ ਚਾਰ ਬੰਦੇ ਆਵਦੇ ਸਹੁਰਿਆਂ ਦੇ ਘਰੇ ਈ ਸੱਦ ਲੇ। ਜਦੋਂ ਆਹਮਣੇ ਸਾਹਮਣੀ ਸਾਰੀ ਗੱਲ ਹੋਈ ਤਾਂ ਗਿਆਨੀ ਜੀ ਕਹਿੰਦੇ 'ਹੁਣ ਭਾਈ ਫਿਰ ਤੁਸੀਂ ਮੇਰੀ ਮੰਨੋ। ਤੁਸੀਂ ਸੰਤੇ ਨਾਲ ਤਾਂ ਸੀਤੀ ਤੋਰੋ ਤੇ ਗੰਤੇ ਨਾਲ ਤੋਰੋ ਗੀਤੀ ਨੂੰ। ਉਨ੍ਹਾਂ ਨੇ ਬਾਬਾ ਫਿਰ ਇਉਂ ਈਂ ਕੀਤਾ। ਸੱਸੇ ਨਾਲ ਗਿਆਨੀ ਜੀ ਨੇ ਸੱਸਾ ਮਲਾ 'ਤਾ ਤੇ ਗੱਗੇ ਨਾਲ ਮਲਾ 'ਤਾ ਗੱਗਾ। 'ਕੱਠੀਆਂ ਤੋਰੀਆਂ ਫਿਰ ਜਿਮੇਂ ਵਿਆਹ ਵੇਲੇ ਤੋਰੀਆਂ ਸੀ। ਏਨੇ 'ਚ ਅਗਲਿਆਂ ਦਾ ਮਸਲਾ ਹੱਲ ਹੋ ਗਿਆ। ਇਉਂ ਸੰਤੇ ਗੰਤੇ ਕਿਆਂ ਦੀ ਰਾਮ ਕਹਾਣੀ ਐ।

ਮਖਤਿਆਰੇ ਕੇ ਦੇਬੂ ਨੇ ਫੇਰ ਪਾ 'ਤਾ ਮਚਦੀ 'ਤੇ ਤੇਲ। ਕਹਿੰਦਾ, "ਮਰਾਸੀ ਆਲੀ ਗੱਲ ਪਤੰਦਰਾ ਵਿੱਚੇ ਈ ਛੱਡ 'ਤੀ, ਉਹ ਵੀ ਲਾ ਦੇ ਹੁਣ ਸਿਰੇ।"

ਦੇਬੂ ਦੀ ਗੱਲ ਸੁਣ ਕੇ ਬਾਬਾ ਚੰਨਣ ਸਿਉਂ ਦੇਬੂ ਨੂੰ ਕਹਿੰਦਾ, "ਤੇਰੀ ਵੀ ਸੁਣੀਏ ਫਿਰ ਅਮਲੀ ਤੋਂ ਬੱਕਰੀ ਆਲੀ?" ਬੱਕਰੀ ਦੇ ਨਾਅ ਨੂੰ ਦੇਬੂ ਸੱਥ 'ਚੋਂ ਉੱਠਕੇ ਇਉਂ ਭੱਜ ਗਿਆ ਜਿਮੇਂ ਤੂੜੀ ਵਾਲੀ ਸਬ੍ਹਾਤ 'ਚ ਤਾੜਿਆ ਕੁੱਤਾ ਕੁੱਟ ਤੋਂ ਡਰਦਾ ਭੱਜ ਜਾਂਦਾ ਹੁੰਦਾ। ਦੇਬੂ ਨੂੰ ਸੱਥ 'ਚੋਂ ਜਾਂਦੇ ਨੂੰ ਵੇਖ ਕੇ ਬਾਬਾ ਚੰਨਣ ਸਿਉਂ ਕਹਿੰਦਾ,

"ਚੱਲੋ ਯਾਰ ਆਪਾਂ ਵੀ ਹੁਣ ਚਾਹ ਪਾਣੀ ਪੀ ਆਈਏ, ਫੇਰ ਆਉਣੇ ਆਂ ਮੁੜ ਕੇ।" ਜਿਉਂ ਹੀ ਬਾਬਾ ਚੰਨਣ ਸਿਉਂ ਸੱਥ 'ਚੋਂ ਉੱਠ ਕੇ ਘਰ ਨੂੰ ਤੁਰਿਆ ਤਾਂ ਬਾਕੀ ਦੇ ਵੀ ਦੇਬੂ ਦੀ ਬੱਕਰੀ ਆਲੀ ਗੱਲ ਕਰਦੇ-ਕਰਦੇ ਆਪੋ ਆਪਣੇ ਘਰਾਂ ਨੂੰ ਤੁਰ ਗਏ।

# 'ਫਰਕ'

ਲੇਖਕ : ਹਰਦੀਪ ਸਿੰਘ ਸੋਢੀ ਫੋਨ: 480-794-0325

ਇੱਥੇ ਫਰਕ ਤੋਂ ਮੇਰੀ ਮੁਰਾਦ ਮੋਟੇ-ਪਤਲੇ, ਲੰਬੇਮਧਰੇ, ਅਮੀਰ-ਗਰੀਬ, ਸਿਆਣੇ ਜਾਂ ਸਿਧਰੇ ਦਾ ਮੁਲਾਂਕਣ ਕਰਨ ਤੋਂ ਨਹੀਂ ਹੈ, ਇੱਥੇ ਸਵਾਲ ਪੁਰਾਤਨ ਅਤੇ ਅਜੋਕੇ ਰਾਜ ਕਰਨ ਵਾਲਿਆਂ ਵਿਚਲਾ 'ਫਰਕ' ਪੜਚੋਲ ਕਰਨਾ ਹੈ। ਪੰਜਾਬ ਦੇ ਇਤਿਹਾਸ ਨੂੰ ਪੜ੍ਹਦਿਆਂ ਬਹੁਤ ਸਾਰੇ ਜਮ੍ਹਘਟਾਊ ਦੇ ਸਵਾਲ ਜ਼ਿਹਨ ਵਿਚ ਉਤਪੰਨ ਹੋ ਜਾਣਗੇ। ਬਹੁਤ ਸਦੀਆਂ ਪਿੱਛੇ ਨਹੀਂ ਜਾਂਦੇ ਪਿਛਲੇ ਦੋ ਕੁ ਸੌ ਸਾਲ ਦੇ ਹਿਸਾਬ-ਕਿਤਾਬ ਨੂੰ ਖੰਘਾਲਣ ਬੈਠੀਏ ਤਾਂ ਸਿਰ ਚਕਰਾਉਣ ਲਗਦਾ ਹੈ। ਸਿੱਖ ਮਿਸਲਾਂ ਦੇ ਇਤਿਹਾਸ ਤੋਂ ਬਾਅਦ ਤਿੰਨ ਰਾਜਿਆਂ ਦੇ ਇਤਿਹਾਸ ਉੱਪਰ ਨਜ਼ਰ ਮਾਰਨ ਉਪਰੰਤ ਬਹੁਤ ਕੁਝ ਪਤਾ ਲਗਦਾ ਹੈ ਕਿ ਮਹਾਰਾਜਾ ਪਟਿਆਲਾ ਬਹੁਤ ਅਮੀਰ, ਐਸ਼ ਪ੍ਰਸਤ ਅਤੇ ਖੁੱਲ੍ਹਾ ਖਰਚਣ ਵਾਲਾ ਰਜਵਾੜਾ ਖਾਨਦਾਨ ਸੀ। ਅਮੀਰੀ ਏਨੀ ਕਿ ਭਾਰਤ ਸਰਕਾਰ ਦੇ ਹਵਾਈ ਜਹਾਜ਼ ਖਰੀਦਣ ਤੋਂ ਪਹਿਲਾਂ ਇਨ੍ਹਾਂ ਨੇ ਹਵਾਈ ਜਹਾਜ਼ ਖਰੀਦ ਲਿਆ ਸੀ, ਰਾਇਲਸ ਰਾਏ ਅਤੇ ਬੀ ਐਮ ਡਬਲਿਊ ਵਰਗੀਆਂ ਗੱਡੀਆਂ ਲੈ ਆਉਣਾ ਹੈਰਾਨੀ ਵਾਲੀਆਂ ਗੱਲਾਂ ਸਨ। ਦਿੱਲੀ ਯੂਨੀਵਰਸਿਟੀ ਬਣਨ ਤੋਂ ਪਹਿਲਾਂ ਹੀ ਪਟਿਆਲਾ ਵਿਚ ਕਲਕੱਤਾ ਯੂਨੀਵਰਸਿਟੀ ਤੋਂ ਐਫੀਲੀਏਸ਼ਨ ਲੈ ਕੇ ਕਾਲਜ ਖੁਲ੍ਹਵਾਉਣਾ ਅਤੇ ਆਈਸ ਹਾਕੀ ਦਾ ਇਨਡੋਰ ਸਟੇਡੀਅਮ ਬਣਵਾਉਣਾ ਖਾਲਾ ਜੀ ਦਾ ਵਾੜਾ ਨਹੀਂ ਸੀ ਕਿਉਂਕਿ ਉਦੋਂ ਖੇਤੀ ਏਨੀ ਵਿਕਸਤ ਨਹੀਂ ਸੀ, ਫਸਲਾਂ ਦੇ ਭਾਅ ਅਤੇ ਝਾੜ ਬਹੁਤ ਘੱਟ ਸਨ। ਇੰਡਸਟਰੀ ਨਾਂਹ ਦੇ ਬਰਾਬਰ ਸੀ ਫਿਰ ਏਨਾ ਖੁੱਲ੍ਹਾ ਖਰਚਾ ਆਉਂਦਾ ਕਿੱਥੋਂ ਸੀ? ਪਾਠਕ ਇਹੋ ਜਵਾਬ ਦੇਣਗੇ ਕਿ ਇਸ ਘਰਾਣੇ ਨੂੰ ਫਿਰੰਗੀਆਂ ਦੀ ਮਦਦ ਸੀ ਜਦ ਕਿ ਅਜਿਹਾ ਨਹੀਂ ਸੀ। ਫਿਰ ਵੀ ਜੇ ਮੰਨ ਲਉ ਕਿ ਪਟਿਆਲਾ ਵਾਲਿਆਂ ਨੂੰ ਪੈਸਾ ਮਿਲਦਾ ਵੀ ਸੀ ਤਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਜਿਨ੍ਹਾਂ ਨਾਲ ਅੰਗਰੇਜ਼ ਹਕੂਮਤ ਥਾਂ-ਥਾਂ 'ਤੇ ਅੱੜਾ ਲਾਉਂਦੀ ਸੀ ਉਨ੍ਹਾਂ ਕੋਲ ਏਨਾ ਪੈਸਾ ਕਿੱਥੋਂ ਆਉਂਦਾ ਸੀ? ਉਨ੍ਹਾਂ ਦੀ ਫੌਜ ਵਿਚ ਫ਼ਰਾਂਸ ਦੇ ਜਰਨੈਲ ਵੀ ਸਨ ਜੋ ਅੰਗਰੇਜ਼ੀ ਹਕੂਮਤ ਨਾਲ ਲੜਨ ਵਾਸਤੇ ਰੱਖੇ ਹੋਏ ਸਨ ਉਹ ਤਨਖਾਹਾਂ ਆਨਿਆਂ ਦਵਾਨੀਆਂ ਵਿਚ ਨਹੀਂ ਸਨ ਲੈਂਦੇ। ਉਨ੍ਹਾਂ ਦੀਆਂ ਬਹੁਤ ਜ਼ਿਆਦਾ ਤਨਖਾਹਾਂ ਸਨ ਉਪਰੋਂ ਅਫ਼ਗਾਨਿਸਤਾਨ ਦੇ ਦਰਾ ਖੈਬਰ ਅਤੇ ਤਿੱਬਤ ਆਦਿ ਤੱਕ ਲੜਾਈਆਂ ਲੜੀਆਂ ਅਤੇ ਜਿੱਤੀਆਂ.. ਪਬਲਿਕ ਨੂੰ ਕਦੇ ਕੋਈ ਤੰਗੀ ਨਹੀਂ ਆਉਣ ਦਿੱਤੀ ਸੀ। ਲੋੜ ਪੈਣ 'ਤੇ ਅਨਾਜ ਦੇ ਭੰਡਾਰੇ ਮੁਫ਼ਤ ਖੋਲ੍ਹ ਦਿੱਤੇ ਜਾਂਦੇ ਸਨ। ਗੁਰਦੁਆਰਾ ਸਾਹਿਬਾਨ ਅਤੇ ਮੰਦਰਾਂ ਉੱਪਰ ਕਵਿੰਟਲਾਂ ਦੇ ਹਿਸਾਬ ਨਾਲ ਸੋਨਾ ਲਵਾਇਆ। ਇਸਲਾਮਿਕ ਮਸਜਿਦਾਂ ਨੂੰ ਬਣਾਉਣ ਅਤੇ ਚਲਾਉਣ ਵਾਸਤੇ ਖੁਲ੍ਹੇ ਗੱਫੇ ਦਿੱਤੇ। ਸਿਰਫ ਪੰਜਾਬ ਹੀ ਨਹੀਂ ਕਾਂਸ਼ੀ ਤੱਕ ਦੇ ਮੰਦਰਾਂ ਵਿਚ ਸੋਨਾ ਚੜ੍ਹਾਇਆ। ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵਿਚ ਗੁਰੂ ਘਰ ਬਣਵਾਉਣੇ... ਨਵਾਬ ਹੈਦਰਾਬਾਦ ਦੇ ਸੱਦੇ 'ਤੇ ਆਪਣੀਆਂ ਫੌਜਾਂ ਆਪਣੇ ਖਰਚੇ 'ਤੇ ਭੇਜੀਆਂ ਅਤੇ ਰੱਜੀ ਨੀਅਤ ਵਾਲੇ ਫੌਜੀ ਭੇਜੇ। ਉਨ੍ਹਾਂ ਬਾਰੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਏਨੇ ਰੱਜੇ-ਪੁੱਜੇ ਫੌਜੀ ਸਨ ਕਿ ਨਵਾਬ ਹੈਦਰਾਬਾਦ ਵੱਲੋਂ ਉਨ੍ਹਾਂ ਨੂੰ ਤਨਖਾਹ ਦੇ ਤੌਰ 'ਤੇ ਪੇਸ਼ ਕੀਤੀ ਚੰਗੀ ਖਾਸੀ ਰਕਮ ਉਨ੍ਹਾਂ ਵੱਲੋਂ ਠੁਕਰਾ ਦਿੱਤੀ ਗਈ ਕਿ ਅਸੀਂ ਜਿਸ ਦੇ ਫੌਜੀ ਹਾਂ ਉਹ ਸਾਨੂੰ ਠੀਕ-ਠਾਕ ਖਰਚ ਦੇਂਦਾ ਹੈ। ਅਸੀਂ ਤੁਹਾਡੇ ਸੱਦੇ 'ਤੇ ਆਏ ਹਾਂ, ਤੁਹਾਡੇ ਕੋਲ ਨੌਕਰੀ ਕਰਨ ਨਹੀਂ ਆਏ। ਇਸ ਗੱਲ ਤੋਂ ਬਾਅਦ ਨਵਾਬ ਨੇ ਉਨ੍ਹਾਂ ਨੂੰ ਲਾਲਚ ਵਜੋਂ ਕਿ ਇਹ ਸੂਰਮੇ ਦੱਖਣ ਤੋਂ ਵਿਚ ਹੀ ਟਿਕ ਜਾਣ ਉਨ੍ਹਾਂ ਨੂੰ ਜਗੀਰਾਂ ਆਫਰ ਕੀਤੀਆਂ। ਜਗੀਰਾਂ ਦੇ ਕਾਗਜ਼ ਦਿੱਤੇ ਪਰ ਬਹਾਦਰ ਦਲੇਰ ਅਤੇ ਸਿਦਕੀ ਜਰਨੈਲਾਂ ਨੇ ਉਹ ਕਾਗਜ਼ ਤੋਪ ਦੇ ਮੂੰਹ 'ਤੇ ਬੰਨ੍ਹ ਕੇ ਗੋਲੇ ਨਾਲ ਉਹ ਕਾਗਜ਼ ਉਡਾ ਦਿੱਤਾ ਅਤੇ ਸ਼ੇਰੇ ਪੰਜਾਬ ਦੀ ਇੱਜ਼ਤ ਨੂੰ ਚਾਰ ਚੰਨ ਲਾ ਦਿੱਤੇ...। ਤੀਜੇ ਨੰਬਰ 'ਤੇ ਗੱਲ ਕਰਦੇ ਹਾਂ ਮਹਾਰਾਜਾ ਕਪੂਰਥਲਾ ਦੀ। ਉਨ੍ਹਾਂ ਵੱਲੋਂ ਬਣਾਈਆਂ ਇਮਾਰਤਾਂ, ਸੜਕਾਂ, ਮਹਿਲ ਅਤੇ ਸੈਰਗਾਹਾਂ ਅੱਜ ਵੀ ਵਿਸ਼ਵ ਪੱਧਰੀ ਰੁਤਬਾ ਰੱਖਦੀਆਂ ਹਨ। ਉਹ ਕਿੰਨਾ ਖਰਚ ਖਾਹ ਰਾਜਾ ਸਨ ਕਿ ਉਨ੍ਹਾਂ ਦੇ ਖਰਚਿਆਂ ਦਾ ਹਿਸਾਬ ਦੀਵਾਨ ਜਰਮਨੀ ਦਾਸ ਜੀ ਦੀ ਕਿਤਾਬ 'ਮਹਾਰਾਜਾ' ਵਿਚ ਪੜ੍ਹ ਸਕਦੇ ਹੋ..। ਸੋਚਣ ਵਾਲੀ ਗੱਲ ਹੈ ਕਿ ਉਦੋਂ ਬਹੁਤ ਘੱਟ ਆਮਦਨ ਹੋਣ ਕਾਰਨ ਵੀ ਏਨੇ ਕੰਮ ਕਿਵੇਂ ਹੋ ਜਾਂਦੇ ਸਨ? ਅੱਜ ਏਨੇ ਟੈਕਸ!! ਦੋਹਰੇ ਤੀਹਰੇ ਟੈਕਸ ਲਾਉਣ ਉਪਰੰਤ ਵੀ ਸਰਕਾਰਾਂ ਦਾ ਸਰਕਾਰੀ ਖਜ਼ਾਨੇ ਵਾਲਾ ਪੀਪਾ ਖਾਲੀ ਕਿਉਂ ਖੜਕਦਾ ਹੈ? ਕੋਈ ਸੜਕ ਨਵੀਂ ਬਣਨੀ ਨਹੀਂ ਸਿਰਫ ਚੌੜੀ ਹੋਣੀ ਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਕੁਦਰਤ ਵੱਲੋਂ ਬਖਸ਼ੀ ਛਾਂ ਦੇਣ ਵਾਲੇ ਅਤੇ ਆਕਸੀਜਨ ਦੇਣ ਵਾਲੇ ਦੇਵਤੇ ਸਰੂਪ (ਰੁੱਖਾਂ) ਨੂੰ ਕਤਲ ਕਰ ਦਿੱਤਾ ਜਾਂਦਾ ਹੈ। ਏਥੇ ਵੀ ਢਿੱਡ ਨਹੀਂ ਭਰਦਾ ਤਾਂ ਸੜਕਾਂ ਉੱਪਰ ਟੋਲ ਪਲਾਜ਼ਾ ਬਣਾ ਕੇ ਲੋਕਾਂ ਦਾ ਲਹੂ ਪੀਤਾ ਜਾਂਦਾ ਹੈ ਅਜਿਹਾ ਕਿਉਂ ਹੁੰਦਾ ਹੈ? ਇਹੋ 'ਫਰਕ' ਦਿਨ ਰਾਤ ਸੋਚਣ ਨੂੰ ਮਜਬੂਰ ਕਰਦਾ ਹੈ ਕਿ ਆਖਿਰ ਸਰਕਾਰਾਂ ਦਾ ਪੈਸਾ ਜਾਂਦਾ ਕਿੱਥੇ ਹੈ? ਮੈਂ ਕਿਸੇ ਪਾਰਟੀ ਵਿਸ਼ੇਸ਼ ਦੀ ਗੱਲ ਨਹੀਂ ਕਰਦਾ ਫਿਰ ਵੀ ਸਵਾਲ ਉਠਦਾ ਹੈ ਕਿ ਗਿਆਨੀ ਜ਼ੈਲ ਸਿੰਘ ਹੋਰਾਂ ਦੇ ਕਾਂਗਰਸੀ ਮੁੱਖ ਮੰਤਰੀ ਹੁੰਦਿਆਂ 1972/73 ਵਿਚ ਤਖਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਤੱਕ ਗੁਰੂ ਗੋਬਿੰਦ ਸਿੰਘ ਮਾਰਗ ਪੰਜ ਸੌ ਅੱਸੀ ਕਿਲੋਮੀਟਰ ਨਮੂਨੇ ਦੀ ਸੜਕ ਕਿਵੇਂ ਬਣ ਗਈ ਸੀ? ਉਸ ਉਪਰ ਤਾਂ ਕੋਈ ਟੋਲ ਪਲਾਜ਼ਾ ਨਹੀਂ ਸੀ ਲਗਾਇਆ? ਇਹ 'ਫਰਕ' ਸਾਨੂੰ ਸਮਝਣੇ ਅਤਿ ਜ਼ਰੂਰੀ ਹਨ ਵਰਨਾ ਉਹ ਦਿਨ ਦੂਰ ਨਹੀਂ ਜਦ ਸਾਰਾ ਪੰਜਾਬ ਹਿਜ਼ਰਤ ਕਰ ਜਾਵੇਗਾ ਅਤੇ ਪੰਜਾਬ ਦਾ ਕੀ ਹੋਵੇਗਾ ਇਹ ਭਵਿੱਖ ਦੇ ਗਰਭ ਵਿਚ ਹੈ?

# ਦੇਸੀ ਤੜਕਾ

## ‘ਭਿੰਡੀ ਨਾਰੀਅਲ ਮਸਾਲਾ’



**ਸਮੱਗਰੀ**

- 250 ਗ੍ਰਾਮ ਭਿੰਡੀ
- 2-ਟਮਾਟਰ
- 1 ਵੱਡਾ ਪਿਆਜ਼
- ਲਸਣ ਦੀਆਂ 5 ਕਲੀਆਂ
- ਇਕ ਇੰਚ ਛਿਲਿਆ ਹੋਇਆ ਅਦਰਕ
- ਅੱਧਾ ਕੱਪ ਫ੍ਰੈਸ਼ ਨਾਰੀਅਲ
- ਅੱਧਾ ਕੱਪ ਕੱਦੂਕਸ ਕੀਤਾ ਨਾਰੀਅਲ
- 2 ਚਮਚ ਨਮਕ
- ਇਕ ਚਮਚ ਜੀਰਾ
- ਅੱਧਾ ਟੀਸਪੂਨ ਜੀਰਾ
- ਅੱਧਾ ਟੀਸਪੂਨ ਲਾਲ ਮਿਰਚ
- ਅੱਧਾ ਟੀਸਪੂਨ ਹਲਦੀ
- 2 ਟੇਬਲਸਪੂਨ ਤੇਲ

ਵਿਧੀ : ਸਭ ਤੋਂ ਪਹਿਲਾਂ ਪਿਆਜ਼, ਟਮਾਟਰ, ਅਦਰਕ, ਲਸਣ ਅਤੇ ਅੱਧਾ ਕੱਪ ਨਾਰੀਅਲ ਨੂੰ ਮਿਕਸੀ ‘ਚ ਦਰਦਾ ਪੀਸ ਲਓ। ਇਸ ਨੂੰ ਇਕ ਬੋਲ ‘ਚ ਕੱਢ ਲਓ। ਪੈਨ ‘ਚ ਤੇਲ ਪਾਓ ਅਤੇ ਗਰਮ ਹੋਣ ‘ਤੇ ਉਸ ‘ਚ ਜੀਰਾ ਪਾ ਦਿਓ। ਇਸ ਤੋਂ ਬਾਅਦ ਮਸਾਲੇ ਨੂੰ ਭੁੰਨ ਲਈ ਪੈਨ ‘ਚ ਪਾਓ ਅਤੇ ਉਸ ‘ਚ ਹੋਰ ਮਸਾਲੇ ਅਤੇ ਨਮਕ ਐਡ ਕਰ ਦਿਓ। ਮਸਾਲੇ ਦਾ ਕਲਰ ਬ੍ਰਾਊਨ ਹੋ ਜਾਵੇ ਤਾਂ ਉਸ ‘ਚ ਕੱਟੀ ਹੋਈ ਭਿੰਡੀ ਪਾ ਦਿਓ ਅਤੇ ਮਿਕਸ ਕਰਨ ਤੋਂ ਬਾਅਦ ਪਲੇਟ ਨਾਲ ਢੱਕ ਦਿਓ। ਇਸ ਦੌਰਾਨ ਇਸ ਨੂੰ ਮਿਕਸ ਕਰਦੇ ਰਹੋ ਤਾਂ ਕਿ ਭਿੰਡੀ ਸੜੇ ਨਾ। 10 ਮਿੰਟ ਤੋਂ ਬਾਅਦ ਇਸ ‘ਚ ਕੱਦੂਕਸ ਕੀਤਾ ਹੋਇਆ ਨਾਰੀਅਲ ਪਾਓ ਅਤੇ ਫਿਰ 5 ਮਿੰਟ ਤੱਕ ਇਸ ਨੂੰ ਹੋਰ ਬਣਨ ਦਿਓ। ਸਬਜ਼ੀ ਨੂੰ ਚਾਹੋ ਤਾਂ ਧਨੀਆ ਪਾਓ ਜਾਂ ਇੰਝ ਹੀ ਗਰਮਾ-ਗਰਮ ਸਰਵ ਕਰੋ।

## ਸਵੀਟ ਕਾਰਨ (ਮਕਈ) ਖੀਰ



**ਸਮੱਗਰੀ**

- ਛੱਲੀ ਜਾਂ 1 ਕੱਪ ਕਾਰਨ (ਮੱਕੀ ਦੇ ਦਾਣੇ)
- 2 ਚਮਚ ਦੁੱਧ ਮੱਕੀ ਦੇ ਦਾਣਿਆਂ ਨੂੰ ਪੀਸਣ ਲਈ
- 2 ਕੱਪ ਦੁੱਧ
- 1/2 ਚਮਚਾ ਇਲਾਇਚੀ ਪਾਊਡਰ
- 1/2 ਚਮਚਾ ਘਿਓ
- 3 ਤੋਂ 4 ਚਮਚੇ ਚੀਨੀ
- 15 ਤੋਂ 16 ਪੱਤੇ ਕੇਸਰ (1 ਚਮਚਾ ਗਰਮ ਦੁੱਧ ‘ਚ ਡੁਬੋਏ ਹੋਏ)
- ਸਜਾਵਟ ਲਈ ਥੋੜ੍ਹਾ ਜਿਹਾ ਨਮਕ ਰਹਿਤ ਪਿਸਤਾ

ਵਿਧੀ : ਇਕ ਛੱਲੀ ਨਾਲੋਂ ਚਾਕੂ ਦੀ ਮਦਦ ਨਾਲ ਦਾਣੇ ਅਲੱਗ ਕਰੋ। ਇਹ ਘੱਟੋ-ਘੱਟ ਇਕ ਕੱਪ ਹੋਣੇ ਚਾਹੀਦੇ ਹਨ। ਇਨ੍ਹਾਂ ਨੂੰ ਮਿਕਸੀ ‘ਚ ਪਾ ਕੇ ਪੀਸ ਲਓ। ਇਸ ਵਿਚ ਦੋ ਚਮਚੇ ਦੁੱਧ ਪਾ ਕੇ ਪੇਸਟ ਬਣਾ ਲਓ। ਅੱਧਾ ਚਮਚਾ ਘਿਓ ਨੂੰ ਇਕ ਪੈਨ ‘ਚ ਪਾ ਕੇ ਅੱਗ ‘ਤੇ ਰੱਖੋ । ਇਸ ਵਿਚ ਮੱਕੀ ਦਾ ਪੇਸਟ ਪਾ ਕੇ 4-5 ਮਿੰਟ ਲਈ ਮੱਧਮ ਅੱਗ ‘ਤੇ ਪਕਾਓ । ਹੁਣ ਇਸ ਵਿਚ 2 ਕੱਪ ਦੁੱਧ ਮਿਲਾਓ ਅਤੇ ਹਿਲਾਉਂਦੇ ਰਹੋ । ਇਕ ਛੋਟੀ ਬਾਊਲ ਵਿਚ ਇਕ ਚਮਚ ਦੁੱਧ ਅਤੇ ਕੇਸਰ ਪਾ ਕੇ ਰੱਖੋ । ਇਸ ਨੂੰ ਖੀਰ ਵਿਚ ਪਾ ਕੇ 7-8 ਮਿੰਟ ਲਈ ਮੱਧਮ ਅੱਗ ‘ਤੇ ਪਕਾਓ ਅਤੇ ਹੇਠਾਂ ਨਾ ਲੱਗਣ ਦਿਓ । ਹੁਣ ਇਸ ਵਿਚ 3-4 ਚਮਚੇ ਚੀਨੀ ਮਿਲਾਓ ਜਾਂ ਸਵਾਦ ਅਨੁਸਾਰ ਵੱਧ-ਘੱਟ। ਹੁਣ ਇਸ ਨੂੰ ਹੋਰ 3-4 ਮਿੰਟਾਂ ਲਈ ਪਕਾਓ ਅਤੇ ਜਦੋਂ ਇਹ ਥੋੜ੍ਹੀ ਗਾੜ੍ਹੀ ਹੋ ਜਾਵੇ ਤਾਂ ਇਸ ਵਿਚ ਇਲਾਇਚੀ ਪਾਊਡਰ ਪਾਓ ਅਤੇ ਇਸ ਵਿਚ ਇਕ ਚਮਚਾ ਕੱਟਿਆ ਹੋਇਆ ਪਿਸਤਾ ਮਿਲਾਓ। ਤੁਸੀਂ ਇਸ ਵਿਚ ਪਿਸਤੇ ਦੀ ਥਾਂ ਬਰੀਕ ਕੱਟੇ ਹੋਏ ਬਦਾਮ ਵੀ ਪਾ ਸਕਦੇ ਹੋ । ਹੁਣ ਇਸ ਨੂੰ ਚੰਗੀ ਤਰ੍ਹਾਂ ਹਿਲਾਉਣ ਪਿੱਛੋਂ ਗੈਸ ਬੰਦ ਕਰ ਦਿਓ . ਹੁਣ ਗਰਮ-ਗਰਮ ਕਾਰਨ ਖੀਰ (ਮੱਕੀ ਦੇ ਦਾਣਿਆਂ ਤੋਂ ਬਣੀ) ਨੂੰ ਪਿਸਤੇ ਨਾਲ ਸਜਾ ਕੇ ਪਰੋਸੋ . ਇਸ ਨੂੰ ਫਰਿੱਜ ਵਿਚ ਰੱਖ ਕੇ ਠੰਢਾ ਕਰਕੇ ਵੀ ਖਾ ਸਕਦੇ ਹੋ।

# ਤਕਨਾਲੋਜੀ ਟਾਈਮਜ਼

## ਹੁਣ ਵਟਸਐਪ ਰਾਹੀਂ ਵੀ ਸਕੈਨ ਹੋ ਸਕਣਗੇ ਡਾਕਿਊਮੈਂਟਸ




ਵਟਸਐਪ ਨੇ ਦਸਤਾਵੇਜ਼ (ਡਾਕਿਊਮੈਂਟ) ਸਾਂਝਾ ਕਰਨ ਨੂੰ ਆਸਾਨ ਬਣਾਉਣ ਲਈ ਇਕ ਨਵਾਂ ਫੀਚਰ ਪੇਸ਼ ਕੀਤਾ ਹੈ, ਜਿਸ ਨਾਲ ਯੂਜ਼ਰਜ਼ ਸਿੱਧਾ ਐਪ ਦੇ ਅੰਦਰ ਦਸਤਾਵੇਜ਼ ਸਕੈਨ ਕਰ ਸਕਦੇ ਹਨ। ਇਹ ਨਵਾਂ ਫੀਚਰ iOS ਦੀ ਨਵੀਂ ਅਪਡੇਟ (ਵਰਜ਼ਨ 24.25.80) ਦੇ ਨਾਲ ਕੁਝ ਯੂਜ਼ਰਜ਼ ਲਈ ਉਪਲੱਬਧ ਹੈ। ਇਹ ਫੀਚਰ ਦਸਤਾਵੇਜ਼ ਸਾਂਝਾ ਕਰਨ ਦੇ ਮੈਨੂ 'ਚ ਏਕੀਕ੍ਰਿਤ ਹੈ।

ਹੁਣ ਯੂਜ਼ਰਜ਼ ਨੂੰ ਕਿਸੇ ਥਰਡ ਪਾਰਟੀ ਐਪ ਦੀ ਲੋੜ ਨਹੀਂ ਹੈ। ਹੁਣ ਵਟਸਐਪ ਦੇ ਕੈਮਰੇ ਦੀ ਵਰਤੋਂ ਕਰਕੇ ਦਸਤਾਵੇਜ਼ ਨੂੰ ਸਕੈਨ ਕਰ ਸਕਦੇ ਹੋ। 'ਅਬਿਟਈਨਡੋ ਦੀ ਰਿਪੋਰਟ ਅਨੁਸਾਰ ਇਹ ਫੀਚਰ ਹੌਲੀ-ਹੌਲੀ ਸਾਰੇ ਯੂਜ਼ਰਜ਼ ਲਈ ਰੋਲਆਊਟ ਹੋ ਰਿਹਾ ਹੈ ਅਤੇ ਆਉਣ ਵਾਲੇ ਹਫਤਿਆਂ 'ਚ ਇਸ ਨੂੰ ਜ਼ਿਆਦਾ ਯੂਜ਼ਰਜ਼ ਨੂੰ ਉਪਲੱਬਧ ਕਰਵਾਇਆ ਜਾਵੇਗਾ।

ਇਹ ਨਵਾਂ ਫੀਚਰ ਵਟਸਐਪ ਲਈ ਇਕ ਮਹੱਤਵਪੂਰਨ ਹੈ, ਖਾਸਕਰਕੇ ਉਨ੍ਹਾਂ ਯੂਜ਼ਰਜ਼ ਲਈ ਜਿਨ੍ਹਾਂ ਨੂੰ ਚਲਦੇ-ਫਿਰਦੇ ਜਲਦੀ ਦਸਤਾਵੇਜ਼ ਸਾਂਝਾ ਕਰਨ ਦੀ ਲੋੜ ਹੁੰਦੀ ਹੈ। ਇਹ ਫੀਚਰ ਵੱਖ-ਵੱਖ ਐਪਸ ਵਿਚ ਸਵਿੱਚ ਕਰਨ ਦੀ ਲੋੜ ਨੂੰ ਖਤਮ ਕਰਦਾ ਹੈ, ਜਿਸ ਨਾਲ ਇਹ ਦਸਤਾਵੇਜ਼ ਸਕੈਨ, ਐਡਜਸਟ ਅਤੇ ਭੇਜਣ ਲਈ ਇਕ ਆਲ-ਇਨ-ਵਨ ਹੱਲ ਬਣ ਜਾਂਦਾ ਹੈ।

ਵਟਸਐਪ 'ਚ ਇਸ ਸਕੈਨਿੰਗ ਅਤੇ ਭੇਜਣ ਦੀ ਸਮਰਥਾ ਦੇ ਚਲਦੇ ਯੂਜ਼ਰਜ਼ ਨੂੰ ਹੁਣ ਸਕੈਨਿੰਗ ਐਪਸ ਜਾਂ ਪ੍ਰਿੰਟਰ ਦੀ ਲੋੜ ਨਹੀਂ ਹੋਵੇਗੀ। ਨਾਲ ਹੀ ਇਹ ਸਕੈਨ ਦੀ ਗੁਣਵੱਤਾ ਸਪਸ਼ਟਤਾ ਅਤੇ ਪੜ੍ਹਨਯੋਗਤਾ ਲਈ ਤਿਆਰ ਕੀਤਾ ਗਿਆ ਹੈ, ਜਿਸ ਨਾਲ ਪੇਸ਼ੇਵਰ ਦਸਤਾਵੇਜ਼ ਸਾਂਝਾ ਕਰਨਾ ਸੰਭਵ ਹੋ ਜਾਂਦਾ ਹੈ।

## ਏ.ਆਈ. ਦਾ ਬੋਲਬਾਲਾ ਕਈ ਨਵੇਂ ਟੂਲ ਹੋਏ ਜਾਰੀ

ਜੇਕਰ ਤੁਹਾਨੂੰ ਵੀ ਏ.ਆਈ. ਇਮੇਜ ਬਣਾਉਣ 'ਚ ਪਰੇਸ਼ਾਨੀ ਹੁੰਦੀ ਹੈ ਤਾਂ ਤੁਹਾਡੇ ਲਈ ਚੰਗੀ ਖਬਰ ਹੈ। Microsoft ਨੇ ਆਪਣੇ Bing Image Creator ਲਈ ਇਕ ਵੱਡੀ ਅਪਡੇਟ ਜਾਰੀ ਕੀਤੀ ਹੈ ਜਿਸ ਤੋਂ ਬਾਅਦ Bing Image Creator ਦਾ ਇਸਤੇਮਾਲ ਬਹੁਤ ਹੀ ਆਸਾਨ ਹੋ ਗਿਆ ਹੈ। ਦੱਸ ਦੇਈਏ ਕਿ Bing Image Creator ਨੂੰ ਸਾਲ 2023 'ਚ ਲਾਂਚ ਕੀਤਾ ਗਿਆ ਸੀ ਪਰ ਇਹ ਓਨਾ ਲੋਕਪ੍ਰਿਸਿੱਧ ਨਹੀਂ ਹੋ ਸਕਿਆ।

Bing Image Creator ਨੂੰ ਪਿਛਲੇ ਸਾਲ ਲਾਂਚ ਕੀਤਾ ਗਿਆ ਸੀ। ਇਹ ਇਕ ਏ.ਆਈ. ਇਮੇਜ ਜਨਰੇਟਰ ਹੈ ਜਿਸਦੀ ਵਰਤੋਂ ਕਰਦੇ ਹੋਏ ਤੁਸੀਂ ਏ.ਆਈ. ਤਸਵੀਰਾਂ ਬਣਾ ਸਕਦੇ ਹੋ। ਏ.ਆਈ. ਇਮੇਜ ਲਈ Bing Image Creator 'ਚ ਟੈਕਸਟ ਪ੍ਰੋਮਟ ਦੇਣਾ ਹੋਵੇਗਾ ਯਾਨੀ ਦੱਸਣਾ ਹੋਵੇਗਾ ਕਿ ਤੁਸੀਂ ਕਿਹੋ ਜਿਹੀ ਤਸਵੀਰ ਚਾਹੁੰਦੇ ਹੋ। Bing Image Creator ਇਮੇਜ ਬਣਾਉਣ ਲਈ DALL-E ਮਾਡਲ ਦੀ ਵਰਤੋਂ ਕਰਦਾ ਹੈ। ਹੁਣ ਇਸ ਨੂੰ DALL-E 3 PR16 ਮਾਡਲ ਦਾ ਵੀ ਸਪੋਰਟ ਮਿਲ ਗਿਆ ਹੈ ਜਿਸ ਤੋਂ ਬਾਅਦ ਇਸ ਦੀ ਸਪੀਡ ਵੱਧ ਗਈ ਹੈ।

Bing Image Creator ਲਈ ਹੁਣ ਤੁਹਾਨੂੰ ਇਕ ਨਵਾਂ ਡਿਜ਼ਾਈਨ ਮਿਲੇਗਾ। ਇਸ ਤੋਂ ਇਲਾਵਾ ਨਵੇਂ ਨੈਵੀਗੇਸ਼ਨ ਟੂਲ ਵੀ ਲਾਂਚ ਕੀਤੇ ਗਏ ਹਨ। ਲਾਈਟ ਅਤੇ ਡਾਰਕ ਮੋਡ ਲਈ ਸਵਿੱਚਰ ਦਿੱਤਾ ਗਿਆ ਹੈ। ਸਭ ਤੋਂ ਵੱਡੀ ਜੋ ਅਪਡੇਟ ਮਿਲੀ ਹੈ ਉਹ ਇਹ ਹੈ ਕਿ ਤੁਸੀਂ Bing Image Creator ਨੂੰ ਹੁਣ ਸਿੱਧਾ Edge ਬ੍ਰਾਊਜ਼ਰ 'ਚ ਇਸਤੇਮਾਲ ਕਰ ਸਕਦੇ ਹੋ ਯਾਨੀ ਯੂਜ਼ਰਜ਼ ਨੂੰ ਹੁਣ ਏ.ਆਈ. ਇਮੇਜ ਬਣਾਉਣ ਲਈ Bing Image Creator ਦੀ ਵੈੱਬਸਾਈਟ 'ਤੇ ਨਹੀਂ ਜਾਣਾ ਹੋਵੇਗਾ। ਪਹਿਲਾਂ ਅਜਿਹੀ ਨਹੀਂ ਸੀ। ਨਵਾਂ ਫੀਚਰ ਮੋਬਾਇਲ ਅਤੇ ਡੈਸਕਟਾਪ ਦੋਵਾਂ ਲਈ ਉਪਲੱਬਧ ਹੈ।

ਇਸੇ ਤਰ੍ਹਾਂ ਇੰਸਟਾਗ੍ਰਾਮ ਇਕ ਨਵੇਂ ਆਰਟੀਫਿਸ਼ੀਅਲ ਇੰਟੈਲੀਜੈਂਸ (ਏ.ਆਈ.) ਫੀਚਰ 'ਤੇ ਕੰਮ ਕਰ ਰਿਹਾ ਹੈ, ਜੋ ਯੂਜ਼ਰਜ਼ ਨੂੰ ਉਨ੍ਹਾਂ ਦੀ ਵੀਡੀਓ ਨੂੰ ਨਵੇਂ ਅੰਦਾਜ਼ 'ਚ ਪੇਸ਼ ਕਰਨ ਦਾ ਮੌਕਾ ਦੇਵੇਗਾ। ਇਹ ਏ.ਆਈ.-ਪਾਵਰਡ ਵੀਡੀਓ ਐਡੀਟਿੰਗ ਟੂਲ ਮੈਟਾ ਦੇ ਮੂਵੀ ਜੈਨ ਏ.ਆਈ. ਮਾਡਲ 'ਤੇ ਆਧਾਰਿਤ ਹੈ। ਇਹ ਇਕ ਸ਼ੁਰੂਆਤੀ ਰਿਸਰਚ ਪ੍ਰੋਜੈਕਟ ਹੈ, ਜੋ ਟੈਕਸਟ ਪ੍ਰੋਮਟ ਰਾਹੀਂ



ਵੀਡੀਓ ਤਿਆਰ ਕਰ ਸਕਦੀ ਹੈ, ਹਾਲਾਂਕਿ, ਇੰਸਟਾਗ੍ਰਾਮ 'ਤੇ ਇਹ ਫੀਚਰ ਯੂਜ਼ਰਜ਼ ਨੂੰ ਵੀਡੀਓ ਬਣਾਉਣ ਦੀ ਬਜਾਏ ਉਨ੍ਹਾਂ ਦੀ ਮੌਜੂਦਾ ਵੀਡੀਓ 'ਚ ਬਦਲਾਅ ਕਰਨ ਦੀ ਸਹੂਲਤ ਦੇਵੇਗਾ।

ਇੰਸਟਾਗ੍ਰਾਮ ਦੇ ਹੈੱਡ ਐਡਮ ਮੋਸੇਰੀ ਨੇ ਇਕ ਰੀਲ ਰਾਹੀਂ ਇਸ ਏ.ਆਈ. ਫੀਚਰ ਦੀ ਝਲਕ ਪੇਸ਼ ਕੀਤੀ ਹੈ। ਇਸ ਇਕ ਮਿੰਟ ਦੀ ਵੀਡੀਓ 'ਚ ਉਨ੍ਹਾਂ ਨੇ ਦਿਖਾਇਆ ਕਿ ਇਹ ਫੀਚਰ ਕਿਵੇਂ ਕੰਮ ਕਰਦਾ ਹੈ। ਮੋਸੇਰੀ ਨੇ ਦੱਸਿਆ ਕਿ ਇਹ ਟੂਲ ਅਜੇ ਵਿਕਾਸ ਦੇ ਪੜਾਅ 'ਚ ਹੈ ਅਤੇ ਇਸ ਨੂੰ ਅਗਲੇ ਸਾਲ ਲਾਂਚ ਕੀਤਾ ਜਾ ਸਕਦਾ ਹੈ।

ਰੀਲ 'ਚ ਦੇਖਿਆ ਗਿਆ ਹੈ ਕਿ ਇਹ ਟੂਲ ਮੋਸੇਰੀ ਦੇ ਕੱਪੜਿਆਂ ਨੂੰ ਬਦਲ ਸਕਦਾ ਹੈ, ਉਨ੍ਹਾਂ ਦੇ ਗਲੇ 'ਚ ਇਕ ਸੋਨੇ ਦੀ ਚੈਨ ਜੋੜ ਸਕਦਾ ਹੈ ਅਤੇ ਬੈਕਗ੍ਰਾਊਂਡ 'ਚ ਸਵਿਮਿੰਗ ਪੂਲ 'ਚ ਖੇਡਦੇ ਹੋਏ ਇਕ ਹਿੱਪੋਟੇਮਸ ਨੂੰ ਜੋੜ ਸਕਦਾ ਹੈ। ਇਸ ਤੋਂ ਇਲਾਵਾ ਟੂਲ ਨੇ ਇਹ ਵੀ ਦਿਖਾਇਆ ਕਿ ਮੋਸੇਰੀ ਨੂੰ ਬਰਫੀਲੇ ਪਹਾੜਾਂ ਦੇ ਕੋਲ ਜਾਂ ਰੇਗਿਸਤਾਨ 'ਚ ਬਿਠਾਉਣ ਵਰਗੇ ਪ੍ਰਭਾਵ ਕਿਵੇਂ ਬਣਾਏ ਜਾ ਸਕਦੇ ਹਨ।

ਮੋਸੇਰੀ ਨੇ ਦੱਸਿਆ ਕਿ ਇਹ ਨਵਾਂ ਏ.ਆਈ. ਫੀਚਰ ਮੂਵੀ ਜੈਨ ਦੇ ਸਹੀ ਵੀਡੀਓ ਐਡੀਟਿੰਗ ਫੀਚਰ 'ਤੇ ਆਧਾਰਿਤ ਹੋਵੇਗਾ। ਇਹ ਮਾਡਲ ਵੀਡੀਓ 'ਚ ਸਥਾਨਕ (ਲੋਕਲਾਈਜ਼ਡ) ਬਦਲਾਅ ਕਰ ਸਕਦਾ ਹੈ, ਜਿਵੇਂ ਕਿਸੇ ਕੰਟੈਂਟ ਨੂੰ ਜੋੜਨਾ, ਹਟਾਉਣਾ ਜਾਂ ਬਦਲਣਾ। ਨਾਲ ਹੀ ਇਹ ਬੈਕਗ੍ਰਾਊਂਡ ਅਤੇ ਸਟਾਈਲ 'ਚ ਵਿਆਪਕ (ਗਲੋਬਲ) ਬਦਲਾਅ ਵੀ ਕਰ ਸਕਦਾ ਹੈ। ਇਸ ਮਾਡਲ ਦੀ ਖਾਸੀਅਤ ਇਹ ਹੈ ਕਿ ਇਹ ਵੀਡੀਓ ਦੇ ਮੂਲ ਕੰਟੈਂਟ ਨੂੰ ਸੁਰੱਖਿਅਤ ਰੱਖਦੇ ਹੋਏ ਸਿਰਫ ਸੰਬੰਧਿਤ ਪਿਕਸਲਸ 'ਤੇ ਹੀ ਕੰਮ ਕਰਦਾ ਹੈ।

# ਕਾਵਿ ਕਿਆਰੀ

## ਚੜ੍ਹਦੀ ਕਲਾ

ਆ ਗਈ ਨੂਰੀ ਝਲਕ ਇਕ ਆ ਗਈ,
ਦੀਨ-ਦੁਨੀਆਂ ਮੇਰੀ ਨੂੰ ਚਮਕਾ ਗਈ ।

ਫਿਰ ਗਈ ਤਨ ਮਨ ਤੇ ਰਹਿਮਤ ਦੀ ਨਿਗਾਹ,
ਖਾਕ ਨੂੰ ਅਕਸੀਰ ਤੁਰਤ ਬਣਾ ਗਈ ।

ਧਸ ਗਈ ਰਗ ਰਗ ਦੇ ਵਿਚ ਬਿਜਲੀ ਕੋਈ,
ਸੁਰਤ ਸੁਤੀ ਨੂੰ ਹਲੂਣ ਜਗਾ ਗਈ ।

ਦਸ ਕੇ ਆਪਣੇ ਆਪ ਨੂੰ ਦੇ ਬਲਕਾਰ ਨੂੰ,
ਜਾਨ ਮੁਰਦਾ ਲਾਸ਼ ਦੇ ਵਿਚ ਪਾ ਗਈ ।

ਜੀ ਕੇ ਮਰਨਾ ਰੋਜ਼ ਸਾਂ ਸਿਖਦੇ ਰਹੇ,
ਮਰ ਕੇ ਜੀਉਣ ਦਾ ਏ ਚੇਟਕ ਲਾ ਗਈ ।

ਕੌਣ ਕਹਿੰਦਾ ਹੈ ਕਿ ਮੈਂ ਕੰਗਾਲ ਹਾਂ,
ਮੇਰੀ ਦੌਲਤ ਬੇਹਿਸਾਬ ਲਭਾ ਗਈ ।

ਪਿੰਜਰੇ ਦੀ ਕੈਦ ਤੋਂ ਆਜ਼ਾਦ ਕਰ,
ਅਰਸ਼ ਤੇ ਪਰਵਾਜ਼ ਕਰਨਾ ਸਿਖਾ ਗਈ ।

ਮਿਟ ਸਕੇ ਹਸਤੀ ਨਾ ਚਾਤ੍ਰਿਕ ਦੀ ਕਦੇ,
ਜ਼ਿੰਦਗੀ ਦਾ ਭੇਦ ਇਹ ਸਮਝਾ ਗਈ ।

**ਲੇਖਕ : ਲਾਲਾ ਧਨੀ ਰਾਮ ਚਾਤ੍ਰਿਕ**

## ਸਿੱਖ ਇਤਿਹਾਸ ਵਿੱਚ ਛੇ ਗੰਗੂ ਤਾਂ ਗੁਰੂ ਕੇ ਅਨਿੰਨ ਪ੍ਰੇਮੀ ਹੋਏ ਹਨ ਪਰ ਸੱਤਵਾਂ ਪਾਪੀ ਗੰਗੂ ਜਿਆਦਾ ਮਸ਼ਹੂਰ ਹੋ ਗਿਆ !

ਇੱਕ-ਪਹਿਲਾ ਗੰਗੂ ਹੋਇਆ ਹੈ ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਆਤਮਗਿਆਨੀ ਸਿੱਖ।

**ਦੂਜਾ-ਦੂਸਰਾ ਗੰਗੂ ਸ਼ਾਹ ਹੋਇਆ ਅਜੋਕੇ** ਹੁਸ਼ਿਆਰ ਪੁਰ ਜਿਲ੍ਹੇ ਦੇ ਕਸਬੇ ਗੜ੍ਹ ਸ਼ੰਕਰ ਦਾ ਵਸਨੀਕ,ਜਿਸਨੂੰ ਤੀਸਰੇ ਗੁਰੂ ਅਮਰਦਾਸ ਜੀ ਨੇ ਪ੍ਰਚਾਰ ਹਿਤ ਮੰਜੀ ਬਖਸ਼ੀ ਸੀ।

**ਤੀਜਾ-ਤੀਸਰਾ ਗੰਗੂ ਨਾਈ ਹੋਇਆ ਜਿਸਨੇ** ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਿਨ ਰਾਤ ਸੇਵਾ ਕਰਕੇ ਵੱਡਾ ਮਾਣ ਪਾਇਆ।

**ਚੌਥਾ-ਇਹ ਗੰਗਾ ਰਾਮ ਵੀ ਪੰਜਵੇਂ ਸਤਿਗੁਰੂ** ਜੀ ਦਾ ਹੀ ਸੇਵਕ ਸੀ,ਜਿਸਦੇ ਬਾਰੇ ਗਿਆਨੀ ਗਿਆਨ ਸਿੰਘ ਜੀ 'ਤਵਾਰੀਖ ਗੁਰੂ ਖਾਲਸਾ' ਵਿੱਚ ਲਿਖਦੇ ਹਨ-'ਸੰਮਤ 1645 ਬਿਕ੍ਰਮੀ ਨੂੰ ਗੰਗਾ ਰਾਮ ਬ੍ਰਾਹਮਣ ਵਪਾਰੀ ਬਠਿੰਡੇ ਦਾ ਰਹਿਣ ਵਾਲਾ ਬਾਜਰੇ ਦੇ ਊਠ ਲੱਦ ਕੇ ਮਾਝੇ ਦੇਸ ਗੁਰੂ ਦੇ ਚੱਕ ਜਾ ਉਤਰਿਆ। ਅੱਗੇ ਗੁਰੂ ਸਾਹਿਬ ਸੰਤੋਖ ਸਰ ਤੇ ਅੰਮ੍ਰਿਤਸਰ ਤਲਾਉ ਬਨਵਾ ਰਹੇ ਸੇ। ਅਨੇਕ ਸਿੱਖ ਜੋ ਸਾਹੂਕਾਰਾਂ ਦੇ ਪੁਤਰ ਮਾਲੂਮ ਹੁੰਦੇ ਸੇ,ਰਾਜਾਂ ਮਜੂਰਾਂ ਦਾ ਕੰਮ ਕਰਦੇ ਦੇਖ ਕੇ ਗੰਗਾ ਰਾਮ ਅਚਰਜ ਹੋ ਰਿਹਾ ਸੀ।.... ਦੂਜੇ ਦਿਨ ਉੱਥੇ ਅੰਨ ਮੁਕ ਗਿਆ...ਤਾਂ ਗੰਗਾ ਰਾਮ ਨੇ ਸੌ ਮਣ ਬਾਜਰੀ ਗੁਰੂ ਅਰਪਣ ਕੀਤੀ! ਮੋਹਰੇ ਆਏ ਵਿਸਾਖੀ ਦੇ ਮੇਲੇ 'ਤੇ ਗੁਰੂ ਜੀ ਨੇ ਉਹਦੇ ਅੱਗੇ ਮਾਇਆ ਦਾ ਢੇਰ ਲਾ ਕੇ ਆਖਿਆ ਕਿ ਭਾਈ ਮਿਸਰਾ ! ਤੂੰ ਆਪਣੀ ਬਾਜਰੀ ਦੀ ਕੀਮਤ ਲੈ ਲੈ! ਪਰ ਉਸਨੇ ਮਾਇਆ ਲੈਣ ਦੀ ਬਜਾਏ ਪੰਜ ਸੌ ਮਣ ਬਾਜਰੀ ਹੋਰ ਲੰਗਰ ਵਿੱਚ ਪਾ ਦਿੱਤੀ.....!

**ਪੰਜਵਾਂ-ਪੰਜਵਾਂ ਗੰਗਾ ਰਾਮ ਦਸਵੇਂ ਗੁਰੂ ਜੀ** ਦੀ ਭੂਆ ਬੀਬੀ ਵੀਰੋ ਦਾ ਪੁੱਤਰ ਸੀ ਜੋ ਭੰਗਾਣੀ ਦੀ ਲੜਾਈ ਵਿੱਚ ਵੱਡੀ ਬੀਰਤਾ ਨਾਲ ਲੜਿਆ!

**ਛੇਵਾਂ-ਇਹ ਛੇਵਾਂ ਗੰਗਾ ਰਾਮ ਅੰਗਰੇਜੀ ਰਾਜ** ਸਮੇਂ ਲਾਹੌਰ ਨਿਵਾਸੀ ਇੱਕ ਅਮੀਰ ਹਿੰਦੂ ਸੱਜਣ ਸੀ,ਜਿਸਨੇ 16 ਨਵੰਬਰ ਸੰਨ 1922 ਨੂੰ ਗੁਰੂ ਕੇ ਬਾਗ ਵਿਖੇ ਸਿੰਘਾਂ ਉੱਤੇ ਅੰਗਰੇਜ ਪੁਲੀਸ ਦਾ ਹੋ ਰਿਹਾ ਜ਼ੁਲਮੋਂ ਤਸ਼ੱਦਦ ਦੇਖ ਕੇ ਗੁਰਦੁਆਰੇ ਦੇ ਮਹੰਤ ਕੋਲੋਂ ਬਾਗ ਲੀਜ਼ 'ਤੇ ਲੈ ਲਿਆ! ਫਿਰ ਬਾਗ,ਸਿੰਘਾਂ ਨੂੰ ਅਰਪਣ ਕਰ ਦਿੱਤਾ ਕਿ ਖਾਲਸਾ ਜੀ ਬਾਗ ਵਿੱਚੋਂ ਜਿੱਥੋਂ ਮਰਜੀ,ਜਿੰਨਾਂ ਮਰਜੀ ਬਾਲਣ ਵੱਢੋ !ਇੰਜ ਗੁਰੂ ਕੇ ਬਾਗ ਵਾਲੇ ਮੋਰਚੇ ਦਾ ਅੰਤ ਹੋ ਗਿਆ ਸੀ!

**(ਸ੍ਰੋਤ-ਮਹਾਨ ਕੋਸ਼)**

ਮੈਂ ਕੋਈ ਇਤਿਹਾਸਕਾਰ ਨਹੀਂ ਤੇ ਨਾ ਹੀ ਵਿਦਵਾਨ ਹਾਂ ! ਜੇ ਕੋਈ ਸੱਜਣ ਉਤਲੇ ਵੇਰਵੇ ਵਿੱਚ ਕਿਸੇ ਤਰਾਂ ਦੀ ਵਾਧ-ਘਾਟ ਕਰ ਸਕਦਾ ਹੋਵੇ ਤਾਂ ਉਸਦਾ ਸਵਾਗਤ ਹੋਵੇ ਗਾ ਜੀ !!

**ਲੇਖਕ : ਤਰਲੋਚਨ ਸਿੰਘ 'ਦੁਪਾਲ ਪੁਰ',**
78146-92724

## ਕਲਗੀਧਰ

ਕਲ੍ਹ ਦੀਆਂ ਘੜੀਆਂ ਨੂੰ ਮੈਂ,
ਅੱਜ ਲਿਆਵਾਂ ਕਿਸ ਤਰ੍ਹਾਂ ?
ਵੀਹਵੀਂ ਸਦੀ ਤੋਂ ਪਰਤਕੇ,
ਪਿੱਛੇ ਨੂੰ ਜਾਵਾਂ ਜਿਸ ਤਰ੍ਹਾਂ ?
ਸੌਦਾ-ਗਰਾਂ ਨੂੰ ਇਸ਼ਕ ਦੀ,
ਮੁਰਲੀ ਸੁਣਾਵਾਂ ਕਿਸ ਤਰ੍ਹਾਂ ?
ਉਸ ਸਾਜ਼ 'ਤੇ ਇਸ ਰਾਗ ਦੇ,
ਨਗਮੇ ਨੂੰ ਗਾਵਾਂ ਕਿਸ ਤਰ੍ਹਾਂ ?
ਗੁਜ਼ਰੀ ਘੜੀ ਬੇਸ਼ੱਕ ਪਿੱਛੇ,
ਪਰਤ ਕੇ ਨਹੀਂ ਆਉਂਦੀ,
ਗੁਜ਼ਰੇ ਸਮੇਂ ਦੀ ਯਾਦ ਪਰ,
ਦਿਲ ਤੋਂ ਨਾ ਮੇਟੀ ਜਾਉਂਦੀ ।
ਯਾਦ ਸੱਚ-ਮੁੱਚ ਯਾਦ ਹੈ,
ਹੋਵੇ ਕਿਸੇ ਵੀ ਦੌਰ ਦੀ ।
ਦਿਲ ਦਿਆਂ ਪੰਨਿਆਂ ਉਤੇ,
ਉੱਕਰੀ ਗਈ ਜੋ ਜ਼ੋਰ ਦੀ ।
ਉਸ ਨੂੰ ਸਮਾਂ ਨਹੀਂ ਛੋੜਦਾ,
ਉਹ ਸਮੇਂ ਨੂੰ ਨਹੀਂ ਛੋੜਦੀ ।
ਕਿਸੇ ਨੇ ਭੁਲਾਈ ਹੈ ਕਥਾ,
ਸਿਰਹੰਦ ਦੀ, ਚਮਕੌਰ ਦੀ ।
ਆਪਣਾ ਹੈ ਹਿਰਦਾ ਬੋਲਦਾ,
ਆਵਾਜ਼ ਨਹੀਂ ਹੈ ਹੋਰ ਦੀ ।
ਸਦੀਆਂ ਸਾਲਾਂ ਦੀ ਵਿੱਥ,
ਬੇਸ਼ੱਕ ਪਰਦੇ ਪਾਉਂਦੀ ।
ਯਾਦ ਪਰ ਮਜਬੂਰ ਹੈ,
ਟੁੰਬ ਟੁੰਬ ਕੇ ਚੇਤੇ ਆਉਂਦੀ ।
ਦਿਲ ਦੀਆਂ ਨੁੱਕਰਾਂ ਨੂੰ ਡੂੰਘਾ,
ਜਦ ਕਦੇ ਵੀ ਫੋਲਿਆ ।
ਮਨ ਦੀਆਂ ਸੱਧਰਾਂ ਨੂੰ ਮਨ ਵਿਚ,
ਜਦ ਕਦੇ ਵੀ ਤੋਲਿਆ ।
ਆਪਣਾ ਇਹ ਅੰਦਰਲਾ, ਹਾਂ
ਜਦ ਕਦੇ ਵੀ ਬੋਲਿਆ ।
ਪ੍ਰੀਖਿਆ ਦਾ ਖ਼ਿਆਲ ਵੀ,
ਕਰ ਕਰ ਕੇ ਡਰਿਆ, ਡੋਲਿਆ ।
ਵੱਖਰਾ ਮੰਦਰ ਹੈ ਇਹ,
ਇਸ ਦੀ ਅਬਾਦਤ ਵੱਖਰੀ ।
ਵੱਖਰਾ ਮਰਨਾ ਹੈ ਇਹ,
ਇਹ ਹੈ ਸ਼ਹਾਦਤ ਵੱਖਰੀ ।
ਮੁਰਦੀਆਂ ਕੌਮਾਂ ਦੇ ਵਿਚ,
ਓ, ਜਾਨ ਪਾਵਣ ਵਾਲਿਆ !
ਵਿਤਕਰੇ ਸਭ ਮੇਟ ਕੇ,
ਅੰਮ੍ਰਿਤ ਪਿਆਵਣ ਵਾਲਿਆ !
ਜਬਰਾਂ ਦੇ ਉੱਸਰੇ ਮਹਿਲ,
ਦੇ ਸਰਬੰਸ ਢਾਵਣ ਵਾਲਿਆ !
ਦੁਨੀਆਂ ਨੂੰ ਆਪਾ-ਵਾਰਦਾ,
ਰਸਤਾ ਵਖਾਵਣ ਵਾਲਿਆ !
ਮੂੰਹ-ਜ਼ਬਾਨੀ ਤਾਂ ਬੇਸ਼ੱਕ,
ਤੇਰਾ ਹੀ ਜੱਸ ਹਾਂ ਗਾਉਂਦੇ ।
ਰਸਤਾ ਮਗਰ ਫੜਦੇ ਨਹੀਂ,
ਹਾਂ ਪਛਤਦੇ ਹੀ ਜਾਉਂਦੇ ।

**ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ**

## ਅੱਲਾ ਯਾਰ ਖਾਂ ਜੋਗੀ

ਜ਼ੁਲਮ ਵੇਖ ਹੋਏ ਸਾਹਿਬਜ਼ਾਦਿਆਂ 'ਤੇ,
ਝੱਟ ਉੱਠਿਆ ਸੀ ਕੁਰਲਾਅ ਯੋਗੀ।
ਲਿਖ ਤਿੱਖੇ ਮਰਸੀਏ ਵਾਹ ਕਲਮਾਂ,
ਮਾਰ ਹਾਅ ਦਾ ਨਾਅਰਾ ਗਿਆ ਯੋਗੀ।

ਪਰਖ ਮੁਗਲਾਂ ਦੀ ਔਕਾਤ ਗਿਆ,
ਤਾਹਨੇ ਮਿਹਣੇ ਚੋਭਾਂ ਲਾ ਯੋਗੀ।
ਦੱਸ ਕਰਤੂਤਾਂ ਗਿਆ ਥੁੱਕ ਮੂੰਹ 'ਤੇ,
ਪਾ ਸਿਰ 'ਚ ਗਿਆ ਸੁਆਹ ਯੋਗੀ।

ਭੇਦ ਖੋਲ੍ਹ ਗਿਆ ਸੂਬੇ ਸੁੱਚਿਆਂ ਦੇ,
ਨੀਵੇਂ ਬੁੱਚੜਾਂ ਤੋਂ ਗਿਆ ਵਿਖਾ ਯੋਗੀ।
ਪੱਤ ਰੋਲ਼ ਗਿਆ ਮੁਗਲ ਹਾਕਮਾਂ ਦੀ,
ਪਿਤਾ ਦਸਮੇਸ਼ ਦਾ ਡੰਕਾ ਵਜਾ ਯੋਗੀ।

ਕਲਮ ਐਸੀ ਗਿਆ ਵਾਹ 'ਭਗਤਾ',
ਗਿਆ ਜ਼ਾਲਮਾਂ ਨੂੰ ਤੜਫਾ ਯੋਗੀ।
ਲਿਖ ਧਰ ਗਿਆ ਲੱਖਾਂ ਲਾਹਣਤਾਂ ਨੂੰ,
ਅੱਲਾ ਯਾਰ ਖਾਂ ਹਕੀਮ ਨਾਂਅ ਯੋਗੀ।

**ਲਿਖਤ : ਬਰਾੜ ਭਗਤਾ ਭਾਈ ਕਾ,**
**ਸੰਪਰਕ : 1-604-751-1113**

## ਕੋਈ ਭੇਜ 'ਬੰਦਾ'

ਬਾਜਾਂ ਵਾਲਿਆ ਤੇਰੇ ਉਹ ਤੀਰ ਕਿੱਥੇ ?
ਜਿਨ੍ਹਾਂ ਜ਼ੁਲਮ ਨੂੰ ਨੱਥ ਵਿਖਾਇਆ ਸੀ।
ਕਲਗੀ ਵਾਲਿਆ ਤੇਰੀ ਸ਼ਮਸ਼ੀਰ ਕਿੱਥੇ ?
ਜਿਨ੍ਹੇ ਧਰਮ ਦਾ ਬੇੜਾ ਬਚਾਇਆ ਸੀ ।
ਅੰਮ੍ਰਿਤ ਵਾਲਿਆ ਅੰਮ੍ਰਿਤ ਦੇ ਘੁੱਟ ਕਿੱਥੇ ?
ਜਿਨ੍ਹਾਂ ਚਿੜੀਉਂ ਬਾਜ਼ ਤੁੜਾਇਆ ਸੀ ।
ਨੀਲੇ ਵਾਲਿਆ ਤੇਰੀ ਉਹ ਨਜ਼ਰ ਕਿੱਥੇ ?
ਜਿਨ੍ਹੇ ਸੈਦ ਖਾਂ ਬੰਨ੍ਹ ਬਹਾਇਆ ਸੀ ।
ਤੇਰੇ ਮਾਖਿਉਂ ਮਿੱਠੜੇ ਬੋਲ ਕਿੱਥੇ
ਜਿਹੜੇ ਦਿਲਾਂ ਦੀ ਮੈਲ ਸਭ ਧੋਂਵਦੇ ਸਨ ।
ਨਿੱਕੇ ਵੱਡਿਆਂ ਖਿਲਰਿਆਂ ਹੋਇਆਂ ਨੂੰ
ਇੱਕੋ ਲੜੀ ਦੇ ਵਿੱਚ ਪਰੋਂਵਦੇ ਸਨ ।
ਤੇਰੀ ਢਾਲ ਸੀ ਓਟ ਨਿਹੱਥਿਆਂ ਦੀ
ਤੇਰਾ ਛਾਇਆ ਸੀ 'ਹੁਮਾ' ਦੀ ਛਾਂ ਵਰਗਾ ।
ਜੇ ਅਨਾਥ ਕੋਈ ਤੇਰੇ ਲੜ ਆ ਲੱਗਾ
ਉਹਨੂੰ ਪਿਆਰ ਮਿਲਿਆ ਸਕੀ ਮਾਂ ਵਰਗਾ ।
ਆਕੇ ਵੇਖ ਤੇਰੇ ਤੈਨੂੰ ਕਹਿਣ ਵਾਲੇ
ਇੱਕ ਦੂਜੇ ਤੇ ਚਿੱਕੜ ਸੁੱਟਦੇ ਨੇ ।
ਤੇਰੇ ਨਾਂ ਤੇ ਭੋਲਿਆਂ ਭਾਲਿਆਂ ਨੂੰ
ਬੇਤਰਸ ਹੋ ਕਿਦਾਂ ਇਹ ਲੁੱਟਦੇ ਨੇ ।
ਇੱਜਤ ਗ਼ੈਰਾਂ ਦੀ ਜੋ ਬਚਾਉਣ ਵਾਲੇ
ਇੱਜਤ ਆਪਣੀ ਪੈਰਾਂ ਵਿੱਚ ਰੋਲ ਰਹੇ ਨੇ ।
ਭਰੇ ਮੋਤੀਆਂ ਦੇ ਸਾਗਰ ਛੱਡ ਅਪਣੇ
ਮੋਤੀ ਹੋਰਾਂ ਦੇ ਘੜੇ ਵਿੱਚ ਟੋਲ੍ਹ ਰਹੇ ਨੇ ।
ਤੁਸਾਂ ਤਲੇ ਮਸੰਦ ਜਾਂ ਤੇਲ ਦੇ ਵਿੱਚ
ਹੋਊ ਸੋਚਿਆ ਖਤਮ ਇਹ ਜੰਦ ਹੋ ਗਈ ।
ਰਕਤ ਬੀਜ ਵਾਂਗੂੰ ਕਿੰਨੇ ਹੋਏ ਪੈਦਾ
ਵੇਖ ਹੱਦ ਹੋ ਗਈ ! ਇਹ ਤਾਂ ਹੱਦ ਹੋ ਗਈ !!
'ਗੁਰੂ ਗ੍ਰੰਥ' ਦੀ ਗੱਲ ਇਹ ਸਮਝਦੇ ਨਹੀਂ
ਗੱਲਾਂ ਹੋਰ ਦੀਆਂ ਹੋਰ ਹੀ ਜੜੀ ਜਾਂਦੇ ।
ਕਹਿੰਦੇ ਖੋਲ੍ਹ ਕੇ ਅਰਥ ਸਮਝਾਂਵਦੇ ਹਾਂ
ਮਨਘੜਤ ਕਹਾਣੀਆਂ ਘੜੀ ਜਾਂਦੇ ।
ਬੀਰ ਰਸ ਤੇ ਅਣਖ ਸਭ ਭੁੱਲ ਗਏ ਨੇ
ਝੂਠ ਬੋਲਣ ਨੂੰ ਇਹ ਦਾਨਾਈ ਕਹਿੰਦੇ ।
ਦਾਨ ਖਾ ਖਾ ਫੁੱਲੀਂ ਇਹ ਜਾਂਵਦੇ ਨੇ
ਹੈ ਵੱਡੀ ਇਹ ਲੋਕ ਭਲਾਈ ਕਹਿੰਦੇ ।
ਮੈਨੂੰ ਪਤੈ ਤੁਹਾਨੂੰ ਨਹੀਂ ਵਿਹਲ ਹੋਣੀ
ਅਰਬਾਂ ਹੋਰ ਵੀ ਖੰਡ ਬ੍ਰਹਿਮੰਡ ਤੇਰੇ ।
ਕੋਈ ਭੇਜ 'ਬੰਦਾ' ਜਿਹੜਾ ਕਰੇ ਸਿੱਧੇ
ਉਲਟੇ ਹੋ ਰਹੇ ਏਥੇ ਪਾਖੰਡ ਜਿਹੜੇ ।

**ਲੇਖਕ : ਕਰਮਜੀਤ ਸਿੰਘ ਗਠਵਾਲਾ**

## ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

ਚੁੰਨੀ ਤੇ ਦਸਤਾਰ ਨਾ ਹੁੰਦੇ
ਦੁਨੀਆ ਤੇ ਸਰਦਾਰ ਨਾ ਹੁੰਦੇ

ਕੰਘਾ ਕੜਾ ਤੇ ਕੇਸ ਨਾ ਹੁੰਦਾ ,
ਜੇ ਬਾਪੂ ਦਸਮੇਸ਼ ਨਾ ਹੁੰਦਾ

ਚੜਦਾ ਕਦੇ ਤਿਰੰਗਾ ਨਾ
ਜੇ ਹੁੰਦਾ ਕੇਸਰੀ ਝੰਡਾ ਨਾ

ਹਿੰਦੂਆਂ ਦਾ ਕੋਈ ਪਿੰਡ ਨਾ ਹੁੰਦਾ,
ਜੇ ਗੁਰੂ ਗੋਬਿੰਦ ਨਾ ਹੁੰਦਾ

ਜੇ ਦਿੱਲੀ ਬਲੀਦਾਨ ਨਾ ਹੁੰਦਾ
ਹਿੰਦੂ ਹਿੰਦੋਸਤਾਨ ਨਾ ਹੁੰਦਾ

ਭਾਰਤ ਕੋਈ ਦੇਸ਼ ਨਾ ਹੁੰਦਾ,
ਜੇ ਬਾਪੂ ਦਸਮੇਸ਼ ਨਾ ਹੁੰਦਾ

ਨਾ ਹੀ ਕਦੇ ਨਗਾਰੇ ਵੱਜਦੇ
ਨਾ ਇਹ ਕਦੇ ਜੈਕਾਰੇ ਲੱਗਦੇ
ਨਾ ਹੀ ਅੱਜ ਦਮਾਲੇ ਸੱਜਦੇ
ਖਾਲਸਾ ਪੰਥ ਬਹਾਲ ਨਾ ਹੁੰਦਾ ,
ਜੇ ਗੁਜਰੀ ਦਾ ਲਾਲ ਨਾ ਹੁੰਦਾ

ਧੰਨ ਹੋ ਗਏ ਮਾਛੀਵਾੜੇ
ਚਮਕੌਰ ਗੜੀ ਸਰਹੰਦ ਪਿਆਰੇ

ਅਨੰਦਪੁਰੀ ਦੇ ਰਾਹ ਨਾ ਹੁੰਦੇ,
ਸ਼ਾਹੇ ਸ਼ਹਿਨਸ਼ਾਹ ਨਾ ਹੁੰਦੇ

ਸਾਡੀ ਵੱਖਰੀ ਦਿੱਖ ਨਾ ਹੁੰਦੀ
ਜੱਗ ਤੇ ਚੌੜੀ ਹਿੱਕ ਨਾ ਹੁੰਦੀ

ਡਾਨਸੀਵਾਲੀਆ ਮਾਣ ਨਾ ਹੁੰਦੇ ,
ਜੇ ਸੋਢੀ ਸੁਲਤਾਨ ਨਾ ਹੁੰਦੇ

ਖਾਲਸਾ ਪੰਥ ਦਲੇਰ ਨਾ ਹੁੰਦਾ ,
ਜੇ ਮਰਦ ਅਗੰਮੜਾ ਸ਼ੇਰ ਨਾ ਹੁੰਦਾ

**ਕੁਲਵੀਰ ਸਿੰਘ ਡਾਨਸੀਵਾਲ , 778 863 2472**

## ਇਤਿਹਾਸ ਦੀ ਬੋਲੀ

ਦਸਵੇਂ ਗੁਰੂ ਦੇ ਜਨਮ ਦਿਹਾੜੇ,
ਮੈਂ ਇਤਿਹਾਸ ਦੀ ਬੋਲੀ ਪਾਵਾਂ,
ਇਕ ਲਾਲ ਅਮੋਲਕ ਸਤਾਰਵੀਂ ਦਾ
ਮੈਂ ਵੀਹਵੀਂ ਸਦੀ ਨੂੰ ਦਿਖਾਵਾਂ,

ਸਾਵਣ ਘਟਾ ਕਾਲੀਆਂ ਦੇ ਵਿਚ
ਬਿਜਲੀ ਮੈਂ ਲਿਸ਼ਕਾਵਾਂ,
ਜੀਹਦੀ ਕੜਕ ਸੁਣ ਪਰਬਤ ਹਿਲ ਗਏ,
ਰੁਖ ਬਦਲੇ ਦਰਿਆਵਾਂ,

ਝੁਲ ਪਈਆਂ ਦੇਸ਼ ਪੰਜਾਬ ਵਿਚ
ਕੁਈ ਜੁਗ-ਗਰਦੀ ਦੀਆਂ ਵ੍ਹਾਵਾਂ,
ਉਡਦੇ ਜਾਣ ਰਵਾਜ ਪੁਰਾਣੇ,
ਢਲਦੀਆਂ ਜਾਵਣ ਛਾਵਾਂ,

ਪਾਤਸ਼ਾਹਾਂ ਦੀਆਂ ਗਦੀਆਂ ਹਿਲੀਆਂ,
ਮਹਿਲੀਂ ਮਚੀਆਂ ਧਾਹਵਾਂ,
ਚਿੜੀਆਂ ਉਡ ਉਡ ਆਖਣ ਲਗੀਆਂ,
ਬਾਜ਼ਾਂ ਨੂੰ ਅਸੀਂ ਖਾਵਾਂ ।

ਧਰਤੀ ਬੋਲ ਪਈ,
ਜੁਗ ਮੈਂ ਨਵਾਂ ਲਿਆਵਾਂ ।

ਆਨੰਦ ਪੁਰ, ਚਮਕੌਰ ਸਾਹਿਬ ਵਲ
ਝਾਤੀ ਇਕ ਮੈਂ ਮਾਰਾਂ,
ਯਾਦਾਂ ਪਿਛਲੀਆਂ ਚੇਤੇ ਆਈਆਂ,

ਮੇਰੇ ਦਿਲ ਦੀਆਂ ਹਿਲੀਆਂ ਤਾਰਾਂ,
ਚੇਤੇ ਆ ਗਈਆਂ ਮਾਛੀਵਾੜੇ ਤੇ
ਲਖੀ ਜੰਗਲ ਦੀਆਂ ਬਾਰਾਂ,
ਸਰਹੰਦ ਕਿਲ੍ਹੇ ਦੀਆਂ ਕੰਧਾਂ ਵਿਚੋਂ

ਲਹੂ ਦੀਆਂ ਵਗਦੀਆਂ ਧਾਰਾਂ,
ਚੱਪਾ ਚੱਪਾ ਮਾਲਵੇ ਦਾ
ਪਿਆ ਗਾਏ ਸ਼ਹੀਦੀ ਵਾਰਾਂ,

ਦਿਲੀਓਂ ਚੜ੍ਹੀਆਂ ਘਟਾਂ ਕਾਲੀਆਂ,
ਕਰਦੀਆਂ ਮਾਰੋ ਮਾਰਾਂ,
ਸਤਲੁਜ ਕੰਢਿਓਂ ਗੂੰਜ ਪਈਆਂ
ਪਰ ਜਨਤਾ ਦੀਆਂ ਲਲਕਾਰਾਂ,

ਜੀਵਨ ਮੌਤ ਦੀ ਛਿੜੀ ਲੜਾਈ
ਖੜਕ ਪਈਆਂ ਤਲਵਾਰਾਂ ।
ਜੁਗ ਬਦਲਾਉਣ ਦੀਆਂ
ਤੁਰ ਪਈਆਂ ਜਗ ਤੇ ਵਾਰਾਂ ।

**ਲੇਖਕ : ਹੀਰਾ ਸਿੰਘ ਦਰਦ**

## ਸਭ ਦਾ ਪ੍ਰੀਤਮ

ਮੋਏ ਵਿਚ ਜਾਨ ਆਈ
ਆਪੇ ਦੀ ਪਛਾਣ ਆਈ ।
ਪਿਆ ਜੀਹਤੇ ਇਕੋ ਵੇਰ
ਮਿਹਰ ਝਲਕਾਰਾ ਏ ।
ਨੂਰ ਪਿਚਕਾਰੀ ਮਾਰੀ
ਦਿਲ ਵੇਹੜੇ ਨੂਰ ਹੋਏ,
ਚਾਨਣ ਪਸਾਰ ਮੇਟ
ਦਿਤਾ ਅੰਧਕਾਰਾ ਏ ।
ਕਠੇ ਕਰ ਬੀਰਤਾ,
ਗੰਭੀਰਤਾ, ਤਿਆਗ, ਰਾਜ,
ਪ੍ਰੇਮੀਆਂ ਨੂੰ ਪ੍ਰੇਮ-ਰਸ
ਪਾਪੀ ਨੂੰ 'ਦੁਧਾਰਾ' ਏ ।
ਇਕੋ ਭਾਵ ਦੋਹਾਂ ਦਾ,
ਪਛਾਣਿਆਂ ਪਛਾਣ ਆਵੇ ।
ਖੰਡਾ ਵੀ ਦੁਧਾਰਾ
ਮਾਨੋਂ ਪ੍ਰੇਮ-ਰਸ ਧਾਰਾ ਏ ।

ਛੋਹੇ, ਬਸ ਮੋਏ,
ਨਹੀਂ, ਮਰ ਕੇ ਅਮਰ ਹੋਏ,
'ਮੋਏ' ਕਿ 'ਅਮਰ' ਹੋਏ
ਡੂੰਘੀ ਇਹ ਵਿਚਾਰਾ ਏ ।
ਵੈਰੀ ਕੌਣ, ਮੀਤ ਕੌਣ,
ਮਰੇ ਕੌਣ, ਮਾਰੇ ਕੌਣ,
ਸਮਝ ਨਾ ਆਈ ਅਦਭੁਤ
ਇਹ ਨਜ਼ਾਰਾ ਏ ।
ਭੋਲੇ ਲੋਕ ਪੁਛਦੇ
ਪਿਆਰੇ ਦਸਮੇਸ ਜੀ ਨੇ,
ਕਿਹੜੇ ਪਾਸੇ ਹੋ ਕੇ
ਕਿਨ੍ਹਾਂ ਲਈ ਬੰਸ ਵਾਰਾ ਏ ?
ਸਾਰੇ ਪਾਸੇ ਉਸ ਦੇ
ਤੇ ਉਸਦਾ ਨਾ ਪਾਸਾ ਕੋਈ,
ਸਭ ਦਾ ਸਹਾਰਾ ਏ
ਉਹ ਪ੍ਰੀਤਮ ਪਿਆਰਾ ਏ ।

**ਲੇਖਕ : ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ**

# ਨਾਰੀ ਸੰਸਾਰ

## ਇੰਟਰਨੈੱਟ ਦੇ ਦੌਰ ’ਚ ਅਜੋਕੀ ਪੀੜ੍ਹੀ ਨੂੰ ਕਿਵੇਂ ਕਿਤਾਬਾਂ ਨਾਲ ਜੋੜੀਏ ?



**ਲੇਖਕ : ਸੁਖਮਿੰਦਰ ਸਿੰਘ ਸਹਿੰਸਰਾ**
**ਮੋਬਾਈਲ : 98766-52900**

ਕਿਤਾਬਾਂ ਸਿਰਫ਼ ਕਾਗ਼ਜ਼ਾਂ ਦਾ ਸਮੂਹ ਨਹੀਂ, ਗਿਆਨ ਦਾ ਭੰਡਾਰ ਹੁੰਦੀਆਂ ਹਨ। ਕਾਗ਼ਜ਼ ਦੀ ਕੀਮਤ ਉਸ ’ਤੇ ਛਪੇ ਹੋਏ ਗਿਆਨ ਕਰਕੇ ਹੁੰਦੀ ਹੈ। ਕੋਰੇ ਕਾਗ਼ਜ਼ ਤਾਂ ਰੱਦੀ ਦੇ ਸਮਾਨ ਹੁੰਦੇ ਹਨ। ਇੰਟਰਨੈੱਟ ਦਾ ਯੁੱਗ ਹੋਣ ਜਾਂ ਕਈ ਹੋਰ ਕਾਰਨਾਂ ਕਰਕੇ ਕਿਤਾਬਾਂ ਦਾ ਸਨਮਾਨ ਘਟ ਰਿਹਾ ਹੈ। ਇਹ ਕਦੇ ਨਾ ਭੁੱਲੋ ਕਿ ਦੁਨੀਆ ਦੇ ਮਹਾਨ ਵਿਗਿਆਨੀ ਤੇ ਵਿਦਵਾਨ ਕਿਤਾਬਾਂ ਦੀ ਹੀ ਦੇਣ ਹਨ। ਜਿਹੜੇ ਇਹ ਕਹਿੰਦੇ ਹਨ ਕਿ ਹੁਣ ਸਭ ਕੁਝ ਨੈੱਟ ’ਤੇ ਮੌਜੂਦ ਹੈ ਤਾਂ ਕਿਤਾਬਾਂ ਦੀ ਕੀ ਜ਼ਰੂਰਤ ਹੈ, ਉਹ ਇਹ ਸਮਝ ਲੈਣ ਕਿ ਨੈੱਟ ’ਤੇ ਮੌਜੂਦ ਜਾਣਕਾਰੀ ਦਾ ਸਰੋਤ ਕਿਤਾਬਾਂ ਹੀ ਤਾਂ ਹਨ। ਮੈਂ ਸਿਵਲ ਸਰਵਿਸ ’ਚ ਮਨੋਵਿਗਿਆਨ ਦਾ ਵਿਸ਼ਾ ਚੋਣਵੇ ਵਿਸ਼ੇ ਵਜੋਂ ਲਿਆ ਸੀ। ਉਨ੍ਹਾਂ ਦਿਨਾਂ ਵਿਚ ਸ਼ੁਸ਼ਾਂਤ ਨਾਂ ਦਾ ਇਕ ਵਿਦਿਆਰਥੀ ਜੋ ਸਿਵਲ ਸਰਵਿਸ ਦੀ ਪ੍ਰੀਖਿਆ ’ਚੋਂ ਪੂਰੇ ਭਾਰਤ ’ਚੋਂ ਅੱਵਲ ਰਿਹਾ ਸੀ, ਦਾ ਚੋਣਵਾਂ ਵਿਸ਼ਾ ਵੀ ਇਹੋ ਹੀ ਸੀ। ਇਕ ਮੈਗਜ਼ੀਨ ਨੂੰ ਦਿੱਤੀ ਇੰਟਰਵਿਊ ਵਿਚ ਉਸ ਨੇ ਇਸ ਵਿਸ਼ੇ ਬਾਰੇ ਸਭ ਤੋਂ ਲਾਭਦਾਇਕ ਸਿੱਧ ਹੋਈ ਕਿਤਾਬ ਦਾ ਨਾਂ ਦੱਸਿਆ। ਕਿਤਾਬ ਕਾਫ਼ੀ ਮਹਿੰਗੀ ਸੀ। ਮੈਂ ਉਹ ਕਿਤਾਬ ਖ਼ਰੀਦਣ ਦਾ ਚਾਹਵਾਨ ਤਾਂ ਸਾਂ ਪਰ ਕੋਲ ਇੰਨੇ ਪੈਸੇ ਨਹੀਂ ਸਨ। ਮੈਂ ਜ਼ਿਆਦਾਤਰ ਕਿਤਾਬਾਂ ਲਾਇਬ੍ਰੇਰੀ ’ਚੋਂ ਹੀ ਲੈ ਕੇ ਪੜ੍ਹਦਾ ਹੁੰਦਾ ਸੀ ਪਰ ਉਹ ਕਿਤਾਬ ਲਾਇਬ੍ਰੇਰੀ ਵਿਚ ਵੀ ਨਹੀਂ ਸੀ। ਮੁਸ਼ਕਲ ਨਾਲ ਪੈਸੇ ਦਾ ਪ੍ਰਬੰਧ ਕਰ ਕੇ ਮੈਂ ਮਾਰਕੀਟ ’ਚੋਂ ਉਹ ਕਿਤਾਬ ਖ਼ਰੀਦਣ ਲਈ ਗਿਆ ਪਰ ਬਾਜ਼ਾਰ ਵਿਚ ਵੀ ਇਹ ਕਿਤਾਬ ਮੁਹੱਈਆ ਨਹੀਂ ਸੀ। ਮੈਂ ਲੇਖਕ ਨਾਲ ਸੰਪਰਕ ਕੀਤਾ ਤੇ ਉਸ ਨੇ ਡਾਕ ਰਾਹੀਂ ਕਿਤਾਬ ਭਿਜਵਾ ਦਿੱਤੀ। ਮੈਂ ਇਸ ਵਿਸ਼ੇ ਬਾਰੇ ਪਹਿਲਾਂ ਕਾਫ਼ੀ ਕਿਤਾਬਾਂ ਪੜ੍ਹ ਚੁੱਕਾ ਸਾਂ ਪਰ ਉਸ ਕਿਤਾਬ ’ਚੋਂ ਬਹੁਤ ਕੁਝ ਨਵਾਂ ਪੜ੍ਹਨ ਨੂੰ ਮਿਲਿਆ। ਨੱਬੇ ਫ਼ੀਸਦੀ ਪੇਪਰ ਉਸ ਕਿਤਾਬ ’ਚੋਂ ਹੀ ਆਇਆ। ਚੰਗੇ ਨੰਬਰ ਆ ਗਏ। ਇੰਟਰਵਿਊ (ਪਰਸਨੈਲਿਟੀ ਟੈਸਟ) ਵਿਚ ਵੀ ਉਹ ਕਿਤਾਬ ਬੇਹੱਦ ਲਾਭਦਾਇਕ ਸਿੱਧ ਹੋਈ।

ਮੁਕਾਬਲੇ ਦੀਆਂ ਪ੍ਰੀਖਿਆਵਾਂ ’ਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਵਿਚ ਕਿਤਾਬਾਂ ਪੜ੍ਹਨ ਦੀ ਬਜਾਏ ਸਿਰਫ਼ ਨੋਟਸ ਪੜ੍ਹਨ ਦਾ ਰੁਝਾਨ ਵਧ ਰਿਹਾ ਹੈ। ਇਹ ਰੁਝਾਨ ਨਿੱਜੀ ਅਦਾਰਿਆਂ ਵਾਲਿਆਂ ਨੇ ਸ਼ੁਰੂ ਕੀਤਾ ਹੈ। ਨੋਟਸ ਪੜ੍ਹਨਾ ਮਾੜੀ ਗੱਲ ਨਹੀਂ ਹੈ ਪਰ ਕਿਤਾਬ ਤੋਂ ਬਗ਼ੈਰ ਕਿਸੇ ਵਿਸ਼ੇ ਨੂੰ ਡੂੰਘਾਈ ’ਚ ਪੜ੍ਹਨਾ ਜਾਂ ਸਮਝਣਾ ਬਹੁਤ ਮੁਸ਼ਕਲ ਹੈ। ਮੈਂ ਨੋਟਸ ਦੀ ਸੱਚਾਈ ਦੱਸਣ ਲੱਗਾ ਹਾਂ। ਦਰਅਸਲ ਇੰਸਟੀਚਿਊਟ ਵਾਲੇ ਵਿਦਿਆਰਥੀਆਂ ਨੂੰ ਚੰਗੇ ਲੇਖਕਾਂ ਦੀਆਂ ਕਿਤਾਬਾਂ ਪੜ੍ਹਨ ਦੀ ਸਿਫ਼ਾਰਸ਼ ਕਰਨ ਵਿਚ ਬੇਇੱਜ਼ਤੀ ਮਹਿਸੂਸ ਕਰਦੇ ਹਨ। ਜ਼ਿਆਦਾਤਰ ਅਦਾਰਿਆਂ ਵਾਲੇ ਇਕ ਵਿਸ਼ੇ ਬਾਰੇ ਚੰਗੇ ਲੇਖਕਾਂ ਦੀਆਂ ਦਸ-ਪੰਦਰਾਂ ਕਿਤਾਬਾਂ ਲੈ ਕੇ ਉਨ੍ਹਾਂ ’ਚੋਂ ਆਪਣੇ ਢੰਗ ਨਾਲ ਨੋਟਸ ਤਿਆਰ ਕਰ ਕੇ ਉਨ੍ਹਾਂ ’ਤੇ ਆਪਣੀ ਸੰਸਥਾ ਦੀ ਮੋਹਰ ਲਾ ਕੇ ਵਿਦਿਆਰਥੀਆਂ ਨੂੰ ਪੜ੍ਹਨ ਲਈ ਦਿੰਦੇ ਹਨ। ਇਨ੍ਹਾਂ ਕਿਤਾਬਾਂ ਦੇ ਲੇਖਕ ਕੌਣ ਹੁੰਦੇ ਹਨ? ਇਹ ਉਹ ਲੇਖਕ ਹੁੰਦੇ ਹਨ ਜੋ ਕੌਮੀ ਪੱਧਰ ’ਤੇ ਮੁਕਾਬਲਿਆਂ ਵਿਚ ਬੈਠਣ ਵਾਲੇ ਵਿਦਿਆਰਥੀਆਂ ਲਈ ਪੇਪਰ ਤਿਆਰ ਕਰਦੇ ਹਨ। ਹੁਣ ਇਹ ਸੋਚੋ ਕਿ ਜਿਹੜੇ ਲੇਖਕ ਇਹ ਪੇਪਰ ਤਿਆਰ ਕਰਦੇ ਹਨ, ਉਨ੍ਹਾਂ ਨੂੰ ਆਪਣੇ ਵਿਸ਼ੇ ਬਾਰੇ ਕਿੰਨਾ ਗਿਆਨ ਹੁੰਦਾ ਹੋਵੇਗਾ। ਇਨ੍ਹਾਂ ਲੇਖਕਾਂ ਨੇ ਆਪਣੀ ਜ਼ਿੰਦਗੀ ਵਿਚ ਵਿਸ਼ੇ ਤੋਂ ਇਲਾਵਾ ਹੋਰ ਕੁਝ ਨਹੀਂ ਸੋਚਿਆ ਹੁੰਦਾ। ਕਿੰਨੀ ਵੱਡੀ ਗੱਲ ਹੈ ਕਿ ਇਨ੍ਹਾਂ ਲੇਖਕਾਂ ਨੂੰ ਕਿਤਾਬ ਦੇ ਨਾਂ ਨਾਲ ਨਹੀਂ ਸਗੋਂ ਕਿਤਾਬ ਨੂੰ ਇਨ੍ਹਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਵਿਦਿਆਰਥੀ ਕਿਤਾਬ ਖ਼ਰੀਦਣ ਸਮੇਂ ਅਜਿਹੇ ਲੇਖਕਾਂ ਦੇ ਨਾਂ ਪਹਿਲਾਂ ਤੇ ਕਿਤਾਬ ਦਾ ਨਾਂ ਬਾਅਦ ਵਿਚ ਲੈਂਦੇ ਹਨ ਪਰ ਨੋਟਸ ਦੇ ਰੁਝਾਨ ਕਾਰਨ ਇਨ੍ਹਾਂ ਲੇਖਕਾਂ ਦੀਆਂ ਮਾਰਕੀਟ ਵਿਚ ਪਈਆਂ ਕਿਤਾਬਾਂ ਨੂੰ ਸਿਉਂਕ ਖਾ ਜਾਂਦੀ ਹੈ। ਦੱਸੋ, ਹੁਣ ਇਹ ਕਿਤਾਬਾਂ ਕਿੱਥੇ ਜਾਣ?

ਹੁਣ ਤਾਂ ਸਕੂਲਾਂ ਵਾਲਿਆਂ ਨੇ ਹੀ ਕਿਤਾਬਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ ਹਨ। ਉਂਜ ਸਕੂਲਾਂ ਦਾ ਕੰਮ ਪੜ੍ਹਾਉਣਾ ਹੈ, ਕਿਤਾਬਾਂ ਵੇਚਣਾ ਨਹੀਂ। ਇਨ੍ਹਾਂ ਨੇ ਕਿਤਾਬਾਂ ਵੇਚਣ ਵਾਲੇ ਦੁਕਾਨਦਾਰਾਂ ਨੂੰ ਵਿਹਲੇ ਬਿਠਾ ਦਿੱਤਾ ਹੈ। ਪ੍ਰਕਾਸ਼ਕ ਦੁਕਾਨਾਂ ’ਤੇ ਕਿਤਾਬਾਂ ਰੱਖਣ ਦੀ ਬਜਾਏ ਸਿੱਧੀ ਸਕੂਲਾਂ ਵਾਲਿਆਂ ਕੋਲ ਪਹੁੰਚ ਕਰ ਲੈਂਦੇ ਹਨ। ਪਹਿਲਾਂ ਹਰ ਪ੍ਰਕਾਸ਼ਕ ਵੱਧ ਤੋਂ ਵੱਧ ਜਾਣਕਾਰੀ ਭਰਪੂਰ ਕਿਤਾਬਾਂ ਪ੍ਰਕਾਸ਼ਿਤ ਕਰਨ ਵਿਚ ਜ਼ੋਰ ਲਾ ਦਿੰਦਾ ਸੀ ਤਾਂ ਕਿ ਮਾਰਕੀਟ ’ਚੋਂ ਵਿਦਿਆਰਥੀ ਸਿਰਫ਼ ਉਸ ਦੀਆਂ ਕਿਤਾਬਾਂ ਹੀ ਖ਼ਰੀਦਣ ਪਰ ਹੁਣ ਇਨ੍ਹਾਂ ਦੀ ਸਕੂਲਾਂ ਵਾਲਿਆਂ ਨਾਲ ਸਿੱਧੀ ਪਹੁੰਚ ਕਾਰਨ ਕਿਤਾਬਾਂ ਵਿਚਲੀ ਜਾਣਕਾਰੀ ਤੇ ਬਣਤਰ ਦੋਵੇਂ ਪੱਖਾਂ ਤੋਂ ਗਿਰਾਵਟ ਆ ਰਹੀ ਹੈ। ਪ੍ਰਕਾਸ਼ਕਾਂ ਨੇ ਤਾਂ ਸਕੂਲਾਂ ਵਾਲਿਆਂ ਨੂੰ ਕਿਤਾਬਾਂ ਵੇਚ ਹੀ ਲੈਣੀਆਂ ਹੁੰਦੀਆਂ ਹਨ ਕਿਉਂਕਿ ਇਨ੍ਹਾਂ ਨੂੰ ਸਕੂਲਾਂ ਵਾਲਿਆਂ ਦੀ ਕਮਜ਼ੋਰੀ ਦਾ ਪਤਾ ਹੈ। ਸਕੂਲ ਵਾਲੇ ਇਨ੍ਹਾਂ ਕੋਲੋਂ ਘੱਟ ਮੁੱਲ ’ਤੇ ਕਿਤਾਬਾਂ ਖ਼ਰੀਦ ਕੇ ਵਿਦਿਆਰਥੀਆਂ ਨੂੰ ਪੂਰੇ ਮੁੱਲ ’ਤੇ ਵੇਚਦੇ ਹਨ। ਪ੍ਰਕਾਸ਼ਕ ਘੱਟ ਮੁੱਲ ’ਤੇ ਕਿਤਾਬਾਂ ਵੇਚ ਕੇ ਵੀ ਪੈਸੇ ਕਮਾ ਰਹੇ ਹਨ। ਜ਼ਰੂਰਤ ਪੈਣ ’ਤੇ ਇਨ੍ਹਾਂ ਕਿਤਾਬਾਂ ’ਚੋਂ ਕੋਈ ਕਿਤਾਬ ਮਾਰਕੀਟ ਤੋਂ ਲੈਣ ਜਾਓ ਤਾਂ ਕਦੇ ਨਹੀਂ ਮਿਲਦੀ। ਸਿਰਫ਼ ਸਕੂਲੋਂ ਹੀ ਮਿਲੇਗੀ। ਦੱਸੋ, ਹੁਣ ਚੰਗੇ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਕਿੱਥੇ ਜਾਣ?

ਇੰਟਰਨੈੱਟ ਦੀ ਵਰਤੋਂ ਕੋਈ ਮਾੜੀ ਗੱਲ ਨਹੀਂ। ਇੰਟਰਨੈੱਟ ਜਾਂ ਕੰਪਿਊਟਰ ਬਾਰੇ ਜਾਣਨਾ ਇਕ ਅਲੱਗ ਵਿਸ਼ਾ ਹੈ ਪਰ ਆਪਣੀ ਯੋਗਤਾ ਦੀ ਵਰਤੋਂ ਕਰਨ ਦੀ ਬਜਾਏ ਇੰਟਰਨੈੱਟ ਦੀ ਸਹਾਇਤਾ ਲੈਣੀ ਠੀਕ ਨਹੀਂ ਹੈ। ਅਧਿਆਪਕਾਂ ਨੇ ਆਪਣਾ ਕੰਮ ਘਟਾ ਦਿੱਤਾ ਹੈ। ਕਿਤਾਬਾਂ ’ਚੋਂ ਕੋਈ ਦੱਸ ਕੇ ਰਾਜ਼ੀ ਨਹੀਂ। ਹਰੇਕ ਸਵਾਲ ਦਾ ਜਵਾਬ ਇੰਟਰਨੈੱਟ ’ਚੋਂ ਲੱਭਣ ਲਈ ਕਹਿੰਦੇ ਹਨ। ਬੱਚੇ ਘਰ ਆ ਕੇ ਕੰਪਿਊਟਰ ਨਾਲ ਚਿੰਬੜ ਜਾਂਦੇ ਹਨ। ਕਿਤਾਬਾਂ ਬਸਤਿਆਂ ਵਿਚ ਪਈਆਂ ਰਹਿੰਦੀਆਂ ਹਨ। ਕਈ ਵਾਰ ਉਹ ਇਤਰਾਜ਼ਯੋਗ ਵੈੱਬਸਾਈਟਸ ਵੱਲ ਵੀ ਖਿੱਚੇ ਜਾਂਦੇ ਹਨ। ਸਾਰੇ ਉਲਾਂਭਾ ਦਿੰਦੇ ਹਨ ਕਿ ਬੱਚੇ ਵਿਗੜ ਰਹੇ ਹਨ। ਕਸੂਰ ਕਿਸ ਦਾ ਹੈ? ਸਾਡਾ ਸਭ ਦਾ ਹੈ। ਇਹ ਬੱਚਿਆਂ ਨੂੰ ਕਿਤਾਬਾਂ ਨਾਲੋਂ ਅਲੱਗ-ਥਲੱਗ ਕਰਨ ਦਾ ਨਤੀਜਾ ਹੈ। ਜਿਨ੍ਹਾਂ ਕਿਤਾਬਾਂ ਨੇ ਮਹਾਨ ਵਿਗਿਆਨੀਆਂ ਤੇ ਵਿਦਵਾਨਾਂ ਨੂੰ ਸਿਰਜਿਆ ਹੈ, ਅੱਜ ਬੱਚਿਆਂ ਨੂੰ ਉਨ੍ਹਾਂ ਕਿਤਾਬਾਂ ਨਾਲੋਂ ਅਲੱਗ-ਥਲੱਗ ਕੀਤਾ ਜਾ ਰਿਹਾ ਹੈ। ਦੱਸੋ, ਹੁਣ ਇਹ ਕਿਤਾਬਾਂ ਕਿੱਥੇ ਜਾਣ?

ਇੰਟਰਨੈੱਟ ਤੋਂ ਪੜ੍ਹਾਈ ਕਈਆਂ ਚੀਜ਼ਾਂ ਦੀ ਮੁਥਾਜ ਹੈ। ਬਿਜਲੀ, ਇੰਟਰਨੈੱਟ, ਕੰਪਿਊਟਰ, ਲੈਪਟਾਪ ਤੇ ਸਮਾਰਟਫੋਨ ਆਦਿ ਤੋਂ ਬਿਨਾਂ ਇੰਟਰਨੈੱਟ ਤੋਂ ਪੜ੍ਹਾਈ ਹੋ ਹੀ ਨਹੀਂ ਸਕਦੀ। ਕਈ ਵਾਰ ਜਦੋਂ ਪੜ੍ਹਨ ਦੇ ਮਨ ਨਾਲ ਬੈਠੀਏ ਤਾਂ ਜੇ ਬਿਜਲੀ ਚਲੀ ਜਾਵੇ ਜਾਂ ਨੈੱਟ ਦੀ ਸਪੀਡ ਘੱਟ ਹੋਵੇ ਤਾਂ ਮਨ ਬਦਲ ਜਾਂਦਾ ਹੈ ਤੇ ਪੜ੍ਹਨ ਨੂੰ ਮਨ ਨਹੀਂ ਕਰਦਾ। ਕਿਤਾਬ ਨੂੰ ਦੀਵੇ ਦੀ ਰੋਸ਼ਨੀ ਹੇਠ ਪੜ੍ਹ ਕੇ ਵੀ ਭਵਿੱਖ ਰੋਸ਼ਨ ਕੀਤਾ ਜਾ ਸਕਦਾ ਹੈ। ਅਨੇਕਾਂ ਸ਼ਖ਼ਸੀਅਤਾਂ ਘਰ ਵਿਚ ਬਿਜਲੀ ਦੀ ਸਹੂਲਤ ਨਾ ਹੋਣ ਕਾਰਨ ਦੀਵੇ ਦੀ ਰੋਸ਼ਨੀ ਜਾਂ ਸਟਰੀਟ ਲਾਈਟ ਦੀ ਰੋਸ਼ਨੀ ਹੇਠ ਪੜ੍ਹ ਕੇ ਦੁਨੀਆ ਦੀਆਂ ਮਹਾਨ ਸ਼ਖ਼ਸੀਅਤਾਂ ਬਣੀਆਂ ਸਨ, ਜੋ ਸਾਡੇ ਸਭਨਾਂ ਲਈ ਮਿਸਾਲ ਹਨ।

## ਸਰਦੀਆਂ ਵਿਚ ਚਮੜੀ ਨੂੰ ਕੋਮਲ ਅਤੇ ਮੁਲਾਇਮ ਰੱਖੋ

**ਲੇਖਕ : ਸ਼ਹਿਨਾਜ਼ ਹੂਸੈਨ**

ਸਰਦੀਆਂ ਆਉਂਦਿਆਂ ਹੀ ਚਮੜੀ ਰੁੱਖੀ ਨਜ਼ਰ ਆਉਣ ਲਗਦੀ ਹੈ ਕਿਉਂਕਿ ਹਵਾ ਵਿਚ ਘੱਟ ਨਮੀ ਹੋਣ ਕਾਰਨ ਚਮੜੀ ਵਿਚ ਵੀ ਨਮੀ ਦੀ ਕਮੀ ਆ ਜਾਂਦੀ ਹੈ। ਚਮੜੀ ਦੀ ਨਮੀ ਨੂੰ ਬਣਾਈ ਰੱਖਣ ਦੇ ਕੁਝ ਉਪਾਅ ਕੀਤੇ ਜਾਣੇ ਬੇਹੱਦ ਜ਼ਰੂਰੀ ਹਨ।

- **ਚਮੜੀ ਦੀ ਕਲੀਂਜਿੰਗ :** ਜੇਕਰ ਤੁਹਾਡੀ ਚਮੜੀ ਸਾਧਾਰਨ ਜਾਂ ਖ਼ੁਸ਼ਕ ਹੈ ਤਾਂ ਸਵੇਰੇ ਅਤੇ ਰਾਤ ਨੂੰ ਚਮੜੀ ਨੂੰ ਕਲੀਂਜਿੰਗ ਕ੍ਰੀਮ ਜਾਂ ਜੈੱਲ ਨਾਲ ਸਾਫ਼ ਕਰੋ। ਰਾਤ ਨੂੰ ਮੇਕਅਪ ਅਤੇ ਹੋਰ ਪ੍ਰਦੂਸ਼ਕ ਹਟਾਉਣ ਲਈ ਕਲੀਂਜਿੰਗ ਬਹੁਤ ਜ਼ਰੂਰੀ ਹੈ। ਮੇਕਅਪ ਵਾਲੀਆਂ ਚੀਜ਼ਾਂ ਨਾਲ ਵੀ ਚਮੜੀ 'ਤੇ ਰੁੱਖਾਪਣ ਆਉਂਦਾ ਹੈ। ਕਲੀਂਜਰ ਨਾਲ ਚਮੜੀ 'ਤੇ ਪੋਲੇ ਪੋਲੇ ਹੱਥਾਂ ਨਾਲ ਮਸਾਜ ਕਰੋ ਅਤੇ ਰੂੰ ਨਾਲ ਇਸ ਨੂੰ ਹਟਾ ਦਿਓ। ਰੂੰ ਦੀ ਵਰਤੋਂ ਕਰਨ ਨਾਲ ਜ਼ਿਆਦਾ ਰੁੱਖਾਪਣ ਨਹੀਂ ਆਉਂਦਾ, ਕਿਉਂਕਿ ਰੂੰ ਚਮੜੀ ਤੋਂ ਜ਼ਿਆਦਾ ਨਮੀ ਸੋਖਦੀ ਹੈ। ਹਰ ਸਵੇਰੇ ਰੋਜ਼ਾਨਾ ਕਲੀਂਜਿੰਗ ਤੋਂ ਬਾਅਦ ਸਕਿਨ ਟਾਨਿਕ ਜਾਂ ਗੁਲਾਬ ਜਲ ਨਾਲ ਚਮੜੀ ਨੂੰ ਟੋਨ ਕਰੋ। ਰੂੰ ਨਾਲ ਚਮੜੀ ਨੂੰ ਪੂੰਝ ਲਓ ਅਤੇ ਤੇਜ਼ੀ ਨਾਲ ਥਪਥਪਾਓ।
- **ਤਰਲ ਮਾਈਸਚਰਾਈਜ਼ਰ :** ਦਿਨ ਵਿਚ ਧੁੱਪ ਵਿਚ ਨਿਕਲਣ ਤੋਂ ਪਹਿਲਾਂ ਸਨਸਕ੍ਰੀਨ ਦੀ ਵਰਤੋਂ ਕਰੋ। ਧੁੱਪ ਦੇ ਸੰਪਰਕ ਵਿਚ ਆਉਣ ਨਾਲ ਚਮੜੀ ਵਿਚ ਨਮੀ ਦੀ ਮਾਤਰਾ 'ਚ ਕਮੀ ਆ ਸਕਦੀ ਹੈ। ਆਮ ਕਰਕੇ ਸਨਸਕ੍ਰੀਨ ਵਿਚ ਮਾਈਸਚਰਾਈਜ਼ਰ ਹੁੰਦਾ ਹੈ। ਮਾਈਸਚਰਾਈਜਰ ਕ੍ਰੀਮੀ ਅਤੇ ਤਰਲ ਹੁੰਦੇ ਹਨ। ਜ਼ਿਆਦਾ ਰੁੱਖੇਪਣ ਲਈ ਕ੍ਰੀਮ ਦੀ ਵਰਤੋਂ ਜ਼ਰੂਰ ਕਰੋ। ਫਾਊਂਡੇਸ਼ਨ ਲਗਾਉਣ ਤੋਂ ਪਹਿਲਾਂ ਤਰਲ ਮਾਈਸਚਰਾਈਜ਼ਰ ਲਗਾਓ। ਜਦੋਂ ਵੀ ਚਮੜੀ ਰੁੱਖੀ ਲੱਗੇ ਤਾਂ ਤਰਲ ਮਾਈਸਚਰਾਈਜ਼ਰ ਲਗਾਓ।
- **ਨਾਈਟ ਕ੍ਰੀਮ ਦੀ ਵਰਤੋਂ ਕਰੋ :** ਚਮੜੀ 'ਤੇ ਚੰਗੀ ਨਾਈਟ ਕ੍ਰੀਮ ਲਗਾਓ। ਪੋਸ਼ਟਿਕਤਾ ਚਮੜੀ ਨੂੰ ਨਮ ਅਤੇ ਮੁਲਾਇਮ ਰੱਖਦੀ ਹੈ। ਇਹ ਚਮੜੀ ਦੀ ਨਮੀ ਨੂੰ ਬਿਹਤਰ ਬਣਾਈ ਰੱਖਦੀ ਹੈ। ਕਲੀਂਜਿੰਗ ਦੇ ਬਾਅਦ ਪੋਸ਼ਟਿਕ ਕ੍ਰੀਮ ਲਗਾਓ ਅਤੇ ਚਮੜੀ 'ਤੇ ਉੱਪਰ ਵੱਲ ਨੂੰ 3 ਤੋਂ 4 ਮਿੰਟ ਮਾਲਿਸ਼



ਕਰੋ। ਫਰ ਰੂੰ ਨਾਲ ਕ੍ਰੀਮ ਪੂੰਝ ਦਿਓ। ਅੱਖਾਂ ਦੇ ਚਾਰੇ ਪਾਸੇ ਆਊਟਰ ਆਈ ਕ੍ਰੀਮ ਲਗਾਓ ਅਤੇ 10 ਮਿੰਟ ਬਾਅਦ ਰੂੰ ਨਾਲ ਪੂੰਝ ਦਿਓ।
- **ਤੇਲ ਵਾਲੀ ਚਮੜੀ ਦੀ ਦੇਖਭਾਲ :** ਤੇਲ ਵਾਲੀ ਚਮੜੀ 'ਤੇ ਸਤਹੀ ਰੁੱਖਾਪਣ ਹੁੰਦਾ ਹੈ। ਫੇਸਵਾਸ਼ ਤੋਂ ਬਾਅਦ ਚਮੜੀ ਰੁੱਖੀ ਲਗਦੀ ਹੈ, ਪਰ ਤੇਲ ਵਾਲੀ ਹੁੰਦੀ ਹੈ। ਨਾਲ ਹੀ ਕ੍ਰੀਮ ਅਤੇ ਮਾਈਸਚਰਾਈਜ਼ਰ ਲਗਾਉਣ 'ਤੇ ਫਟ ਜਾਂਦੀ ਹੈ। ਇਸ ਤਰ੍ਹਾਂ ਹੋਵੇ ਤਾਂ ਕਲੀਂਜਿੰਗ ਮਿਲਕ ਜਾਂ ਫੇਸਵਾਸ਼ ਦੀ ਵਰਤੋਂ ਕਰੋ। ਸੁੱਕਾਪਨ ਹੋਣ 'ਤੇ ਹਲਕੇ ਮਾਈਸਚਰਾਈਜ਼ਿੰਗ ਲੋਸ਼ਨ ਦੀ ਵਰਤੋਂ ਕਰੋ। ਹਲਕਾ ਕਵਰੇਜ ਦੇਣ ਲਈ, ਲਗਾਉਣ ਤੋਂ ਪਹਿਲਾਂ ਇਕ ਜਾਂ ਦੋ ਬੂੰਦ ਪਾਣੀ ਪਾਓ ਜਾਂ ਤੇਲ ਮੁਕਤ ਕ੍ਰੀਮ ਦੀ ਵਰਤੋਂ ਕਰੋ। ਚਿਹਰੇ 'ਤੇ ਰੋਜ਼ਾਨਾ ਦਸ ਮਿੰਟ ਲਈ ਸ਼ਹਿਦ ਲਗਾਓ ਅਤੇ ਫਿਰ ਪਾਣੀ ਨਾਲ ਧੋ ਲਓ। ਇਸ ਨਾਲ ਸਤਹੀ ਸੁੱਕਾਪਨ ਦੂਰ ਹੋ ਜਾਵੇਗਾ।
- **ਆਪਣੇ ਬੁੱਲ੍ਹਾਂ ਦੀ ਕਰੋ ਬਦਾਮ ਤੇਲ ਨਾਲ ਮਾਲਿਸ਼ :** ਬੁੱਲ੍ਹਾਂ ਦੀ ਚਮੜੀ ਬਹੁਤ ਪਤਲੀ ਹੁੰਦੀ ਹੈ ਅਤੇ ਇਸ ਵਿਚ ਤੇਲ ਪੈਦਾ ਕਰਨ ਵਾਲੀਆਂ ਗ੍ਰੰਥੀਆਂ ਨਹੀਂ ਹੁੰਦੀਆਂ। ਇਸ ਲਈ ਇਹ ਸੁੱਕ ਕੇ ਸੌਖਿਆਂ ਹੀ ਫਟਦੀਆਂ ਹਨ। ਕਲੀਂਜਿੰਗ ਤੋਂ ਬਾਅਦ ਬੁੱਲ੍ਹਾਂ 'ਤੇ ਬਦਾਮ ਕ੍ਰੀਮ ਜਾਂ ਬਦਾਮ ਦਾ ਤੇਲ ਲਗਾਓ ਅਤੇ ਰਾਤ ਭਰ ਲੱਗਿਆ ਰਹਿਣ ਦਿਓ। ਇਸ ਨਾਲ ਚਮੜੀ ਕੋਮਲ ਰਹਿੰਦੀ ਹੈ। ਨਾਲ ਹੀ ਲਿਪ ਬਾਮ ਦੀ ਵਰਤੋਂ ਵੀ ਕਰੋ।

### ਇਨ੍ਹਾਂ ਘਰੇਲੂ ਉਪਾਵਾਂ ਨਾਲ ਵਧਾਓ ਚਮੜੀ ਦੀ ਕੁਦਰਤੀ ਦਿਖ :

ਚਿਹਰੇ 'ਤੇ ਰੋਜ਼ਾਨਾ ਦਸ ਮਿੰਟ ਤਕ ਸ਼ਹਿਦ ਲਗਾਉਣ ਤੋਂ ਬਾਅਦ ਪਾਣੀ ਨਾਲ ਧੋ ਲਓ। ਇਸ ਨਾਲ ਚਮੜੀ ਦਾ ਰੁੱਖਾਪਣ ਦੂਰ ਹੁੰਦਾ ਹੈ ਅਤੇ ਚਮੜੀ ਮੁਲਾਇਮ ਰਹਿੰਦੀ ਹੈ। ਰੁੱਖੀ ਚਮੜੀ ਲਈ ਅੰਡੇ ਦੀ ਜਰਦੀ ਅਤੇ ਇਕ ਚਮਚ ਬਦਾਮ ਦਾ ਤੇਲ ਮਿਲਾਓ। ਤੇਲ ਵਾਲੀ ਚਮੜੀ ਲਈ ਅੰਡੇ ਦੀ ਸਫੇਦੀ ਅਤੇ ਥੋੜ੍ਹਾ ਜਿਹਾ ਨਿੰਬੂ ਦਾ ਰਸ ਮਿਲਾਓ।

- ਅੱਧਾ ਚਮਚ ਸ਼ਹਿਦ, ਇਕ ਚਮਚ ਗੁਲਾਬ ਜਲ ਅਤੇ ਇਕ ਚਮਚ ਸੁੱਕਾ ਦੁੱਧ ਪਾਊਡਰ ਮਿਲਾਓ। ਇਸ ਦਾ ਪੇਸਟ ਬਣਾ ਕੇ ਚਿਹਰੇ 'ਤੇ ਲਗਾਓ ਅਤੇ 20 ਮਿੰਟ ਬਾਅਦ ਪਾਣੀ ਨਾਲ ਧੋ ਲਓ।
- ਸੇਬ ਨੂੰ ਬਲੈਂਡਰ ਵਿਚ ਪੀਸ ਲਓ। ਇਸ ਵਿਚ ਇਕ ਵੱਡਾ ਚਮਚ ਸ਼ਹਿਦ ਪਾਓ। ਇਸ ਨੂੰ ਚਿਹਰੇ 'ਤੇ ਮਾਸਕ ਦੀ ਤਰ੍ਹਾਂ ਲਗਾਓ ਅਤੇ 15 ਮਿੰਟ ਤਕ ਲੱਗਿਆ ਰਹਿਣ ਦਿਓ। ਫਿਰ ਠੰਢੇ ਪਾਣੀ ਨਾਲ ਧੋ ਲਓ। ਇਹ ਸਭ ਪ੍ਰਕਾਰ ਦੀ ਚਮੜੀ ਲਈ ਚੰਗੇ ਸਕਿਨ ਟੋਨਰ ਦੀ ਤਰ੍ਹਾਂ ਕੰਮ ਕਰੇਗਾ।
- ਐਲੋਵੇਰਾ (ਕੁਆਰ) ਇਕ ਕੁਦਰਤੀ ਮਾਈਸਚਰਾਈਜ਼ਰ ਹੈ। ਐਲੋਵੇਰਾ ਜੈੱਲ ਨੂੰ ਰੋਜ਼ਾਨਾ ਚਿਹਰੇ 'ਤੇ ਲਗਾਓ ਅਤੇ 20 ਮਿੰਟ ਬਾਅਦ ਸਾਦੇ ਪਾਣੀ ਨਾਲ ਧੋ ਲਓ। ਜੇਕਰ ਤੁਹਾਡੇ ਘਰ ਵਿਚ ਐਲੋਵੇਰਾ ਦਾ ਬੂਟਾ ਹੈ ਤਾਂ ਜੈੱਲ ਜਾਂ ਜੂਸ ਨੂੰ ਸਿੱਧੇ ਚਮੜੀ 'ਤੇ ਲਗਾਓ।

## ਗਰਭਅਵਸਥਾ 'ਚ ਬੇਹੱਦ ਫਾਇਦੇਮੰਦ ਹੈ ਮੱਕੀ ਦੀ ਰੋਟੀ

ਬਹੁਤ ਸਾਰੇ ਲੋਕ ਕਣਕ ਦੇ ਆਟੇ ਦੇ ਨਾਲ-ਨਾਲ ਮੱਕੀ ਦੇ ਆਟੇ ਦੀ ਰੋਟੀ ਖਾਣਾ ਪਸੰਦ ਕਰਦੇ ਹਨ। ਸਰਦੀਆਂ 'ਚ ਮੱਕੀ ਦਾ ਸੇਵਨ ਕਰਨਾ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਸ 'ਚ ਮੌਜੂਦ ਸਾਰੇ ਪੋਸ਼ਟਿਕ ਤੱਤ ਸਿਹਤ ਨੂੰ ਤੰਦਰੁਸਤ ਬਣਾਉਂਦੇ ਹਨ। ਮੱਕੀ ਦੇ ਆਟੇ 'ਚ ਵਿਟਾਮਿਨ ਏ,ਬੀ,ਈ, ਅਤੇ ਕਈ ਤਰ੍ਹਾਂ ਦੇ ਮਿਨਰਲਸ ਜਿਵੇਂ ਆਇਰਨ, ਕਾਪਰ, ਜ਼ਿੰਕ, ਮੈਗਨੀਜ਼, ਸੇਲੇਨਿਯਮ ਪੋਟਾਸ਼ੀਅਮ ਆਦਿ ਭਰਪੂਰ ਮਾਤਰਾ 'ਚ ਪਾਏ ਜਾਂਦੇ ਹਨ। ਮੱਕੀ 'ਚ ਫਾਈਬਰ ਵੀ ਪਾਇਆ ਜਾਂਦਾ ਹੈ, ਜਿਸ ਨਾਲ ਸਰੀਰ ਦੀਆਂ ਕਈ ਬਿਮਾਰੀਆਂ ਨੂੰ ਰੋਕਿਆ ਜਾ ਸਕਦਾ ਹੈ।

### ਅੱਖਾਂ ਲਈ ਲਾਹੇਵੰਦ

ਮੱਕੀ ਦਾ ਆਟਾ ਅੱਖਾਂ ਦੇ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ, ਕਿਉਂਕਿ ਇਸ 'ਚ ਵਿਟਾਮਿਨ-ਏ ਹੁੰਦਾ ਹੈ। ਜਿਹੜਾ ਕਿ ਅੱਖਾਂ ਦੀ ਰੋਸ਼ਨੀ ਤੇ ਅੱਖਾਂ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਨੂੰ ਠੀਕ ਕਰਨ 'ਚ ਲਾਭਕਾਰੀ ਹੁੰਦਾ ਹੈ।

### ਭਾਰ ਘੱਟ ਕਰਨ 'ਚ ਮਦਦਗਾਰ

ਮੱਕੀ ਦੇ ਪ੍ਰਯੋਗ ਨਾਲ ਸਰੀਰ ਨੂੰ ਉੱਚੀ ਮਾਤਰਾ 'ਚ ਊਰਜਾ ਮਿਲਦੀ ਹੈ। ਜਿਸ ਦੇ ਕਾਰਨ ਲੋਕਾਂ ਨੂੰ ਭਾਰ ਘੱਟ ਕਰਨ ਵਾਲੀਆਂ ਕਸਰਤ ਕਰਨ 'ਚ ਮਦਦ ਮਿਲਦੀ ਹੈ। ਇਸ ਦੇ ਕਾਰਨ ਵਿਅਕਤੀ ਨੂੰ ਵਾਰ ਵਾਰ ਭੁੱਖ ਨਹੀਂ ਲੱਗਦੀ।

### ਹਾਈਪਰਟੇਂਸ਼ਨ ਨੂੰ ਹੈ ਰੋਕਦਾ


ਮੱਕੀ ਜਾਂ ਇਸ ਦੇ ਆਟੇ ਦਾ ਸੇਵਨ ਕਰਨ ਨਾਲ ਸਰੀਰ ਨੂੰ ਕਾਫੀ ਮਾਤਰਾ 'ਚ ਵਿਟਾਮਿਨ ਬੀ ਮਿਲਦਾ ਹੈ। ਇਸ ਨਾਲ ਬਲੱਡ ਪ੍ਰੈਸ਼ਰ ਕੰਟਰੋਲ 'ਚ ਰਹਿੰਦਾ ਹੈ ਅਤੇ ਵਿਅਕਤੀ ਨੂੰ ਹਾਈਪਰਟੇਂਸ਼ਨ ਵਰਗੀਆਂ ਸਮੱਸਿਆਵਾਂ ਨਹੀਂ ਹੁੰਦੀਆਂ।

### ਫਾਈਬਰ ਦਾ ਚੰਗਾ ਸ੍ਰੋਤ

ਮੱਕੀ ਦੇ ਆਟੇ 'ਚ ਫਾਈਬਰ ਦੀ ਭਰਪੂਰ ਮਾਤਰਾ ਪਾਈ ਜਾਂਦੀ ਹੈ, ਜਿਸ ਨਾਲ ਸਰੀਰ 'ਚ ਬੈਡ ਕੋਲੇਸਟ੍ਰੋਲ ਦੀ ਮਾਤਰਾ ਘੱਟ ਜਾਂਦੀ ਹੈ। ਇਸ ਨਾਲ ਗੁੱਡ ਕੋਲੇਸਟ੍ਰੋਲ ਦੀ ਮਾਤਰਾ ਬਣੀ ਰਹਿੰਦੀ ਹੈ। ਇਸ ਨਾਲ ਪੇਟ ਸਬੰਧਤ ਸਮੱਸਿਆਵਾਂ ਵੀ ਠੀਕ ਹੋ ਜਾਂਦੀਆਂ ਹਨ।



# CLASSIFIEDS & MATRIMONIALS



## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310

# ਸੀਰੀਆ ਦੇ ਲੋਕਾਂ ਦੇ ਡਾਢੇ ਦੁਸ਼ਮਣ

ਲੇਖਕ : ਪੀ.ਐਸ.ਰੌਡੇ ਫੋਨ: 737-274-2370

ਅੱਠ ਦਸੰਬਰ ਤੋਂ ਪਹਿਲਾਂ ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਸੀਰੀਆ ਦਾ ਜ਼ਾਲਮ ਰਾਸ਼ਟਰਪਤੀ 'ਬਸਰ ਅਲ-ਅਸਾਦ' ਇਸ ਤਰ੍ਹਾਂ ਜ਼ਲੀਲ ਹੋ ਕੇ ਅਤੇ ਅਚਾਨਕ ਦੇਸ਼ ਛੱਡ ਕੇ ਭੱਜ ਜਾਵੇਗਾ! ਕੋਈ ਨਹੀਂ ਸੀ ਜਾਣਦਾ ਕਿ ਸਿਰਫ ਗਿਆਰਾਂ ਦਿਨਾਂ ਦੀ ਲੜਾਈ, ਪਿਛਲੇ 53 ਸਾਲਾਂ ਤੋਂ ਚਲੇ ਆ ਰਹੇ ਇਕੋ ਪਰਿਵਾਰ ਦਾ ਰਾਜਵੰਸ਼ ਖਤਮ ਕਰ ਦੇਵੇਗੀ! ਦੋ ਜੱਥੇਬੰਦੀਆਂ; 'ਹੇਅਤ ਤਾਹੀਰ ਅਲ-ਸ਼ਾਮ' ਅਤੇ 'ਸੀਰੀਅਨ ਨੈਸ਼ਨਲ ਆਰਮੀ' ਦੇ ਲੜਾਕੇ, ਇੰਨੀ ਤੇਜ਼ ਗਤੀ ਨਾਲ ਦੇਸ਼ ਦੀ ਰਾਜਧਾਨੀ ਦਮਸ਼ਕਤ ਵੱਲ ਵਧੇ ਕਿ ਉਨ੍ਹਾਂ ਦੇ ਦੋਸਤਾਂ/ਦੁਸ਼ਮਣਾਂ ਲਈ ਇਹ ਕਿਸੇ ਅਚੰਭੇ ਤੋਂ ਘੱਟ ਨਹੀਂ ਸੀ! ਤੇਰਾਂ ਸਾਲ ਪਹਿਲਾਂ 2011 'ਚ ਸੁਰੂ ਹੋਈ ਸੀਰੀਅਨ ਸਿਵਲ ਵਾਰ ਦੇ ਇਸ ਤਰ੍ਹਾਂ ਅਚਾਨਕ ਜੇਤੂ-ਮੋੜ ਕੱਟ ਲੈਣ ਨੇ, ਅਸਿੱਧੇ ਢੰਗ ਨਾਲ ਸੀਰੀਆ ਦੀ ਸਿਵਲਵਾਰ 'ਚ ਉਲਝੀਆਂ ਸਾਮਰਾਜੀ ਤੇ ਰੀਜਨਲ ਪਿਛਾਖੜੀ ਸਰਕਾਰਾਂ ਦੇ ਮੁਖੀਆਂ ਲਈ ਭੰਬਲਭੂਸਾ ਖੜਾ ਕਰ ਦਿਤਾ ਕਿ ਉਹ ਇਸ ਇਤਿਹਾਸਕ ਘਟਨਾ ਸੰਬੰਧੀ ਮੀਡੀਏ 'ਚ ਕਿਹੋ ਜਿਹਾ ਬਿਆਨ ਦੇਣ ਅਤੇ ਕੀ ਪੁਜ਼ੀਸ਼ਨ ਲੈਣ! ਗੱਲ ਸਿਰਫ ਸੀਰੀਆ ਦੀ ਨਹੀਂ ਸਮੁੱਚੇ ਮੱਧ ਪੂਰਬ ਖਿੱਤੇ ਦੀ ਹੈ! ਇਸਦੇ ਆਰਥਕ ਸੋਮਿਆਂ ਅਤੇ ਟਰੇਡ ਰੂਟਾਂ 'ਤੇ ਕਿਹੜੀ ਸਾਮਰਾਜੀ ਤਾਕਤ/ਧਿਰ ਦਾ ਕਬਜ਼ਾ ਹੋਵੇ? ਇਹ ਕਬਜ਼ਾ ਕਰਨ ਤੇ ਬਣਾਈ ਰੱਖਣ ਲਈ ਖਿੱਤੇ ਦੇ ਕਿਹੜੇ ਦੇਸ਼ 'ਚ ਕਿਹੋ ਜਿਹੀ ਪਿਛਾਖੜੀ ਸਰਕਾਰ ਹੋਵੇ? ਆਪਣੇ ਇਨ੍ਹਾਂ ਬੁਰੇ/ਲੋਕ-ਦੋਖੀ ਇਰਾਦਿਆਂ ਦੀ ਪੂਰਤੀ ਲਈ ਕਿਹੋ ਜਿਹੇ ਹੱਥ-ਕੰਡੇ ਅਤੇ ਕਿਹੋ ਜਿਹੀਆਂ ਚਾਲਾਂ ਚੱਲੀਆਂ ਜਾਣ? ਇਹ ਹੈ ਇਨ੍ਹਾਂ ਤਾਕਤਾਂ ਦੇ ਬੁਰੇ ਇਰਾਦਿਆਂ ਦਾ ਪ੍ਰਸੰਗ ਜੀਹਦੇ 'ਚ ਰੱਖ ਕੇ ਸਾਨੂੰ ਸੀਰੀਆ ਦੀਆਂ ਘਟਨਾਵਾਂ ਤੇ ਇਸਦੀ ਹੋਣੀ ਨੂੰ ਵਿਚਾਰਨਾ/ਸਮਝਣਾ ਚਾਹੀਦਾ ਹੈ! ਮੱਧ-ਪੂਰਬ ਦੇ ਕੇਂਦਰ 'ਚ ਸਥਿਤ, ਮੈਡੀਟੇਰੀਅਨ ਸਮੁੰਦਰ ਦੇ ਕੰਢੇ 'ਤੇ ਵਸਿਆ ਅਤੇ 24 ਮਿਲੀਅਨ ਦੀ ਅਬਾਦੀ ਵਾਲਾ ਦੇਸ਼ ਸੀਰੀਆ; ਤੁਰਕੀ, ਇਰਾਕ, ਜਾਰਡਨ, ਲਿਬਨਾਨ ਤੇ ਇਜ਼ਰਾਈਲ/ਫਲਸਤੀਨ ਦੇਸ਼ਾਂ 'ਚ ਘਿਰਿਆ ਹੋਇਆ ਹੈ! ਵਿਆਪਕ ਪੈਟਰੋਲੀਅਮ ਰਿਜ਼ਰਵਜ਼ ਦਾ ਮਾਲਕ, ਲੁਭਾਉਣਾ ਵਪਾਰਕ ਰੂਟ, ਏਸ਼ੀਆ-ਯੂਰਪਅਫਰੀਕਾ ਦੇ ਚੌਰਾਹੇ 'ਤੇ ਸਥਾਪਤ ਅਤੇ ਫੌਜੀਯੁਧਨੀਤੀ ਪੱਖੋਂ ਕੁੰਜੀਵਤ ਮਹੱਤਤਾ ਰੱਖਦਾ ਹੋਣ ਕਰਕੇ ਸੀਰੀਆ ਸਾਮਰਾਜੀ ਲੁਟੇਰਿਆਂ/ ਧਾੜਵੀਆਂ ਅਤੇ ਉਨ੍ਹਾਂ ਦੇ ਪਿੱਛਲਗਾਂ/ਭਾਈਵਾਲਾਂ ਲਈ ਕਿਸੇ ਵੀ ਹਾਲਤ 'ਚ ਬਖਸ਼ਣ ਯੋਗ ਨਹੀਂ! ਸੀਰੀਆ ਨੂੰ ਦਬਾਉਣ, ਡਰਾਉਣ ਅਤੇ ਆਪਣੀ ਚੁੰਗਲ 'ਚ ਫਸਾਈ ਰੱਖਣ ਲਈ ਇਹ ਦੇਸ਼ ਕੁੱਛ ਵੀ ਕਰ ਸਕਦੇ ਹਨ! ਇਸੇ ਹਵਸ ਨੂੰ ਪੂਰਾ ਕਰਨ ਲਈ ਪਹਿਲੀ ਸੰਸਾਰ ਜੰਗ ਤੋਂ ਬਾਅਦ ਮੱਧ-ਪੂਰਬ ਦੇ ਦੇਸ਼ਾਂ 'ਤੇ ਕਬਜ਼ਾ ਕਰਨ ਲਈ ਬਰਤਾਨੀਆਂ ਤੇ ਫਰਾਂਸ 'ਚ ਚੱਲੇ ਖਹਿ-ਭੇੜ 'ਚ ਸੀਰੀਆ 'ਤੇ ਫਰਾਂਸ ਨੇ ਕਬਜ਼ਾ ਕਰ ਲਿਆ ਸੀ! ਦੂਜੀ ਸੰਸਾਰ ਜੰਗ ਤੋਂ ਬਾਅਦ ਇਸ ਲੁੱਟ-ਖੋਹ 'ਚ ਇਕ ਹੋਰ ਜ਼ੋਰਾਵਰ ਧਾੜਵੀ ਅਮਰੀਕਾ ਸ਼ਾਮਲ ਹੋ ਗਿਆ ਜਿਸ ਨੇ ਹੌਲੀ-ਹੌਲੀ ਮੱਧ ਪੂਰਬ 'ਚੋਂ ਬਾਕੀ ਦੋਨੋਂ ਧਾੜਵੀ; ਫਰਾਂਸ ਤੇ ਬਰਤਾਨੀਆਂ ਪਿੱਛੇ ਧੱਕ ਦਿੱਤੇ! 2011 'ਚ ਸ਼ੁਰੂ ਹੋਈ ਸੀਰੀਆ ਦੀ ਸਿਵਲ-ਵਾਰ ਦੇ ਦੌਰਾਨ ਇਕ ਹੋਰ ਖਤਰਨਾਕ ਬਦਮਾਸ਼ ਰੂਸ ਅਤੇ ਤਿੰਨ ਰੀਜ਼ਨਲ ਵੈਲੀ; ਇਜ਼ਰਾਈਲ, ਇਰਾਨ ਤੇ ਤੁਰਕੀ ਇਸ ਧੱਕੜ ਖੇਡ 'ਚ ਸ਼ਾਮਲ ਹੋ ਗਏ! ਸੀਰੀਆ ਦੀ ਮੌਜੂਦਾ ਸਿਵਲ-ਵਾਰ ਦੀ ਸ਼ੁਰੂਆਤ 2011 'ਚ ਮੱਧ-ਪੂਰਬ ਦੇ ਬਹੁਤ ਸਾਰੇ ਦੇਸ਼ਾਂ 'ਚ ਆਏ 'ਅਰਬ ਸਪਰਿੰਗ' ਨਾਮ ਦੇ ਉਭਾਰ ਨਾਲ ਹੋਈ ਸੀ! ਪਰ ਪਿਛਾਖੜੀ ਤਾਕਤਾਂ ਬਹੁਤ ਜਲਦ ਇਸਨੂੰ ਗਲਤ ਮੋੜਾ ਦੇਣ 'ਚ ਸਫਲ ਹੋ ਗਈਆਂ! ਰਾਸ਼ਟਰਪਤੀ 'ਅਸਾਦ' ਦੇ ਕਈ ਵਿਰੋਧੀ ਗਰੁੱਪਾਂ, ਫੌਜ 'ਚੋਂ ਭੱਜੇ ਅਫਸਰਾਂ ਅਤੇ 'ਫਰੀ ਸੀਰੀਅਨ ਆਰਮੀ' ਨਾਮ ਦੇ ਇਸਲਾਮਿਕ ਹਥਿਆਰਬੰਦ ਗਰੁੱਪ ਆਦਿ ਨੇ ਮਿਲ ਕੇ 2012 'ਚ 'ਅਲ-ਨੁਸਰਾ ਫਰੰਟ' ਬਣਾ ਲਿਆ ਜਿਸ ਦਾ ਕਰਤਾ-ਧਰਤਾ 'ਇਸਲਾਮਿਕ ਸਟੇਟ ਆਫ ਇਰਾਕ' ਸੀ! ਅਸਲ 'ਚ ਇਹ ਅਲ-ਕਾਇਦਾ ਦੀ ਸੀਰੀਅਨ ਬਰਾਂਚ ਦਾ ਹੀ ਦੂਜਾ ਨਾਮ ਸੀ! 8 ਦਸੰਬਰ ਨੂੰ ਰਾਸ਼ਟਰਪਤੀ ਅਸਾਦ ਦਾ ਤਖਤਾ ਪਲਟਣ ਵਾਲੀ ਲੀਡਰਸ਼ਿਪ ਦੀ ਪਰਵਰਿਸ਼ ਇਸ ਜਥੇਬੰਦੀ 'ਚ ਹੀ ਹੋਈ ਸੀ! 2016 'ਚ ਇਸ ਜਥੇਬੰਦੀ ਨੇ ਅਲਕਾਇਦਾ ਨਾਲੋਂ ਆਪਣਾ ਨਾਤਾ ਤੋੜ ਲਿਆ ਅਤੇ ਜਥੇਬੰਦੀ ਦਾ ਨਾਮ ਬਦਲ ਕੇ 'ਹੇਅਤ ਤਾਹੀਰ ਅਲ ਸ਼ਾਮ' ਰੱਖ ਲਿਆ! ਸੀਰੀਆ ਦੀ ਤਾਜ਼ਾ ਸਿਵਲ-ਜੰਗ ਦੇ ਨੇੜ ਇਤਿਹਾਸ 'ਤੇ ਝਾਤ ਮਾਰੀਏ ਤਾਂ ਦੇਖ ਸਕਦੇ ਹਾਂ ਕਿ ਅਮਰੀਕਾ ਅਤੇ ਉਸਦੇ ਸੰਗੀਆਂ ਨੇ 'ਸੀਰੀਅਨ ਡੈਮੋਕਰੇਟਿਕ ਫੋਰਸ' ਨਾਮ ਦਾ ਆਪੋਜ਼ੀਸ਼ਨ ਖੜਾ ਕਰ ਕੇ, ਸੀਰੀਆ 'ਚ ਅਸਿੱਧਾ ਦਖਲ ਦੇਣਾ ਤਾਂ ਪਹਿਲਾਂ ਹੀ ਸ਼ੁਰੂ ਕਰ ਦਿਤਾ ਸੀ ਪਰ 22 ਸਤੰਬਰ 2014 'ਚ ਸੀਰੀਆ 'ਤੇ; ਫਾਈਟਰਜ਼, ਬੰਬਰਜ਼ ਅਤੇ ਟੋਮਹਾਕ-ਮਿਜ਼ਾਇਲਾਂ ਨਾਲ ਹਮਲਾ ਕਰਕੇ, ਸੀਰੀਆ ਦੀ ਸਿਆਸਤ 'ਚ ਸਿੱਧੇ ਦਖਲ ਦਾ ਐਲਾਨ ਕਰ ਦਿੱਤਾ! ਰਾਸ਼ਟਰਪਤੀ ਬਰਾਕ ਓਬਾਮਾ ਦੇ ਪਰੈਸ ਸੈਕਟਰੀ ਜੌਹਨ ਕਿਰਬੀ ਨੇ ਉਸੇ ਦਿਨ ਤਸਦੀਕ ਕਰ ਦਿਤਾ ਕਿ ਇਹ ਹਮਲਾ ਉਨ੍ਹਾਂ ਨੇ ਕੀਤਾ ਹੈ! ਇਸ ਤੋਂ ਇਕ ਸਾਲ ਬਾਅਦ ਸਤੰਬਰ 2015 'ਚ ਰਾਸ਼ਟਰਪਤੀ ਅਸਾਦ ਦੇ ਸੱਦੇ 'ਤੇ ਰੂਸ ਵੀ ਆ ਗਿਆ! ਸੀਰੀਆ 'ਚ ਆਪਣੇ ਏਅਰ-ਬੇਸ ਸਥਾਪਤ ਕਰਕੇ ਰੂਸ ਨੇ ਸੀਰੀਆ ਦੀ ਸਰਕਾਰ ਨਾਲ 49 ਸਾਲ ਦਾ ਸਮਝੌਤਾ ਕਰ ਲਿਆ ਕਿ ਸੀਰੀਆ 'ਚ ਰੂਸ ਦੇ ਏਅਰ-ਬੇਸ ਹੋਰ 49 ਸਾਲ ਰਹਿਣਗੇ! ਇਨ੍ਹਾਂ ਦੋਨੋਂ ਦੇਸ਼ਾਂ-ਰੂਸ ਤੇ ਅਮਰੀਕਾ ਦੀਆਂ ਫੌਜਾਂ ਨੇ ਅਜੇ ਵੀ ਸੀਰੀਆ 'ਚ ਡੇਰੇ ਲਾਏ ਹੋਏ ਹਨ! ਹੁਣ 8 ਦਸੰਬਰ ਨੂੰ ਜਦੋਂ ਬਾਗੀ ਇਸਲਾਮਿਕ ਲੜਾਕਿਆਂ ਨੇ ਰਾਜਧਾਨੀ ਦਮਸ਼ਕਤ 'ਤੇ ਕਬਜ਼ਾ ਕਰ ਲਿਆ ਤਾਂ ਸੀਰੀਆ ਦੀ ਸਿਆਸਤ 'ਚ ਸਿੱਧੇ/ ਅਸਿੱਧੇ ਉਲਝੀਆਂ ਬਾਹਰੀ ਤਾਕਤਾਂ, ਇਕ ਦਿਨ ਭੰਬਲਭੂਸੇ 'ਚ ਰਹਿਣ ਤੋਂ ਬਾਅਦ ਆਪੋ-ਆਪਣੇ ਹਿਤਾਂ ਮੁਤਾਬਕ ਸਰਗਰਮ ਹੋ ਗਈਆਂ! ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਪਹਿਲੇ ਦਿਨ ਤਾਂ ਕਿਹਾ ਕਿ ਇਸਲਾਮਿਕ ਬਾਗੀਆਂ ਦੀ ਜਿੱਤ ਦਾ ਕਾਰਨ, ਹਮਾਸ ਅਤੇ ਹਿਜ਼ਬਉਲਾ ਖਿਲਾਫ ਸਾਡੇ ਵਲੋਂ ਕੀਤੀਆਂ ਕਾਰਵਾਈਆਂ ਹਨ! ਫਿਰ ਉਸੇ ਦਿਨ ਸੀਰੀਆ 'ਤੇ ਹਵਾਈ 'ਤੇ ਜ਼ਮੀਨੀ ਹਮਲਾ ਕਰਕੇ ਦੋਹਾਂ ਦੇਸ਼ਾਂ ਵਿਚਕਾਰ ਬਾਫਰ ਬਾਰਡਰ ਜ਼ੋਨ ਵਜੋਂ ਜਾਣੇ ਜਾਂਦੇ 'ਗੋਲਡਨ ਹਾਈਟਸ' ਨਾਮ ਦੇ ਸੀਰੀਅਨ ਇਲਾਕੇ 'ਤੇ ਕਬਜ਼ਾ ਕਰ ਲਿਆ! ਉਸ ਤੋਂ ਬਾਅਦ ਕਿਹਾ ਕਿ ਇਹ ਇਲਾਕਾ ਹੈ ਤਾਂ ਸੀਰੀਆ ਦਾ ਹੀ ਹਿੱਸਾ ਪਰ ਅਸੀਂ ਇਜ਼ਰਾਈਲ ਦੀ ਸਕਿਓਰਿਟੀ ਦੀਆਂ ਲੋੜਾਂ ਤਹਿਤ ਇਸ 'ਤੇ ਆਰਜ਼ੀ ਤੌਰ 'ਤੇ ਕਬਜ਼ਾ ਕੀਤਾ ਹੈ! ਇਸਤੋਂ ਅਗਲੇ ਦਿਨ ਮੀਡੀਏ 'ਚ ਚਰਚਾ ਚਲਾ ਦਿਤੀ ਕਿ ਡੋਨਲਡ ਟਰੰਪ ਨੇ ਆਪਣੇ ਪਹਿਲੇ ਰਾਜਕਾਲ ਦੌਰਾਨ ਕਿਹਾ ਸੀ ਕਿ 'ਗੋਲਡਨ ਹਾਈਟਸ' ਇਜ਼ਰਾਈਲ ਦਾ ਹਿੱਸਾ ਹੈ! ਪਰ ਇਸ ਤੋਂ ਬਾਅਦ ਇਜ਼ਰਾਈਲ ਨੇ ਆਪਣੇ ਹਮਲੇ ਦਾ ਘੇਰਾ ਵਧਾ ਕੇ ਸੀਰੀਆ ਦੀ ਮਿਲਟਰੀ ਦੇ ਠਿਕਾਣਿਆਂ 'ਤੇ ਹਮਲੇ ਕਰਕੇ, ਉਸਦੀ ਏਅਰਕਰਾਫਟ ਤੇ ਨੇਵੀ ਫਲੀਟਸ ਨੂੰ ਤਬਾਹ ਕਰ ਦਿਤਾ! ਇਜ਼ਰਾਈਲ ਦਾ ਇਹ ਹਮਲਾ ਇੱਥੇ ਹੀ ਨਹੀਂ ਰੁਕਿਆ, ਉਸਨੇ ਸੀਰੀਆ ਦੀ ਰਾਜਧਾਨੀ ਦਮਸ਼ਕਤ 'ਤੇ ਵੀ ਬੰਬਾਰਮੈਂਟ ਸੁਰੂ ਕਰ ਦਿੱਤੀ ਹੈ! ਇਸ ਮਾਮਲੇ 'ਚ ਕੋਈ ਸ਼ੱਕ ਨਹੀਂ ਕਿ ਇਜ਼ਰਾਈਲ ਦੀ ਨੀਅਤ ਸੀਰੀਆ ਨੂੰ ਦੂਜਾ ਫਲਸਤੀਨ ਬਣਾਉਣ ਦੀ ਹੈ! ਓਧਰ ਅਮਰੀਕਾ ਨੇ ਵੀ ਅਗਲੇ ਹੀ ਦਿਨ ਇਸ਼ਸ਼ ਟਿਕਾਣਿਆਂ ਦੀ ਗੱਲ ਕਰਕੇ 75 ਥਾਵਾਂ 'ਤੇ ਬੰਬਾਰਮੈਂਟ ਕੀਤੀ ਅਤੇ ਆਪਣੇ ਤੌਰ 'ਤੇ ਹੀ ਫੈਸਲਾ ਸੁਣਾ ਦਿੱਤਾ ਕਿ ਇਸ਼ਸ਼ ਨੂੰ ਭਾਂਜ ਦੇਣ ਲਈ ਅਮਰੀਕੀ ਫੌਜ ਨੂੰ ਥੋੜ੍ਹੇ ਹੋਰ ਸਮੇਂ ਲਈ ਸੀਰੀਆ 'ਚ ਰਹਿਣਾ ਪਏਗਾ! ਪਰ ਦੇਸ਼ ਸੀਰੀਆ ਦੀ ਪ੍ਰਭੂਸੱਤਾ ਦਾ ਕੀ ਬਣੂੰ? ਇਸਦਾ ਕੋਈ ਜਵਾਬ ਨਹੀਂ! ਇਕ ਹੋਰ ਗੱਲ, ਇਜ਼ਰਾਈਲ ਵਲੋਂ ਸੀਰੀਆ ਦੇ ਇਲਾਕੇ 'ਗੋਲਡਨ ਹਾਈਟਸ' 'ਤੇ ਤਾਜ਼ਾ ਕਬਜ਼ੇ ਦੀ ਰਾਸ਼ਟਰਪਤੀ ਬਾਈਡਨ ਨੇ ਹਮਾਇਤ ਕੀਤੀ ਹੈ! ਆਪਣੀ ਨਾਪਾਕ ਹਮਾਇਤ ਨੂੰ ਠੀਕ ਦਰਸਾਉਣ ਲਈ ਉਸਨੇ ਕਿਹਾ, 'ਇਹ ਜ਼ਮੀਨ ਹਥਿਆਉਣਾ ਨਹੀਂ, ਸਕਿਓਰਟੀ ਚੋਣ ਹੈ!' ਬਾਈਡਨ ਤੋਂ ਪੁੱਛਿਆ ਜਾ ਸਕਦਾ ਹੈ ਕਿ ਯੂਕਰੇਨ 'ਤੇ ਹਮਲਾ ਕਰਨ ਮੌਕੇ ਰੂਸ ਦੀ ਵੀ ਇਕ ਦਲੀਲ ਇਹੋ ਸੀ ਕਿ 'ਨਾਟੋ' ਨਾਲ ਯੂਕਰੇਨ ਦੇ ਸੰਬੰਧਾਂ ਕਰਕੇ ਰੂਸ ਦੀ ਸਕਿਓਰਟੀ ਨੂੰ ਖਤਰਾ ਹੈ ਅਤੇ ਇਹ ਹਮਲਾ ਉਸਦੀ 'ਸੁਰੱਖਿਆ' ਚੋਣ ਹੈ! ਜੇ ਬਾਈਡਨ ਦੀ ਦਲੀਲ ਨੂੰ ਠੀਕ ਮੰਨ ਲਿਆ ਜਾਏ ਤਾਂ ਫਿਰ ਰੂਸ ਦਾ ਯੂਕਰੇਨ 'ਤੇ ਹਮਲਾ ਗਲਤ ਕਿਵੇਂ ਹੋਇਆ? ਜੇ ਉਹ ਠੀਕ ਹੈ ਤਾਂ ਅਮਰੀਕਾ ਯੂਕਰੇਨ ਨੂੰ ਟਨਾਂ-ਮੂੰਹੀਂ ਮਾਰੂ ਹਥਿਆਰ ਕਿਓਂ ਦੇ ਰਿਹਾ ਹੈ? ਜੇ ਇਜ਼ਰਾਈਲ ਨੇ ਆਪਣੀ ਸੁਰੱਖਿਆ ਕਰਨੀ ਐ ਤਾਂ ਆਪਦੇ ਬਾਰਡਰ 'ਤੇ ਫੌਜਾਂ ਲਾ ਕੇ ਕਰੇ, ਦੂਸਰੇ ਦੇਸ਼ 'ਤੇ ਹਮਲਾ ਕਰਨ ਦਾ ਹੱਕ ਉਸਨੂੰ ਕਿਸਨੇ ਦਿੱਤਾ ਹੈ? 'ਸਕਿਓਰਟੀ ਚੋਣ' ਦੀ ਦਲੀਲ ਦੇਣ ਵਾਲਾ ਇਕ ਹੋਰ ਦੇਸ਼ 'ਤੁਰਕੀ' ਵੀ ਹੈ ਜਿਸ ਦੀ ਫੌਜ ਨੇ ਸੀਰੀਆ ਦੀ 'ਕੁਰਦ' ਘੱਟ-ਗਿਣਤੀ 'ਤੇ ਹਮਲਾ ਵਿੱਢਿਆ ਹੋਇਆ ਹੈ! ਬਹਾਦਰ ਕੁਰਦ ਕੌਮ ਚਾਰ ਦੇਸ਼ਾਂ 'ਚ ਵੰਡੀ ਹੋਈ ਹੈ! ਇਨ੍ਹਾਂ ਚਾਰ ਦੇਸ਼ਾਂ-ਤੁਰਕੀ, ਸੀਰੀਆ, ਇਰਾਕ ਅਤੇ ਇਰਾਨ ਦੇ ਸਾਂਝੇ ਬਾਡਰ 'ਤੇ ਵਸੀ/ਖਿੰਡੀ ਇਹ ਕੌਮ, ਵੰਡ ਦੀਆਂ ਲਕੀਰਾਂ ਮੇਟ ਕੇ ਆਪਣਾ ਵੱਖਰਾ ਦੇਸ਼ 'ਕੁਰਦਸਤਾਨ' ਬਣਾਉਣ ਲਈ ਸੰਘਰਸ਼ਸ਼ੀਲ ਹੈ! ਤੁਰਕੀ ਨੂੰ ਇਤਰਾਜ਼ ਹੈ ਕਿ ਬਾਰਡਰ ਦੇ ਸੀਰੀਆ ਵਾਲੇ ਪਾਸੇ ਰਹਿੰਦੇ ਕੁਰਦ, ਤੁਰਕੀ ਵਾਲੇ ਪਾਸੇ ਰਹਿੰਦੇ ਕੁਰਦਾਂ ਨੂੰ ਤੁਰਕੀ ਦੀ ਸਰਕਾਰ ਖਿਲਾਫ ਜੰਗ ਲਈ ਪ੍ਰੇਰਦੇ ਹਨ! ਹੋ ਸਕਦਾ ਐ ਇਹ ਸੱਚ ਹੋਵੇ ਪਰ ਤੁਰਕੀ ਦੀ ਸਰਕਾਰ ਨੂੰ ਇਹ ਹੱਕ ਕੀਹਨੇ ਦਿੱਤਾ ਹੈ ਕਿ ਉਹ ਦੂਜੇ ਦੇਸ਼ 'ਸੀਰੀਆ' ਦੀ ਹੱਦ ਟੱਪ ਕੇ ਉਸਦੇ ਕੁਰਦ ਸ਼ਹਿਰੀਆਂ ਦਾ ਕਤਲੇਆਮ ਕਰੇ? ਸੀਰੀਆ ਇਕ ਗਰੀਬ ਦੇਸ਼ ਐ ਜੀਹਦੀ 90% ਜਨਤਾ ਗਰੀਬੀ ਦੀ ਰੇਖਾ ਤੋਂ ਹੇਠਾਂ ਜ਼ਿੰਦਗੀ ਬਸਰ ਕਰ ਰਹੀ ਹੈ! ਇਨ੍ਹਾਂ 'ਚੋਂ 17 ਮਿਲੀਅਨ ਲੋਕਾਂ ਨੂੰ ਫੌਰੀ ਮਨੁੱਖੀ ਸਹਾਇਤਾ ਦੀ ਲੋੜ ਹੈ! 13 ਸਾਲ ਚੱਲੀ ਇਸ ਸਿਵਲ-ਵਾਰ 'ਚ ਇਕ ਲੱਖ ਸੱਤਰ ਹਜ਼ਾਰ ਸੀਰੀਆ ਦੇ ਸਿਟੀਜ਼ਨ ਮਾਰੇ ਗਏ ਅਤੇ 5.4 ਮਿਲੀਅਨ ਲੋਕਾਂ ਨੇ ਭੱਜ ਕੇ ਹੋਰਨਾਂ ਦੇਸ਼ਾਂ 'ਚ ਪਨਾਹ ਲਈ ਹੋਈ ਹੈ! ਪਿਛਲੇ ਦਸ ਦਿਨਾਂ 'ਚ ਹੀ 4 ਲੱਖ ਤੋਂ ਵੱਧ ਲੋਕ ਘਰੋਂ ਬੇਘਰ ਹੋ ਗਏ ਹਨ! ਇਜ਼ਰਾਈਲ, ਅਮਰੀਕਾ ਅਤੇ ਤੁਰਕੀ ਵਲੋਂ ਵਿੱਢੇ ਹਮਲੇ, ਖਾਸ ਕਰ ਕੇ ਇਜ਼ਰਾਈਲ ਵਲੋਂ ਕੀਤੀ ਜਾ ਰਹੀ ਸੀਰੀਆ ਦੀ ਤਬਾਹੀ ਦਾ ਲੋਕਾਂ ਦੀ ਜ਼ਿੰਦਗੀ 'ਤੇ ਕਿਹੋ ਜਿਹਾ ਪ੍ਰਭਾਵ ਪਏਗਾ? ਇਸਦਾ ਅੰਦਾਜ਼ਾ ਲਾਉਣਾ ਅਜੇ ਬਾਕੀ ਹੈ! ਲੋਕਾਂ ਨੂੰ ਇਸ ਗੁਰਬਤ ਤੇ ਦੋਜ਼ਖ ਭਰੀ ਜ਼ਿੰਦਗੀ ਤੋਂ ਨਿਜ਼ਾਤ ਦੁਆਉਣ ਦੀ ਜ਼ਿੰਮੇਵਾਰੀ, ਸੀਰੀਆ ਦੀ ਬਣਨ ਜਾ ਰਹੀ ਨਵੀਂ ਸਰਕਾਰ ਦੀ ਹੈ! ਰਾਸ਼ਟਰਪਤੀ ਅਸਾਦ ਦੇ ਦੇਸ਼ ਛੱਡ ਕੇ ਭੱਜਣ ਤੋਂ ਬਾਅਦ ਰਾਜਸੱਤਾ 'ਤੇ ਕਬਜ਼ਾ ਕਰਨ ਵਾਲੇ ਇਸਲਾਮਿਕ ਲੜਾਕੂਆਂ ਦੀ ਲੀਡਰਸ਼ਿਪ ਨੇ, 2016 'ਚ ਅਲ-ਕਾਇਦਾ ਨਾਲੋਂ ਨਾਤਾ ਤੋੜਨ ਤੋਂ ਬਾਅਦ ਅੱਠ ਸਾਲ 'ਅਸਾਦ' ਸਰਕਾਰ ਦੇ ਖ਼ਿਲਾਫ ਲੜਨ ਦੇ ਨਾਲੋ-ਨਾਲ ਲੋਕਾਂ 'ਚ ਕਾਫੀ ਸੋਸ਼ਲ ਵਰਕ ਵੀ ਕੀਤਾ ਹੈ! ਇਨ੍ਹਾਂ ਦਾ ਸਭ ਤੋਂ ਵੱਧ ਚਮਕਿਆ ਲੀਡਰ 'ਅਹਿਮਦ ਹੁਸੈਨ ਅਲ-ਸ਼ਾਰਾ (ਅੱਬੂ ਮੁਹੰਮਦ ਅਲ-ਜੁਲਾਨੀ) ਜਿਹੜਾ ਅਮਰੀਕਾ ਦੀ ਖ਼ੂੰਖਾਰ ਅੱਤਵਾਦੀਆਂ ਦੀ ਲਿਸਟ 'ਚ ਸ਼ਮਲ ਸੀ ਅਤੇ ਜੀਹਦੇ ਸਿਰ 'ਤੇ ਅਮਰੀਕਾ ਨੇ 10 ਮਿਲੀਅਨ ਡਾਲਰ ਦਾ ਇਨਾਮ ਰੱਖਿਆ ਹੋਇਆ ਸੀ! ਉਹ, ਅਲ-ਕਾਇਦਾ ਨਾਲੋਂ ਨਾਤਾ ਤੋੜਨ ਤੋਂ ਬਾਅਦ ਆਪਣੇ ਆਪ ਨੂੰ ਇਸਲਾਮਿਕ ਇਨਕਲਾਬੀ ਵਜੋਂ ਪੇਸ਼ ਕਰਦਾ ਰਿਹਾ ਹੈ ਅਤੇ ਲੋਕਾਂ 'ਚ ਤਿੰਨ ਮੁੱਦੇ ਉਭਾਰਦਾ ਰਿਹਾ ਹੈ! 1) ਲੋਕਲ ਸਰਕਾਰ, 2) ਆਰਥਕ ਮੁੱਦੇ, 3) ਮਨੁੱਖੀ ਸਹਾਇਤਾ! ਇਸਦੇ ਨਾਲ ਹੀ ਉਹ ਖੁਦ ਨੂੰ ਬਹੁਵਾਦੀ (ਪਲੁਰਅਲਸਿਟ) ਅਤੇ ਸਹਿਣਸ਼ੀਲਤਾ ਦੇ ਚੈਂਪੀਅਨ ਵਜੋਂ ਵੀ ਉਭਾਰਦਾ ਰਿਹਾ ਹੈ! ਅਹਿਮਦ ਹੁਸੈਨ ਅਲ-ਸ਼ਾਰਾ ਦੇ ਇਰਾਦੇ ਸੁਭ ਲਗਦੇ ਐ! ਪਰ ਸੁਣਿਆ ਹੈ ਕਿ ਉਹ ਅਤੇ ਬਾਕੀ ਲੀਡਰਸਿ.ਲਪ ਸੀਰੀਆ ਨੂੰ 'ਇਸਲਾਮਿਕ ਸਟੇਟ' ਐਲਾਨਣ ਨੂੰ ਫਿਰਦੀ ਹੈ, ਇਸ ਲਈ ਸੁਭ ਇਰਾਦਿਆਂ ਨੂੰ ਵੀ ਬੂਰ ਪੈਣਾ ਮੁਸ਼ਕਲ ਹੈ! ਕਿਓਂਕਿ ਧਰਮ ਅਤੇ ਸਿਆਸਤ ਨੂੰ ਵੱਖ ਕਰਨਾ, ਸਮਾਜਕ ਵਿਕਾਸ ਲਈ ਅੱਜ ਦੇ ਯੁੱਗ ਦੀ ਮੁਢਲੀ ਸ਼ਰਤ ਹੈ! ਧਾਰਮਕ ਵਿਚਾਰਧਾਰਾ, ਇਤਿਹਾਸਕ ਤੌਰ 'ਤੇ ਵੇਲਾ ਵਿਹਾ ਚੁੱਕੀ ਵਿਚਾਰਧਾਰਾ ਹੈ! ਕੋਈ ਸਮਾਜ ਕਿਸ ਰੁਖ਼ ਅਤੇ ਕਿਸ ਗਤੀ ਨਾਲ ਵਿਕਾਸ ਕਰੇਗਾ? ਇਸਦਾ ਨਿਰਣਾ ਸਬੰਧਤ ਸਿਆਸਤ ਕਰਦੀ ਹੈ!

# ਡਾ. ਸੁਖਪਾਲ ਸੰਘੇੜਾ ਨਾਲ ਗੱਲਬਾਤ



ਵਲੋਂ : ਰਵਿੰਦਰ ਸਿੰਘ ਸੋਢੀ

ਡਾ. ਸੁਖਪਾਲ ਸੰਘੇੜਾ ਪੰਜਾਬੀ ਕਵਿਤਾ ਦਾ ਪ੍ਰਮੁੱਖ ਹਸਤਾਖਰ ਹੈ। ਉਹਦੀਆਂ ਕਵਿਤਾਵਾਂ ਆਮ ਆਦਮੀ ਦੇ ਸਰੋਕਾਰਾਂ ਨਾਲ ਸੰਬੰਧਤ ਹਨ। ਗੱਲ ਕਹਿਣ ਦੀ ਸਹਿਜਤਾ ਤੇ ਸਾਦਗੀ ਬੌਧਿਕ ਡੂੰਘਾਈਆਂ ਦੇ ਬਾਵਜੂਦ ਵੀ ਉਹਦੀਆਂ ਕਵਿਤਾਵਾਂ 'ਤੇ ਬੋਝ ਨਹੀਂ ਪੈਣ ਦਿੰਦੀ। ਪੰਜਾਬ 'ਚ ਰਹਿੰਦਿਆਂ ਵੀ ਸਾਹਿਤਿਕ/ਵਿਦਿਆਰਥੀ ਖ਼ੇਤਰ ਤੌਰ ਵਿੱਚ ਕਾਫ਼ੀ ਸਰਗਰਮ ਰਿਹਾ। ਪੰਜਾਬ ਦੇ ਸਾਹਿਤਕਾਰਾਂ, ਰੰਗ ਮੰਚੀਆਂ, ਤੇ ਹੋਰ ਕਲਾਕਾਰਾਂ ਦੀ ਜਥੇਬੰਦੀ 'ਪੰਜਾਬ ਲੋਕ ਸੱਭਿਆਂਚਾਰਿਕ ਮੰਚ' ਦਾ ਬਾਨੀ ਜਨਰਲ ਸਕੱਤਰ ਰਹਿ ਚੁੱਕਿਆ ਹੈ, ਭਾਅ ਜੀ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਬਾਨੀ ਪ੍ਰਧਾਨ ਨਾਲ; ਉੱਨੀ ਸੌ ਸੱਤਰਵਿਆਂ ਦੀ ਪੰਜਾਬ ਸਟੂਡੈਂਟ ਯੂਨੀਅਨ ਵਿਚ ਵੀ ਸਰਗਰਮ ਭੂਮਿਕਾ ਨਿਭਾਈ। ਅਮਰੀਕਾ ਤੇ ਯੋਰਪ ਦੇ ਮਿਆਰੀ ਖੋਜ ਰਸਾਲਿਆਂ ਵਿਚ ਪ੍ਰਕਾਸ਼ਤ ਭੌਤਿਕੀ ਦੇ ਇਕ ਸੌ ਪੰਜਾਹ ਤੋਂ ਵੱਧ ਖੋਜ ਪੱਤਰਾਂ ਦਾ ਲੇਖਕ ਤੇ ਸਹਿ ਲੇਖਕ ਹੈ। ਇੰਟਰਨੈੱਟ/ਵੈੱਬ ਉੱਪਰ ਘੁੰਮਣ ਲਈ ਸਾਰੀ ਦੁਨੀਆਂ ਵਿਚ ਵਰਤੇ ਜਾਣ ਵਾਲੇ ਬਰਾਊਜ਼ਰਾਂ ਵਿੱਚੋਂ ਪਹਿਲੇ, ਯਾਣੀ ਨੈੱਟਸਕੇਪ ਬਰਾਊਜ਼ਰ, ਦੇ ਘਾੜਿਆਂ ਵਿੱਚੋਂ ਇੱਕ ਹੈ। ਸਦੀ ਦੇ ਮੋੜ 'ਤੇ ਹਾਲੀਵੁੱਡ ਦੇ ਮੀਡੀਆ ਸਰਦਾਰਾਂ ਨੂੰ ਹੱਥਾਂ ਪੈਰਾਂ ਦੀਆਂ ਪਾ ਦੇਣ ਵਾਲੀ ਪਹਿਲੀ ਇੰਟਰਨੈੱਟ/ਵੈੱਬ ਸੰਗੀਤ ਕੰਪਨੀ, ਮਪ3.ਚੋਮ, ਦੇ ਇੰਜਨੀਅਰਿੰਗ ਵਿਭਾਗ ਦਾ ਡਾਇਰੈਕਟਰ ਰਿਹਾ ਹੈ। ਅੱਜਕੱਲ ਅਮਰੀਕਾ ਵਿਚ ਇਕ ਸਫ਼ਲ ਵਿਗਿਆਨੀ (ਭੌਤਿਕੀ ਤੇ ਕੰਪਿਊਟਰ ਸਾਇੰਸ ਦੇ ਖੇਤਰ ਵਿਚ) ਤੇ ਅਧਿਆਪਕ ਵਜੋਂ ਨਾਮਣਾ ਖੱਟਦਾ ਚਲਿਆ ਆ ਰਿਹਾ ਹੈ। ਪੰਜਾਬੀ ਸਾਹਿਤ ਨੂੰ ਕਵਿਤਾ ਦੇ ਖੇਤਰ ਵਿਚ ''ਟੱਕਰ'', ''ਲੋਕ ਕਚਹਿਰੀ'', ''ਗੋਦ ਲਏ ਗੀਤ'', ''ਕਿੱਸਿਆਂ ਦੇ ਕੈਦੀ'', ਤੇ "ਭੂਤ ਨਗਰੀ"; ਨਾਵਲ ਦੇ ਖੇਤਰ ਵਿਚ ''ਢੱਠਾ ਖੂਹ'' ਤੇ "ਇੱਕ ਦਹਿਸ਼ਤ ਪਸੰਦ ਦੀ ਡਾਇਰੀ"; ਅਤੇ ਗ਼ਦ ਵਿੱਚ "ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ: ਯੂਰਪੀਅਨ ਰੇਨੇਸਾਂਸ ਦੇ ਪ੍ਰਸੰਗ ਵਿੱਚ" ਦੇ ਚੁੱਕਿਆ ਹੈ। ਸੰਗਾਊ ਸੁਭਾਅ ਕਾਰਨ ਪੰਜਾਬੀ ਸਾਹਿਤ ਵਿਚ ਉਹਦਾ ਚਰਚਾ ਬਹੁਤ ਘੱਟ ਰਿਹਾ ਹੈ। ਪਰ ਪੰਜਾਬੀ ਕਵਿਤਾ/ਸਾਹਿਤ ਬਾਰੇ ਜਦ ਵੀ ਗੰਭੀਰ ਚਰਚਾ ਚੱਲੇਗੀ ਉਹਦੀਆਂ ਕਵਿਤਾਵਾਂ/ਰਚਨਾਵਾਂ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕੇਗਾ।

- **ਪ੍ਰੇਰਨਾ, ਮਿਨੀ ਰੇਨਾਸਾਂਸ, ਵਿਗਿਆਨ ਦਾ ਉਧਾਲਾ, ਤੇ ਪਰਵਾਸਵਾਦ? ਲਿਖਣਾ ਕਦੋਂ ਸ਼ੁਰੂ ਕੀਤਾ? ਇਸ ਪਿੱਛੇ ਕੋਈ ਪ੍ਰੇਰਨਾ?**

ਔਔਲਿਖਣ ਦਾ ਸ਼ੌਕ, ਸੋਢੀ ਜੀ, ਬਹੁਤ ਨਿਆਣੇ ਹੁੰਦੇ ਨੂੰ ਹੀ ਪੈ ਗਿਆ ਸੀ। ਪ੍ਰਾਇਮਰੀ ਤੇ ਮਿਡਲ ਸਕੂਲ ਦੇ ਦਿਨਾਂ ਵਿਚ ਈ ਕਿਆਰੇ ਮੋੜਦਿਆਂ ਕਵਿਤਾ ਜੋੜੀ ਜਾਣੀ। ਪਰ ਉਨ੍ਹਾਂ ਪਹਿਲੀਆਂ ਪਹਿਲੀਆਂ ਕਵਿਤਾਵਾਂ ਵਿਚ ਸੁਭਾਵਕ ਈ ਮੌਲਿਕਤਾ ਥੋੜ੍ਹੀ ਸੀ ਤੇ ਬੌਧਿਕਤਾ ਪੱਖੋਂ ਨਿਆਣੀਆਂ। ਇਸ ਲਈ ਉਹ ਪ੍ਰਕਾਸ਼ਨਾ ਤੱਕ ਪਹੁੰਚਣ ਲਈ ਮੇਰਾ ਲਾਗੂ ਸਵੈ-ਸੈਂਸਰਸ਼ਿਪ ਵੀ ਪਾਸ ਨਾ ਕਰ ਸਕੀਆਂ। ਪ੍ਰੇਰਨਾ ਸਰੋਤ? ਮੇਰੇ ਦਾਦਾ ਫ਼ਕੀਰ ਦਾ ਸਕਾ ਭਰਾ ਕਾਮਰੇਡ ਬੰਤਾ ਸਿੰਘ ਨੂਰਮਹਿਲ ਇਲਾਕੇ ਵਿਚ ਖੱਬੀ ਜਮਹੂਰੀ ਲਹਿਰ ਦਾ ਜਾਣਿਆਂ ਪਹਿਚਾਣਿਆਂ ਸਰਗਰਮ ਹਮਦਰਦ ਸੀ। ਖੱਬੀ ਲਹਿਰ ਦੇ ਆਗੂਆਂ ਦਾ, ਭਾਵੇਂ ਉਹ ਭੂਮੀਗਤ ਹੋਣ ਜਾਂ ਭੂਮੀ ਉੱਪਰ, ਅਕਸਰ ਸਾਡੇ ਘਰਾਂ/ਖੂਹਾਂ 'ਤੇ ਲੋੜ ਅਨੁਸਾਰ ਲੋਏ ਜਾਂ ਨ੍ਹੇਰੇ ਸਨ੍ਹੇਰੇ ਆਉਣਾ ਜਾਣਾ ਰਹਿੰਦਾ ਸੀ। ਸਾਡੇ ਖਾਨਦਾਨ ਦੀ ਸੋਚਣੀ ਨੂੰ ਲੋਕ ਪੱਖੀ ਦਿਸ਼ਾ ਵਿਚ ਸੇਧੀ ਰੱਖਣ ਵਿਚ ਕਾਮਰੇਡ ਬੰਤਾ ਸਿੰਘ ਦਾ ਬੜਾ ਹੱਥ ਸੀ। ਇਹੀ ਦਿਸ਼ਾ ਮੈਨੂੰ ਕਾਮਰੇਡਾਂ ਦੇ ਡਰਾਮੇ ਦੇਖਣ ਵੱਲ ਖਿੱਚ ਕੇ ਲੈ ਜਾਂਦੀ ਸੀ। ਉਂਝ ਮੇਰੇ ਬਾਪ, ਯਾਨਿ ਭਾਪਾ ਜੀ, ਦੀ ਬਾਹਲੇ, ਜੇ ਸਾਰੇ ਨਹੀਂ, ਬਾਪਾਂ ਵਾਂਗ ਇਹੀ ਇਛਾ ਸੀ ਕਿ ਭਗਤ ਸਿੰਘ ਜੰਮਣਾਂ ਤਾਂ ਗੁਆਂਢੀਆਂ ਦੇ ਘਰ ਈ ਜੰਮੇ। ਸੋ ਕਾਮਰੇਡਾਂ ਦੇ ਡਰਾਮਿਆਂ 'ਤੇ ਜਾਣ ਕਰਕੇ ਘਰੋਂ ਝਿੜਕਾਂ ਆਮ ਪੈਂਦੀਆਂ ਰਹਿੰਦੀਆਂ; ਜਿਵੇਂ ਸਾਰੇ ਘਰਦਿਆਂ ਨੂੰ 'ਨਿਆਣਿਆਂ' ਦਾ 'ਫਿਕਰ' ਹੁੰਦਾ ਹੀ ਹੈ; ਸਾਡੇ ਵਰਗੇ ਜਾਗੀਰੂ ਸਮਾਜ ਵਿੱਚ ਇਹ 'ਫਿਕਰ' ਕੁੱਝ ਜਿਆਦਾ ਹੀ ਹੋ ਜਾਂਦਾ ਹੈ। ਪਰ ਮੇਰਾ ਕਾਮਰੇਡਾਂ ਦੇ ਡਰਾਮੇ ਦੇਖਣ ਤੇ ਬਾਅਦ ਵਿੱਚ ਕਵਿਤਾਵਾਂ ਲਿਖ ਕੇ ਕਾਮਰੇਡਾਂ ਦੀਆਂ ਸਟੇਜਾਂ ਤੋਂ ਬੋਲਣ ਦਾ ਝੱਸ ਹੋਰ ਵੀ ਪਰਬੱਲ ਹੁੰਦਾ ਗਿਆ। ਉਦੋਂ ਪਿੰਡਾਂ ਦੇ ਨਿਆਣਿਆਂ ਜਾਂ ਛੋਟੀ ਉਮਰ ਦੇ ਮੁੰਡਿਆਂ ਦੀ ਪਹੁੰਚ ਫਲਿਮਾਂ ਤੱਕ ਤਾਂ ਹੁੰਦੀ ਨਹੀਂ ਸੀ, ਟੀ.ਵੀ. ਘਰਾਂ ਵਿੱਚ ਅਜੇ ਆਇਆ ਨਹੀਂ ਸੀ; ਇਸ ਲਈ ਕਾਮਰੇਡਾਂ ਦੇ ਡਰਾਮੇ, ਨਕਲਾਂ, ਚੁਗਲੀਆ, ਤੇ ਅਫ਼ਵਾਹਾਂ ਬਣਨ ਦੀ ਹੱਦ ਤੱਕ ਵਿਗੜ ਗਈਆ ਪਿੰਡ ਤੇ ਇਲਾਕੇ ਦੀਆ ਲੋਕਲ ਖਬਰਾਂ ਹੀ ਦਿਲ-ਪ੍ਰਚਾਵੇ ਦਾ ਸਾਧਨ ਬਣਦੀਆਂ ਸਨ। ਉਂਝ ਮੈਨੂੰ ਲੱਗਦਾ ਕਿ ਮੁੱਢਲਾ ਪ੍ਰੇਰਨਾ ਸਰੋਤ ਪਰਵਾਰਿਕ ਤੰਗੀ ਤੁਰਸ਼ੀ ਅਤੇ ਗਲ ਘੋਟੂ ਸਮਾਜਕ ਤੇ ਭ੍ਰਿਸ਼ਟ ਰਾਜਨੀਤਕ ਵਾਤਾਵਰਨ ਹੀ ਸੀ। ਜਦੋਂ ਆਲੇ ਦੁਆਲੇ ਸਭ ਕੁਝ ਟੁੱਟਿਆ ਫੁੱਟਿਆ, ਅਰਥਹੀਣ, ਤੇ ਇੱਕੋ ਥਾਂ ਫਸਿਆ ਫਸਿਆ ਲੱਗੇ ਤਾਂ ਬੰਦੇ ਦਾ ਕੁਝ ਐਸਾ ਕਰਨ ਨੂੰ ਜੀਆ ਕਰਦਾ ਜਿਹਦਾ ਕੋਈ ਅਰਥ ਹੋਵੇ, ਜੋ ਚੱਲਦਾ ਚੱਲਦਾ ਨਜ਼ਰ ਆਵੇ, ਤੇ ਜਿਹਦੇ ਤੋਂ ਕੁਝ ਸੰਤੁਸ਼ਟੀ ਮਿਲੇ। ਸ਼ੁਰੂ ਸ਼ੁਰੂ ਵਿੱਚ ਇਹੀ ਪ੍ਰੇਰਨਾ ਸਰੋਤ ਸੀ ਸਾਹਿਤਕ ਰਚਨਾ ਕਰਨ ਦਾ, ਤੇ ਇਹੀਓ ਪ੍ਰੇਰਨਾ ਸਰੋਤ ਸਕੂਲੀ ਪੜ੍ਹਾਈ ਜ਼ਾਰੀ ਰੱਖਣ ਦਾ। ਸਿੱਖਣ ਦੇ ਨਾਲ ਨਾਲ, ਸਕੂਲੀ-ਪੜ੍ਹਾਈ ਮੇਰੇ ਲਈ ਇੱਕ ਖੇਡ (ਗਓਮਏ), ਯਾਨਿ ਦਿਲ ਪ੍ਰਚਾਵਾ, ਵੀ ਹੁੰਦੀ ਸੀ; ਹਰ ਜਮਾਤ ਚੋਂ ਅੱਵਲ ਆਉਣ ਦੀ ਖ਼ੁਦ-ਸਹੇੜੀ ਦੌੜ ਲੱਗੀ ਰਹਿੰਦੀ। ਸੋ, ਸਾਹਿਤਕ ਸਿਰਜਣਾ ਅਤੇ ਸਕੂਲੀ ਸਰਟੀਫ਼ੀਕੇਟ/ਡਿਪਲੋਮੇ ਤੇ ਯੂਨੀਵਰਸਟੀਆਂ ਦੀਆਂ ਡਿਗਰੀਆਂ ਕਿਸੇ ਹੱਦ ਤੱਕ ਇਸ ਪ੍ਰੇਰਨਾ ਸਰੋਤ ਤੋਂ ਮਿਲੀ ਊਰਜਾ ਦੇ ਨਿਕਾਸ ਲਈ ਬਣੀਆਂ ਨਾਲੀਆਂ ਦਾ ਵੀ ਰੋਲ ਨਿਭਾਉਂਦੀਆਂ ਰਹੀਆਂ ਨੇ।

- **'ਪ੍ਰਾਇਮਰੀ ਤੇ ਮਿਡਲ ਸਕੂਲ' ਦੀ ਪੜ੍ਹਾਈ ਦੌਰਾਨ ਕਵਿਤਾ ਲਿਖਣ ਦੀ ਧੁੰਨ ਬੜੀ ਦਿਲਚਸਪ ਲੱਗੀ। ਇਸ ਲਈ ਕਿਸੇ ਵਿਅੱਕਤੀ-ਵਿਸ਼ੇਸ਼ ਕੋਲੋਂ ਮਿਲੀ ਪ੍ਰੇਰਨਾ ਜਾਂ ਇਹ ਧੁੰਨ ਕਾਇਮ ਰੱਖਣ ਵਿੱਚ ਕਿਸੇ ਵਿਅੱਕਤੀ-ਵਿਸ਼ੇਸ਼ ਦਾ ਰੋਲ?**



ਠੀਕ ਕਹਿੰਦੇ ਓਂ,ਸੋਢੀ ਜੀ, ਮਾਹੌਲ ਤਾਂ ਰੋਲ ਨਿਭਾਉਂਦਾ ਹੀ ਹੈ। ਸਰਕਾਰੀ ਪ੍ਰਾਇਮਰੀ ਸਕੂਲ ਤੱਖਰ ਵਿੱਚ ਪਿੰਡ ਸਮਰਾਵਾਂ ਦਾ ਮਾਸਟਰ ਸਾਧੂ ਸਿੰਘ ਹਰੇਕ ਹਫ਼ਤੇ 'ਰੰਗਾ-ਰੰਗ ਪ੍ਰੋਗਰਾਮ' ਦਾ ਆਯੋਜਨ ਕਰਦਾ ਹੁੰਦਾ ਸੀ, ਜਿਸ ਵਿੱਚ ਵਿਦਿਆਰਥੀਆਂ ਨੇ ਗੀਤ, ਕਵਿਤਾਵਾਂ, ਜਾਂ ਹੋਰ ਦਿਲ-ਪ੍ਰਚਾਵਾ ਦੀਆਂ ਆਈਟਮਾਂ ਪੇਸ਼ ਕਰਨੀਆਂ ਹੁੰਦੀਆਂ ਸਨ। ਮੈਂ ਕਦੇ ਕਿਸੇ ਹੋਰ ਦਾ ਲਿਖਿਆ ਤੇ ਕਦੇ ਆਪਣਾ ਜੋੜਿਆ ਗੀਤ ਗਾ ਦਿੰਦਾ ਸੀ; ਮਾਸਟਰ ਜੀ ਤੋਂ ਸ਼ਾਬਾਸ਼ੇ ਮਿਲ ਜਾਂਦੀ ਸੀ। ਮਿਡਲ ਸਕੂਲ ਵਿੱਚ ਮੇਰੇ ਪੰਜਾਬੀ ਵਿਸ਼ੇ ਦੇ ਇੱਕ ਅਧਿਆਪਕ ਸਨ: ਜਗਤਾਰ, ਡਾ. ਜਗਤਾਰ ਬਣਨ ਤੋਂ ਪਹਿਲਾਂ, ਜਦੋਂ ਉਹ ਜਗਤਾਰ ਪਪੀਹਾ ਦੇ ਨਾਮ ਥੱਲੇ ਲਿਖਦੇ ਸਨ। ਜਮਾਤ ਵਿੱਚ, ਜਗਤਾਰ ਜੀ ਜਦੋਂ ਕਿਸੇ ਕਵਿਤਾ ਦੀ ਵਿਆਖਿਆ ਕਰਦੇ ਸਨ, ਤਾਂ ਜਿਵੇਂ ਉਸ ਵਿੱਚੋਂ ਭੇਤ ਨੂੰ ਉਧੇੜ ਸੁੱਟਦੇ ਸਨ, ਜਦੋਂ ਕਈ ਵਾਰੀ ਦੁਬਾਰਾ ਉਹੀ ਕਵਿਤਾ ਪੜਦੇ ਤਾਂ ਇੰਝ ਲੱਗਦਾ ਜਿਵੇਂ ਉਹੀ ਦੁਬਾਰਾ ਜਾਂ ਕੋਈ ਹੋਰ ਭੇਤ ਕਵਿਤਾ ਗ੍ਰਿਫਤਾਰ ਹੋ ਗਿਆ ਹੋਵੇ। ਮੈਨੂੰ ਇਹ ਭਾਣਾ ਇਕ ਹੱਥ ਅਜੀਬ ਤੇ ਦੂਜੇ ਹੱਥ ਦਿਲਚਸਪ ਲੱਗਦਾ; ਤੇ ਮੇਰਾ ਜੀਅ ਕਰਦਾ ਕਿ ਮੈਂ ਵੀ ਕੋਈ ਭੇਤ ਲੱਭ ਕੇ ਕਵਿਤਾ ਵਿੱਚ ਬੰਦ ਕਰ ਸਕਾਂ।

ਇਸ ਸਕੂਲ, ਜਾਣਿ ਸਰਕਾਰੀ ਹਾਈ ਸਕੂਲ ਗੋਰਾਇਆ, ਵਿੱਚ ਵਿਗਿਆਨ ਦੇ ਵਿਸ਼ੇ ਨਹੀਂ ਪੜਾਏ ਜਾਂਦੇ ਸਨ, ਜਿਨ੍ਹਾਂ ਵਿੱਚ ਮੇਰੀ ਦਿਲਚਸਪੀ ਜਾਗ ਉੱਠੀ ਸੀ। ਇਸ ਲਈ, ਅੱਠਵੀ ਪਾਸ ਕਰਨ ਤੋਂ ਬਾਅਦ ਹਾਈ ਸਕੂਲ ਪੂਰਾ ਕਰਨ ਲਈ, ਮੈਂ ਘਰਦਿਆਂ ਨੂੰ ਕਹਿ ਕੇ ਗੋਰਾਇਆ ਦੇ ਨੇੜੇ ਪਿੰਡ ਅੱਟਾ ਵਾਲੇ ਸਕੂਲ ਵਿੱਚ ਦਾਖ਼ਲਾ ਲੈ ਲਿਆ; ਜੋਰਾਵਰ ਸਿੰਘ ਫਤਹਿ ਹਰੀ ਖਾਲਸਾ ਹਾਇਰ ਸੈਕੰਡਰੀ ਸਕੂਲ, ਅੱਟਾ। ਉੱਥੇ ਇੱਕ ਅਧਿਆਪਕ ਸੀ ਜਿਹਨੂੰ ਕਵਿਤਾ ਬਾਰੇ ਬੜੀ ਸਮਝ ਸੀ, ਤੇ ਕਵਿਤਾ ਵਿੱਚ ਦਿਲਚਸਪੀ ਵੀ; ਉਨ੍ਹਾਂ ਦਾ ਨਾਮ ਸੀ: ਕਰਤਾਰ ਸਿੰਘ ਅਰਸ਼। ਭਾਵੇਂ ਅੱਟਾ ਵਾਲੇ ਸਕੂਲ ਵਿੱਚ ਮੈਂ ਵਿਗਿਆਨ ਤੇ ਹਿਸਾਬ ਦੇ ਵਿਸ਼ਿਆਂ ਕਾਰਨ ਆਇਆ ਸਾਂ, ਪਰ ਉਨ੍ਹਾਂ ਦੇ ਨਾਲ ਨਾਲ ਹੀ ਪੰਜਾਬੀ, ਹਿੰਦੀ, ਇੰਗਲਿਸ਼, ਤੇ ਇਤਿਹਾਸ ਦੇ ਵਿਸ਼ੇ ਹੀ ਮੈਂ ਲੈ ਰਿਹਾਂ ਸਾਂ, ਬਾਕੀ ਵਿਦਿਆਰਥੀਆਂ ਵਾਂਗ ਹੀ। ਕਰਤਾਰ ਸਿੰਘ ਅਰਸ਼ ਸਕੂਲ ਦੀ ਇੱਕ-ਕਮਰਾ ਸਾਈਜ਼ ਲਾਇਬ੍ਰੇਰੀ ਦੇ ਲਾਇਬ੍ਰੇਰੀਅਨ ਦਾ ਰੋਲ ਵੀ ਨਿਵਾਉਂਦਾ ਹੁੰਦਾ ਸੀ। ਮੈਂ ਅਕਸਰ ਲਾਇਬ੍ਰੇਰੀ ਵਿੱਚੋ ਕੋਈ ਨਾ ਕੋਈ ਕਿਤਾਬ ਕੱਢਾਉਂਦਾ ਰਹਿੰਦਾ ਸੀ, ਪੰਜਾਬੀ ਸਾਹਿਤ ਦੇ ਘੇਰੇ ਵਿੱਚੋਂ; ਜਸਵੰਤ ਸਿੰਘ ਕੰਵਲ ਤੇ ਨਾਨਕ ਸਿੰਘ ਆਦਿ ਦੇ ਨਾਵਲ ਵੀ ਮੈਂ ਇੱਥੋਂ ਪੜ੍ਹਣੇ ਸ਼ੁਰੂ ਕੀਤੇ। ਪਤਾ ਲੱਗਣ ਤੋਂ ਬਾਅਦ ਕਿ ਮੈਨੂੰ ਕਵਿਤਾ ਲਿਖਣ ਦਾ ਸ਼ੋਕ ਸੀ, 'ਅਰਸ਼' ਹੁਣੀਂ ਮੈਨੂੰ ਹੱਲਾ-ਸ਼ੇਰੀ ਦਿੰਦੇ ਰਹਿੰਦੇ। ਇੱਕ ਵਰਣਨਯੋਗ ਵਾਕਿਆ ਹੈ, ਜਦ ਇਕ ਸਾਲ ਗੁਰਪੁਰਬ 'ਤੇ ਸਾਡੇ ਸਕੂਲ ਵਿੱਚ ਆਯੋਜਿਤ ਕੀਤਾ ਗਿਆ 'ਰੰਗਾ-ਰੰਗ ਪ੍ਰੋਗਰਾਮ' ਮੁਕਾਬਲਾ, ਜਿਸ ਵਿੱਚ ਇਲਾਕਾ ਭਰ ਦੇ ਸਕੂਲਾਂ ਨੇ ਹਿੱਸਾ ਲੈਣਾ ਸੀ; ਵਿਦਿਆਰਥੀਆਂ ਕਵਿਤਾ, ਗੀਤ ਆਦਿ ਆਈਟਮਾਂ ਪੇਸ਼ ਕਰ ਸਕਦੇ ਸਨ। 'ਅਰਸ਼' ਹੋਣਾਂ ਦੀ ਹੱਲਾ-ਸ਼ੇਰੀ ਨਾਲ ਮੈਂ ਆਪਣੀ ਕਵਿਤਾ ਲਿਖ ਕੇ ਉਸ ਪ੍ਰੋਗਰਾਮ 'ਤੇ ਪੇਸ਼ ਕੀਤੀ, ਜੋ ਸ਼ੁਰੂ ਹੁੰਦੀ ਸੀ, "ਦਰਦਮੰਦਾਂ ਦਿਆਂ ਦਰਦੀਆ ਗੁਰੂ ਨਾਨਕ...", ਨਾਲ, ਤੇ ਖ਼ਤਮ ਕੁਝ ਇਸ ਤਰ੍ਹਾਂ ਹੁੰਦੀ ਸੀ, "ਗੇੜ੍ਹਾ ਕੱਢੀ ਉਦਾਸੀ ਤੂੰ ਪੰਜਵੀ ਨੂੰ, ਕਲਮ 'ਅਣਖੀ' ਦੀ 'ਵਾਜਾਂ ਮਾਰਦੀ ਏ'"। ਜਮਾਤ ਵਿੱਚ ਮਾਸਟਰਾਂ ਨਾਲ ਦਲੀਲਬਾਜੀਆਂ ਕਰਨ ਬਦਲੇ ਸੰਗੀ ਵਿਦਿਆਰਥੀਆਂ ਨੇ ਮੇਰਾ ਨਾਮ 'ਅਣਖੀ' ਪਾਇਆ ਹੋਇਆ ਸੀ। ਖੈਰ, ਉਸੇ ਸਮਾਗਮ ਵਿੱਚ ਜਗਤਾਰ ਦੇ ਉਦੋਂ ਦੇ ਇੱਕ ਵਿਦਿਆਰਥੀ ਨੇ ਜਗਤਾਰ ਦੀ ਲਿਖੀ ਹੋਈ ਕਵਿਤਾ ਪੇਸ਼ ਕੀਤੀ, ਜੋ ਇਸ ਤਰ੍ਹਾਂ ਸ਼ੁਰੂ ਹੋਈ:

ਇਕ ਜੋਤ ਇਲਾਹੀ ਅਰਸ਼ਾਂ ਦੀ
ਅਰਸ਼ਾਂ ਤੋਂ ਆਈ ਧਰਤੀ 'ਤੇ।
ਧਰਤੀ ਦਾ ਕਣ ਕਣ ਬੋਲ ਪਿਆ
ਫਿਰ ਗਈ ਦੁਹਾਈ 'ਤੇ।

ਇਨ੍ਹਾਂ ਕਾਵਿ-ਸ਼ਤਰਾਂ ਵਿੱਚ ਨੱਚਦੇ ਸ਼ਬਦਾਂ ਦੇ ਤਾਲ ਦਾ ਜਾਦੂ ਤੁਸੀਂ ਖ਼ੁਦ ਮਹਿਸੂਸ ਕਰ ਸਕਦੇ ਹੋ। ਕੋਈ ਅਚੰਭਾ ਨਹੀਂ ਕਿ ਇਹ ਕਵਿਤਾ ਉਸ ਮੁਕਾਬਲੇ ਵਿੱਚ ਅੱਵਲ ਰਹੀ। ਭਾਵੇਂ ਮੇਰੀ ਕਵਿਤਾ ਅੱਬਲ ਨਹੀਂ ਆਈ, ਪਰ ਮੈਨੂੰ ਅਫ਼ਸੋਸ ਵੀ ਕੋਈ ਨਹੀਂ ਸੀ; ਆਖਰ ਇਹ ਮੇਰੇ ਅਧਿਆਪਕ ਦੀ ਕਵਿਤਾ ਨੂੰ

### ਪਹਿਲੀ ਕਿਸ਼ਤ

ਹਾਰੀ ਸੀ। ਮੈਨੂੰ ਲੱਗਿਆ ਜਿਵੇਂ ਜਿੱਤੀ ਹੋਈ ਕਵਿਤਾ ਵਿੱਚੋਂ ਜਗਤਾਰ, ਮੇਰਾ ਅਧਿਆਪਕ, ਕਹਿ ਰਿਹਾ ਹੋਵੇ: "ਤੁਰਿਆ ਚੱਲ ਬੱਚੂ, ਅਜੇ ਲੰਬੇਰਾ ਪਾੜਾ ਏ।"

ਇੱਥੇ, ਇੱਕ ਹੋਰ ਵਾਕਿਆ ਦਾ ਜਕਿਰ ਕਰਨਾ ਚਾਹਾਂਗਾ। ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਹਾਈ ਸਕੂਲ ਪ੍ਰੀਖਿਆਵਾਂ ਦੇ ਨਤੀਜਿਆਂ ਵਿੱਚ ਮੈਂ ਦਿਹਾਤੀ ਪੰਜਾਬ ਵਿੱਚ ਦੂਜੇ ਨੰਬਰ 'ਤੇ ਆਇਆ ਸੀ। ਮੈਂ ਤੇ ਇੱਕ ਦੋਸਤ ਮੱਖਣ ਸਿੰਘ, ਜਿਹਦਾ ਨਾਮ ਵੀ ਬੋਰਡ ਨਤੀਜਿਆ 'ਚੇ ਮੈਰਿਟ ਲਿਸਟ ਵਿੱਚ ਸ਼ਾਮਲ ਸੀ, ਦੋਨੋਂ ਡੀ.ਏ.ਵੀ ਕਾਲਜ ਜਲੰਧਰ ਦੇ ਪਰਿੰਸੀਪਲ ਭੀਮ ਸੈਨ ਬਹਿਲ ਨੂੰ ਸਿੱਧੇ ਜਾ ਮਿਲੇ, ਜਿਸ ਨੇ ਸਾਡੇ ਨਤੀਜੇ ਵੇਖ ਕੇ ਕਾਲਜ ਫ਼ੀਸ ਮੁਆਫ਼ ਸਮੇਤ ਕੁੱਝ ਹੋਰ ਰਿਆਇਤਾਂ ਪੇਸ਼ ਕੀਤੀਆਂ, ਜੇ ਅਸੀਂ ਉਹਦੇ ਕਾਲਜ ਵਿੱਚ ਦਾਖ਼ਲਾ ਲੈ ਲਈਏ ਤਾਂ। ਖ਼ੈਰ, ਦਾਖ਼ਲਾ ਲੈ ਲਿਆ, ਬੀ.ਐਸ.ਸੀ. ਸਾਲ ਪਹਿਲਾ ਵਿੱਚ। ਵਿਗਿਆਨ ਮੇਜਰ, ਭਾਵ ਮੁੱਖ ਵਿਸ਼ੇ ਵਿਗਿਆਨ ਦੇ, ਹੋਣ ਦੇ ਬਾਵਜੂਦ ਮੈਂ ਆਪਣਾ ਮਾਈਨਰ, ਯਾਨਿ ਨਾ-ਮੁੱਖ, ਵਿਸ਼ਾ ਪੰਜਾਬੀ ਚੁਣਿਆ। ਉੱਥੇ ਮੇਰੀ ਪੰਜਾਬੀ ਜਮਾਤ ਦਾ ਅਧਿਆਪਕ ਹੁੰਦਾ ਸੀ: ਪੂਰਾ ਨਾਂ ਤਾਂ ਮੈਨੂੰ ਯਾਦ ਨਹੀਂ, ਸ਼ਾਇਦ ਪ੍ਰੋ: ਸ਼ਿਗਾਰੀ। ਉਹ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਰੁਚੀ ਕਾਇਮ ਰੱਖਣ ਲਈ ਬੜਾ ਸਰਗਰਮ ਰਹਿੰਦਾ ਸੀ; ਅੰਤਰ-ਜਮਾਤ ਕਾਵਿ-ਮੁਕਾਬਲੇ ਕਰਵਉਣੇ ਆਦਿ। ਉਸ ਸਾਲ ਦੀ ਕਾਲਜ ਕਨਵੋਕੇਸ਼ਨ ਵਿੱਚ ਭਾਰਤ ਦੇ ਰਾਸ਼ਟਰਪਤੀ ਵੀ.ਵੀ. ਗਿਰੀ ਨੇ ਹੱਥ ਮਿਲਾ ਕੇ ਮੈਨੂੰ ਪੰਜਾਬੀ ਮਜ਼ਬੂਨ ਵਿੱਚ ਮੈਰਿਟ ਇਨਾਮ ਪ੍ਰਦਾਨ ਕੀਤਾ; ਇਹ ਉਸ ਸਮੇ ਵਿਦਿਆਰਥੀ ਵਜੋਂ ਬੇਸ਼ਕ ਲੋਹੜੇ ਦੀ ਹੌਸਲਾ ਅਫ਼ਜਾਈ ਸੀ।

- **ਜਿਵੇਂ ਤੁਸੀਂ ਕਿਹਾ ਮਿਡਲ ਸਕੂਲ ਪਾਸ ਕਰਨ ਤੋਂ ਬਾਅਦ, ਤੁਸੀਂ ਵਿਗਿਆਨ ਦੇ ਵਿਸ਼ੇ ਲੈਣ ਲਈ ਗੋਰਾਇਆ ਸਕੂਲ ਛੱਡ ਕੇ ਅੱਟਾ ਸਕੂਲ ਵਿੱਚ ਦਾਖਲਾ ਲੈ ਲਿਆ। ਵਿਗਿਆਨ ਦੇ ਵਿੱਦਿਆਰਥੀ ਬਣਨ ਦੀ ਮੁੱਢਲੀ ਪ੍ਰੇਰਨਾ ਕਿੱਥੋਂ ਮਿਲੀ? ਤਾਂ ਪੁੱਛ ਰਿਹਾ, ਕਿਉਂਕਿ ਕਵਿਤਾ ਸਮੇਤ ਤੁਹਾਡੀ ਸਮੁੱਚੀ ਲੇਖਣੀ ਉੱਪਰ ਵਿਗਿਆਨ ਦਾ ਅਸਰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।**

ਕਿਰਸਾਨ ਪਰਵਾਰ ਵਿੱਚ ਜੰਮਿਆ ਪਲਿਆ; ਬਚਪਨ ਵਿੱਚ ਘਰੋਂ ਖੂਹ ਨੂੰ ਜਾਂਦਿਆਂ ਤੇ ਖੂਹ ਤੋਂ ਘਰ ਨੂੰ ਆਉਂਦਿਆਂ, ਪਗਡੰਡੀਆਂ ਤੇ ਰਾਹਾਂ ਤੋ ਇਲਾਵਾ ਪੈਰਾਂ ਨਾਲ ਕਬਰਾਂ, ਸਿਵੇ, ਤੇ ਫਸਲਾਂ ਵੀ ਗਾਹ ਮਾਰਨੀਆਂ। ਸਿਆੜਾਂ ਵਿੱਚ ਬੀਜੇ ਬੀਆਂ ਤੇ ਪੋਰੀਆਂ ਤੋਂ ਪੌਦਿਆਂ ਦਾ ਪੁੰਗਰਣਾ, ਪੌਦਿਆਂ ਦੀਆ ਫਸਲਾਂ ਦਾ ਬੜੇ ਹੋਣਾ, ਹਲ੍ਟ ਗੇੜ ਕੇ ਖੂਹ ਵਿੱਚੋਂ ਟਿੰਡਾਂ ਦੀ ਮਾਹਲ ਨਾਲ ਪਾਣੀ ਕੱਢਣਾ, ਆਡਾਂ ਰਾਹੀਂ ਪਾਣੀ ਦਾ ਆਪਣੇ ਆਪ ਹੀ ਖੇਤਾਂ ਦੇ ਕਿਆਰਿਆਂ ਵੱਲ ਨੂੰ ਵਗਣਾ, ਚੱਲਦੇ ਵੇਲਣੇ 'ਤੇ ਗੰਨਿਆਂ ਦਾ ਟੋਕੇ ਤੇ ਗੁੜ ਦਾ ਬਦਲਣਾ, ਪੰਛੀਆਂ ਦਾ ਆਂਡੇ ਦੇਣਾ ਤੇ ਉਨ੍ਹਾਂ ਵਿੱਚੋਂ ਚੂਚੇ ਪੰਛੀਆਂ ਦਾ ਨਿਕਲਣਾ, ਗਾਈਆ, ਮੱਝਾਂ, ਤੇ ਕੁੱਤੀਆਂ ਦਾ ਸੂਣਾ...ਇਹ ਸਾਰੀ ਹਲਚਲ ਮੈਨੂੰ ਦਿਲਚਸਪ ਤੇ ਭੇਤਭਰੀ ਲੱਗਦੀ। ਇੱਥੇ ਹੀ ਬੱਸ ਨਹੀਂ: ਆਪਣੇ ਆਪ ਹੀ ਹਰ ਰੋਜ਼ ਸੂਰਜ ਦਾ ਆਸਮਾਨ ਦੇ ਇੱਕ ਪਾਸਿਆਂ ਨਿੱਕਲਣਾ ਤੇ ਦੂਜੇ ਪਾਸੇ ਡੁੱਬ ਜਾਣਾ, ਫਿਰ ਹੌਲੀ ਹੌਲੀ ਆਸਮਾਨ ਦਾ ਜਗਦੇ ਤਾਰਿਆਂ ਸਗ ਭਰ ਜਾਣਾ, ਚਾਣਨੀਆਂ ਰਾਤਾਂ ਦਾ ਹੋਣਾ, ਬੱਦਲਾਂ ਦਾ ਆਉਣਾ ਤੇ ਵਰ੍ਹ ਜਾਣਾ, ਸੱਭ ਕੁੱਝ ਗਿੱਲਾ ਗਿੱਲਾ, ਢਿੱਲਾ ਢਿੱਲਾ, ਤੇ ਕੁਝ ਚੋਂਦਾ ਚੋਂਦਾ ਕਰ ਜਾਣਾ...ਇਤਿਆਦਿ। ਇਸ ਸੱਭ ਕੁਝ ਜ਼ਰੂਰੀ ਤੌਰ 'ਤੇ ਰੋਮਾਂਟਿਕ ਨਹੀਂ ਸੀਂ ਜਿੰਨਾ ਇੱਥੇ ਲਿਖਿਆ ਲੱਗ ਸਕਦਾ ਹੈ ਕਈਆਂ ਨੂੰ, ਪਰ ਇਹ ਹਕੀਕਤ ਸੀ ਜਿਸ ਵਿੱਚ ਹੇਠਲੀਆਂ ਸ਼ੈਆਂ ਵੀ ਸ਼ਾਮਲ ਸਨ: ਖੇਤਾਂ ਤੇ ਘਰਾਂ ਵਿੱਚ ਸੱਪਾਂ, ਚੂਹਿਆਂ, ਮੱਖੀਆਂ, ਮੱਛਰਾਂ ਦਾ ਵਸਣਾ; ਪੱਠੇ ਵੱਢਦਿਆਂ ਦਾਤਰੀ ਨਾਲ ਉਂਗਲ ਦਾ ਥੌੜਾ/ਬਹੁਤਾ ਜਿਹਾ ਵੱਢਿਆ ਜਾਣਾ ਤੇ ਇਲਾਜ ਵਜੋਂ ਉਂਗਲ 'ਤੇ ਮੂਤ ਕਰਕੇ ਲੀਰ ਦੀ ਪੱਟੀ ਬੰਨਣਾ, ਹਰ ਗਰਮੀ ਰੁਤੇ ਮੱਛਰਾਂ ਦੇ ਖਾਧਿਆਂ ਨੂੰ ਬੁਖਾਰਾਂ ਦਾ ਚੜ੍ਹਨਾ, ਅਨਸੰਤੁਲਤ ਖੁਰਾਕ ਖਾਣ ਸਦਕਾ ਠਿੱਡ-ਪੀੜ ਤੇ 'ਦਿਲ ਕੱਚਾ ਕੱਚਾ ਹੋਣ' ਦਾ ਆਮ ਬਣ ਜਾਣਾ। ਇਸ ਸਾਰੀ ਹਲਚਲ, ਯਾਨਿ ਚੀਜ਼ਾਂ ਤੇ ਵਰਤਾਰਿਆਂ, ਨੂੰ ਵੇਖਣਾ ਜਾਂ/ਤੇ ਹੰਢਾਉਣਾ ਮੇਰੇ ਮਨ ਵਿੱਚ ਕਿਸੇ ਨਾ ਕਿਸੇ ਰੂਪ 'ਚੇ "ਕੀ, ਕਿੱਦਾਂ, ਕਿਓਂ" ਵਰਗੇ ਪ੍ਰਸ਼ਨ ਖੜ੍ਹੇ ਕਰਦਾ ਸੀ। ਪਰ, ਸਾਡੇ ਪਿੰਡ ਤੇ ਖੂਹਾਂ ਉੱਤੇ 'ਰੱਬ' ਰਹਿੰਦਾ, ਉੱਪਰ ਆਸਮਾਨ ਵਿੱਚ ਕਿਤੇ; ਸੱਭ ਕੁਝ ਉਸ ਦੀ ਮਰਜ਼ੀ ਨਾਲ ਹੀ ਹੁੰਦਾ ਸੀ: ਸੂਰਜ ਦਾ ਨਿੱਕਲਣਾ ਤੇ ਡੁੱਬਣਾ, ਬੋਏ ਬੀਆਂ ਦਾ ਫਸਲਾਂ ਬਣ ਜਾਣਾ, ਮੀਹਾਂ ਦਾ ਵਰ੍ਹਣਾ, ਬੰਦਿਆਂ ਦਾ ਜੰਮਣਾ ਤੇ ਮਰਨਾ...ਆਦਿ...ਸੱਭ ਕੁਝ, ਉਹ ਹੀ "ਕੀ, ਕਿੱਦਾਂ, ਕਿਓਂ" ਵਰਗੇ ਪ੍ਰਸ਼ਨਾਂ ਦਾ ਉੱਤਰ ਸੀ। ਪ੍ਰਾਇਮਰੀ ਸਕੂਲ 'ਰੱਬ' ਦੀ ਛਤਰ ਛਾਇਆ ਹੇਠ ਲੰਘ ਗਿਆ। ਇਹਦਾ ਮਤਲਬ ਇਹ ਨਹੀਂ ਕਿ ਚੀਜ਼ਾਂ ਤੇ ਵਰਤਾਰੇ ਮੈਨੂੰ ਦਿਲਚਸਪ ਲੱਗਣੋ ਜਾਂ ਹੈਰਾਨ ਕਰਨੋਂ ਹਟ ਗਏ, ਪਰ "ਕੀ, ਕਿੱਦਾਂ, ਕਿਓਂ" ਨੇ ਇੰਨਾ ਪ੍ਰੇਸ਼ਾਨ ਨਹੀਂ ਕੀਤਾ। ਜੋ ਕੁਝ ਵੀ ਹੋ ਰਿਹਾ ਸੀ, 'ਰੱਬ' ਦੀ ਮਰਜ਼ੀ ਨਾਲ ਹੋ ਰਿਹਾ ਸੀ, ਉਹ ਸੱਭ ਜਾਣੀ-ਜਾਨ ਸੀ ਕਿ ਉਹ ਕੀ ਕਰ ਰਿਹਾ ਤੇ ਕਿਓਂ, ਉਹਦੀਆਂ ਉਹੀ ਜਾਣੇ...। ਪਰ ਮਿਡਲ ਸਕੂਲ ਦੀ ਪੜ੍ਹਾਈ ਦੌਰਾਨ ਅਖੀਰ ਜਹੇ 'ਤੇ ਇੱਕ ਗੜਬੜ ਹੋ ਗਈ, ਜਦੋਂ ਇਲਾਕੇ ਦੇ ਇੱਕ ਭਰੋਸੇਯੋਗ ਕਾਮਰੇਡ ਨੇ ਮੈਨੂੰ ਕਿਹਾ, ਜੋ ਮੇਰੇ ਲਈ ਖ਼ਬਰ ਸੀ,''ਰੱਬ ਰੁੱਬ ਕੋਈ ਨਹੀਂ ਹੁੰਦਾ''। ਕਾਮਰੇਡ ਦੇ ਇਸ ਬਿਆਨ ਨੇ ਮੇਰੇ ਮਨ ਖਲਬਲੀ ਮਚਾ ਦਿੱਤੀ: 'ਰੱਬ' ਨਹੀ ਤਾਂ ਹੋਰ ਕੌਣ, ਜੋ ਕੁਝ ਚਲਾ ਰਿਹਾ ਕੁਦਰਤ ਦੀਆ ਚੀਜ਼ਾਂ ਤੇ ਵਰਤਾਰਿਆਂ ਨੂੰ? ਪੜ੍ਹ ਸੁਣ ਕੇ ਇਹ ਸੂਹ ਲੱਗ ਗਈ ਕਿ ਮੇਰੇ ਇਸ ਪ੍ਰਸ਼ਨ ਦਾ ਉੱਤਰ ਸ਼ਾਇਦ ਵਿਗਿਆਨ ਦੇ ਵਿਸ਼ਿਆਂ ਕੋਲ ਹੋਵੇ। ਸੋ, ਵਿਗਿਆਨ ਮੈਨੂੰ ਗੋਰਾਇਆਂ ਸਕੂਲ ਤੋਂ ਅਗਵਾ ਕਰਕੇ ਅੱਟਾ ਸਕੂਲ ਨੂੰ ਲੈ ਗਈ।

- **ਤੁਸੀਂ ਉੱਨੀ ਸੌ 70ਵਿਆਂ 'ਚੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਰਗਰਮ ਆਗੂ ਰਹੇ ਹੋ ਅਤੇ ਬਾਅਦ ਵਿਚ ਪੰਜਾਬ ਲੋਕ ਸੱਭਿਆਚਾਰਕ (ਪਲਸ ਮੰਚ) ਦੇ ਬਾਨੀ ਜਨਰਲ ਸਕੱਤਰ ਵੀ, ਬਾਨੀ ਪ੍ਰਧਾਨ ਗੁਰਸ਼ਰਨ ਸਿੰਘ ਨਾਲ, ਜੋ ਬਾਅਦ ਦੇ ਪੰਜਾਬ ਵਿੱਚ 'ਭਾਈ ਮੰਨਾ ਸਿੰਘ' ਦੇ ਨਾਮ ਨਾਲ ਵੀ ਜਾਣੇ ਜਾਣ ਲੱਗੇ। ਕੀ ਲਹਿਰਾਂ ਸਾਹਿਤਕ ਲਿਖਤਾਂ ਰਚਣ 'ਚ ਰੋਲ ਅਦਾ ਕਰਦੀਆਂ?**

ਬਿਨਾਂ-ਸ਼ੱਕ! ਸਾਹਿਤਕ ਰਚਨਾਵਾਂ ਅਕਸਰ ਸਿੱਧੀਆਂ ਜਾਂ ਅਸਿੱਧੀਆਂ ਜਾਂ ਤਾਂ ਕਿਸੇ ਘਟਨਾ ਜਾਂ ਵਰਤਾਰੇ ਉੱਪਰ ਅਧਾਰਤ ਹੁੰਦੀਆਂ ਨੇ ਜਾਂ ਉਨ੍ਹਾਂ ਤੋਂ ਪ੍ਰਭਾਵਤ। – ਚਲਦਾ

# HAPPY NEW YEAR

## ਆਪ ਸਭ ਨੂੰ ਨਵੇਂ ਸਾਲ 2025 ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਮੁਬਾਰਕਾਂ

ਅਸੀਂ ਆਸ ਕਰਦੇ ਹਾਂ ਕਿ ਨਵਾਂ ਸਾਲ ਤੁਹਾਡੇ ਸਭ ਲਈ

ਤਰੱਕੀ ਅਤੇ ਖੁਸ਼ੀਆਂ ਲੈ ਕੇ ਆਏ...

# Save-on-Pallet

## & Enviro Pallet Recovery

### Buy + Sell (2004) Ltd.

ਵੱਲੋਂ : ਹਰਪਾਲ ਸਿੰਘ ਗਰੇਵਾਲ, ਸੰਤੋਖ ਸਿੰਘ ਕੰਦੋਲਾ, ਕੁਲਦੀਪ ਸਿੰਘ ਕੰਦੋਲਾ

# ਸੇਵ-ਔਨ ਪੈਲੇਟ ਲਿਮਿਟਡ

## ਇਨਵਾਇਰੋ ਪੈਲੇਟ ਰਿਕਵਰੀ ਬਾਏ+ਸੈਲ (2004) ਲਿਮਟਿਡ

ਦੋਨੋਂ ਕਾਰੋਬਾਰੀ ਪੈਲੇਟ ਕੰਪਨੀਆਂ ਇੱਕੋ ਹੀ ਮੈਨੇਜਮੈਂਟ ਅਧੀਨ ਰਿਚਮੰਡ ਵਿਖੇ ਚਲਦੀਆਂ ਹਨ।

Save-on-Pallet : 604-301-1084

Enviro Pallet Recovery : 604-301-1084

FAX : 604-301-1079

**NOW OUR SERVICES AVAILABLE ON 2 LOCATIONS**

HEAD OFFICE **7801 Vantage Way, Delta, BC V4G 1A6**

SECOND LOCATION **11571 Mitchell Road Richmond B.C.**

# ਕੈਨੇਡਾ ਦੇ ਬਦਲੇ ਨਵੇਂ ਨਿਯਮਾਂ ਨਾਲ ਇੰਜੀਨੀਅਰ, ਟੈਕਨੀਸ਼ੀਅਨ ਤੇ ਹੋਰ ਆਈਟੀ ਕਰਮਚਾਰੀਆਂ ਹੋ ਸਕਦੇ ਹਨ ਪ੍ਰਭਾਵਿਤ

**ਖਾਸ ਰਿਪੋਰਟ**

ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਨੇ ਦੇਸ਼ ਵਿੱਚ ਪਰਮਾਨੈਂਟ ਰੈਜ਼ੀਡੈਂਸ (ਪੀ.ਆਰ.) ਸਬੰਧੀ ਨਵੇਂ ਨਿਯਮਾਂ ਦਾ ਐਲਾਨ ਕੀਤਾ ਹੈ। ਇਹ ਐਲਾਨ ਐਕਸਪ੍ਰੈਸ ਐਂਟਰੀ ਕਰਮਚਾਰੀਆਂ ਲਈ ਕੀਤਾ ਗਿਆ ਹੈ ਜੋ ਦੇਸ਼ ਵਿੱਚ ਸਥਾਈ ਨਿਵਾਸ ਦੀ ਮੰਗ ਕਰ ਰਹੇ ਹਨ। ਕੈਨੇਡਾ ਸਰਕਾਰ ਦੀ ਇਸ ਘੋਸ਼ਣਾ ਦਾ ਭਾਰਤੀ ਇੰਜੀਨੀਅਰਾਂ, ਟੈਕਨੀਸ਼ੀਅਨਾਂ ਅਤੇ ਹੋਰ ਆਈਟੀ ਕਰਮਚਾਰੀਆਂ ਦੇ ਨਾਲ-ਨਾਲ ਵਿਆਪਕ ਰੈਂਕਿੰਗ ਪ੍ਰਣਾਲੀ ਵਿੱਚ ਹਾਲ ਹੀ ਵਿੱਚ ਐਲਾਨੀਆਂ ਤਬਦੀਲੀਆਂ ਨੂੰ ਪ੍ਰਭਾਵਤ ਕਰਨ ਦੀ ਸੰਭਾਵਨਾ ਹੈ।



## ਸੀਆਰਐਸ ਅੰਕਾਂ ਵਿੱਚ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ

ਨਵੇਂ ਨਿਯਮਾਂ ਦੇ ਅਨੁਸਾਰ, ਕੈਨੇਡਾ ਵਿੱਚ ਸਥਾਈ ਨਿਵਾਸ ਲਈ ਅਰਜ਼ੀ ਦੇਣ ਵਾਲੇ ਆਈਟੀ ਕਰਮਚਾਰੀਆਂ ਨੂੰ ਹੁਣ ਵਾਧੂ ਸੀਆਰਐਸ ਅੰਕ ਨਹੀਂ ਮਿਲਣਗੇ। ਹੁਣ ਤੱਕ ਆਈਟੀ ਇੰਜੀਨੀਅਰਾਂ ਨੂੰ ਅਐਲ ਐਲ ਆਈ ਏ ਦੁਆਰਾ ਬੈਕਡ ਨੌਕਰੀ ਦੀਆਂ ਪੇਸ਼ਕਸ਼ਾਂ ਮਿਲਦੀਆਂ ਸਨ। ਇਸਦਾ ਮਤਲਬ ਹੈ ਕਿ ਆਈਟੀ ਪੇਸ਼ੇਵਰਾਂ ਨੂੰ ਉੱਚ ਸੀਆਰਐਸ ਸਕੋਰ ਪ੍ਰਾਪਤ ਕਰਨ ਲਈ ਹੋਰ ਕਾਰਕਾਂ 'ਤੇ ਭਰੋਸਾ ਕਰਨਾ ਪਵੇਗਾ। ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਇਹ ਸੋਧਾਂ ਕਦੋਂ ਲਾਗੂ ਹੋਣਗੀਆਂ।

ਇਸ ਤੋਂ ਪਹਿਲਾਂ, ਐਲਐਮਆਈਏ-ਸਮਰਥਿਤ ਨੌਕਰੀ ਦੀ ਪੇਸ਼ਕਸ਼ ਵਾਲੇ ਐਕਸਪ੍ਰੈਸ ਐਂਟਰੀ ਉਮੀਦਵਾਰਾਂ ਨੂੰ ਉਹਨਾਂ ਦੇ ਵਿਆਪਕ ਰੈਂਕਿੰਗ ਸਿਸਟਮ (ਸੀਆਰਐਸ) ਸਕੋਰ ਵਿੱਚ ਮਹੱਤਵਪੂਰਨ ਵਾਧਾ ਪ੍ਰਾਪਤ ਹੋਇਆ ਸੀ। ਇਹ ਨੌਕਰੀ ਦੀ ਪੇਸ਼ਕਸ਼ ਦੇ ਆਧਾਰ 'ਤੇ 50 ਤੋਂ 200 ਵਾਧੂ ਪੁਆਇੰਟਾਂ ਤੱਕ ਹੋ ਸਕਦਾ ਹੈ। ਇਹ ਬੋਨਸ ਪੁਆਇੰਟ ਐਲਐਮਆਈਏ ਉਮੀਦਵਾਰਾਂ ਨੂੰ ਸਥਾਈ ਨਿਵਾਸ ਲਈ ਅਰਜ਼ੀ ਦੇਣ ਉਪਰੰਤ ਸੱਦਾ ਪ੍ਰਾਪਤ ਕਰਨ ਵਿੱਚ ਸਹਾਇਤਾ ਦਿੰਦੇ ਹਨ।

## ਪੀਆਰ ਲਈ ਸੱਦਾ ਪੱਤਰ ਮਿਲਣਾ ਮੁਸ਼ਕਲ ਹੋਵੇਗਾ

ਇਨ੍ਹਾਂ ਤਬਦੀਲੀਆਂ ਕਾਰਣ ਹੁਣ ਉਹਨਾਂ ਉਮੀਦਵਾਰਾਂ ਨੂੰ ਬੇਨਤੀ ਪੱਤਰ ਦੇ ਬਾਅਦ ਸੱਦਾ ਪ੍ਰਾਪਤ ਕਰਨਾ ਔਖਾ ਹੋ ਸਕਦਾ ਹੈ ਜੋ ਸੀਆਰਐਸ ਸਕੋਰ ਤੱਕ ਪਹੁੰਚਣ ਲਈ ਐਲਐਮਆਈਏ-ਸਮਰਥਿਤ ਨੌਕਰੀ ਸਕੋਰਾਂ 'ਤੇ ਨਿਰਭਰ ਕਰਦੇ ਹਨ। ਇਹ ਉਹਨਾਂ ਉਮੀਦਵਾਰਾਂ ਵਿੱਚ ਮੁਕਾਬਲਾ ਵਧਾ ਸਕਦਾ ਹੈ ਜਿਨ੍ਹਾਂ ਦੇ ਪ੍ਰੋਫਾਈਲਾਂ ਦਾ ਮੁਲਾਂਕਣ ਸਿਰਫ ਉਮਰ, ਸਿੱਖਿਆ ਅਤੇ ਭਾਸ਼ਾ ਦੇ ਹੁਨਰ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

ਸਥਾਈ ਨਿਵਾਸ ਸਬੰਧੀ ਨਿਯਮਾਂ ਵਿੱਚ ਬਦਲਾਅ ਦਾ ਐਲਾਨ ਅਜਿਹੇ ਸਮੇਂ ਵਿੱਚ ਹੋਇਆ ਹੈ ਜਦੋਂ ਕੈਨੇਡਾ ਸਰਕਾਰ ਇਮੀਗ੍ਰੇਸ਼ਨ ਨੀਤੀਆਂ ਵਿੱਚ ਅਹਿਮ ਬਦਲਾਅ ਕਰ ਰਹੀ ਹੈ। ਟਰੂਡੋ ਸਰਕਾਰ ਨੇ ਇਹ ਜਾਣਕਾਰੀ 15 ਦਿਨ ਪਹਿਲਾਂ ਦਿੱਤੀ ਸੀ। ਨਵੀਂ ਨੀਤੀ ਅਗਲੇ ਤਿੰਨ ਸਾਲਾਂ ਵਿੱਚ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਸਥਾਈ ਅਤੇ ਅਸਥਾਈ ਨਿਵਾਸੀਆਂ ਦੀ ਗਿਣਤੀ ਵਿੱਚ ਕਟੌਤੀ ਕਰਨ ਦੀ ਯੋਜਨਾ ਬਣਾ ਰਹੀ ਹੈ

ਯਾਦ ਰਹੇ ਕਿ ਕੈਨੇਡਾ ਨੇ ਬੀਤੇ ਦਿਨੀਂ ਆਪਣੀ ਇਮੀਗ੍ਰੇਸ਼ਨ ਨੀਤੀ ਵਿਚ ਹੋਰ ਵੱਡਾ ਬਦਲਾਅ ਕਰਦਿਆਂ ਫਾਸਟ ਟਰੈਕ ਸਟੂਡੈਂਟ ਵੀਜ਼ਾ ਜਿਸ ਨੂੰ (ਐੱਸਡੀਐੱਸ) ਪ੍ਰੋਗਰਾਮ ਵੀ ਕਿਹਾ ਜਾਂਦਾ ਹੈ, ਨੂੰ ਤੁਰੰਤ ਬੰਦ ਕਰ ਦਿੱਤਾ ਸੀ। ਇਸ ਫ਼ੈਸਲੇ ਦਾ ਹਜ਼ਾਰਾਂ ਕੌਮਾਂਤਰੀ ਵਿਦਿਆਰਥੀਆਂ ਖ਼ਾਸ ਕਰ ਕੇ ਕੈਨੇਡਾ ਵਿਚ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ’ਤੇ ਸਿੱਧਾ ਅਸਰ ਪਵੇਗਾ। ਕੈਨੇਡਾ ਸਰਕਾਰ ਨੇ ਵਿਜ਼ਟਰ ਵੀਜ਼ੇ ’ਤੇ ਆਉਣ ਵਾਲਿਆਂ ਨੂੰ ਵੱਡਾ ਝਟਕਾ ਦਿੰਦਿਆਂ ਨਿਯਮਾਂ ਵਿਚ ਸਖ਼ਤ ਤਬਦੀਲੀ ਕੀਤੀ ਸੀ। ਸਰਕਾਰ ਦੇ ਨਵੇਂ ਫ਼ੈਸਲੇ ਅਨੁਸਾਰ ਹੁਣ 10 ਸਾਲ ਦਾ ਵਿਜ਼ਟਰ ਵੀਜ਼ਾ ਨਹੀਂ ਮਿਲੇਗਾ।ਵਿਜ਼ਟਰ ਵੀਜ਼ਾ ’ਤੇ ਆਏ ਲੋਕਾਂ ਦੀ ਗਿਣਤੀ ਸਾਢੇ ਦਸ ਲੱਖ ਤੋਂ ਵੀ ਵੱਧ ਹੈ ਅਤੇ ਇਨ੍ਹਾਂ ਵਿੱਚੋਂ ਜਿਹੜੇ ਹੁਣ ਆਪਣੇ-ਆਪ ਵਾਪਸ ਨਾ ਗਏ, ਉਨ੍ਹਾਂ ਨੂੰ ਵਾਪਸੀ ਲਈ ਸਖ਼ਤ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕੈਨੇਡਾ ਵਿਚ ਇਸ ਵੇਲੇ 4 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਪੜ੍ਹਾਈ ਕਰ ਰਹੇ ਹਨ।

## ਕੀ ਕਹਿੰਦੇ ਨੇ ਇੰਮੀਗ੍ਰੇਸ਼ਨ ਮੰਤਰੀ

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਕੈਨੇਡਾ ਦੀ "ਓਵਰਹੀਟਿਡ" ਇਮੀਗ੍ਰੇਸ਼ਨ ਪ੍ਰਣਾਲੀ ਜਿਸਨੇ ਦੇਸ਼ ਵਿਚ ਰਿਕਾਰਡ ਗਿਣਤੀ ਵਿਚ ਨਵੇਂ ਆਉਣ ਵਾਲੇ ਲੋਕਾਂ ਨੂੰ ਸਵੀਕਾਰ ਕੀਤਾ ਹੈ, ਉਸ ਨੇ ਇਮੀਗ੍ਰੇਸ਼ਨ ਦੇ ਬਾਰੇ ਕੈਨੇਡਾ ਦੀ ਦਹਾਕਿਆਂ ਪੁਰਾਣੀ ਯੋਜਨਾ ਨੂੰ ਨੁਕਸਾਨ ਪਹੁੰਚਾਇਆ ਹੈ, ਉਨ੍ਹਾਂ ਨੇ ਸਾਲ ਦੇ ਅੰਤ ਵਿਚ ਇੰਟਰਵਿਊ ਵਿਚ ਆਪਣੇ ਵਿਭਾਗ ’ਚ ਤਬਦੀਲੀਆਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਮੁੜ ਲੀਹ 'ਤੇ ਲਿਆਉਣ ਲਈ ਸਰਕਾਰ ਨੂੰ ਸਿਸਟਮ ਵਿਚ ਅਨੁਸ਼ਾਸਨ ਦੀ ਲੋੜ ਹੈ। ਬੁਢਾਪੇ ਦੀ ਆਬਾਦੀ ਅਤੇ ਜਨਮ ਦਰ ਦੇ ਅਨੁਪਾਤ ਵਿਚ ਸੁਧਾਰ ਬਾਰੇ ਮਿਲਰ ਨੇ ਕਿਹਾ ਕਿ ਸਿਹਤ ਦੇਖਭਾਲ ਵਰਗੇ ਮੁੱਖ ਪ੍ਰੋਗਰਾਮਾਂ ਲਈ ਭੁਗਤਾਨ ਕਰਨ ਵਿੱਚ ਮਦਦ ਲਈ ਇਕ ਮਜ਼ਬੂਤ ਕਿਰਤ ਸ਼ਕਤੀ ਨੂੰ ਯਕੀਨੀ ਬਣਾਉਣ ਲਈ ਇਮੀਗ੍ਰੇਸ਼ਨ ਜ਼ਰੂਰੀ ਹੈ।

ਮਿਲਰ ਨੇ ਕਿਹਾ ਕਿ ਸਾਨੂੰ ਅਜੇ ਵੀ ਇਮੀਗ੍ਰੇਸ਼ਨ ਦੀ ਲੋੜ ਹੈ ਪਰ ਸਾਨੂੰ ਕੈਨੇਡੀਅਨਾਂ ਨੂੰ ਇਹ ਕਹਿਣ ਦੇ ਯੋਗ ਹੋਣਾ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਦੀ ਗੱਲ ਸੁਣ ਰਹੇ ਹਾਂ ਅਤੇ ਜਦੋਂ ਅਸੀਂ ਦੇਖਦੇ ਹਾਂ ਕਿ ਚੀਜ਼ਾਂ ਜ਼ਿਆਦਾ ਤੇਜ਼ ਹੁੰਦੀਆਂ ਹਨ ਤਾਂ ਅਸੀਂ ਉਸ ਅਨੁਸਾਰ ਪ੍ਰਤੀਕਿਰਿਆ ਕਰਦੇ ਹਾਂ," ਮਿਲਰ ਨੇ ਕਿਹਾ। ਮੰਤਰੀ ਦੀਆਂ ਨਜ਼ਰਾਂ ਵਿਚ, ਇਸ ਵਿਚ ਕੈਨੇਡਾ ਦੀ ਆਬਾਦੀ ਦੀ ਔਸਤ ਕੰਮ ਕਰਨ ਦੀ ਉਮਰ ਨੂੰ ਘਟਾਉਣ ਲਈ ਵਧੇਰੇ ਆਰਥਿਕ ਪ੍ਰਵਾਸੀਆਂ ਨੂੰ ਲਿਆਉਣਾ ਸ਼ਾਮਲ ਹੈ।

ਅਸਥਾਈ ਕਰਮਚਾਰੀਆਂ ਦੀ ਗਿਣਤੀ ’ਚ ਵਾਧਾ ਮਹਾਮਾਰੀ ਤੋਂ ਬਾਅਦ ਸਭ ਤੋਂ ਵੱਡੇ ਮੁੱਦਿਆਂ ’ਚੋਂ ਇਕ ਹੈ। ਸ਼ੁਰੂ ਵਿਚ ਟੀਚਾ ਲੇਬਰ ਮਾਰਕੀਟ ਵਿਚ ਚੋਰ ਮੋਰੀਆਂ ਨੂੰ ਭਰਨ ਲਈ ਪ੍ਰੋਗਰਾਮ ਦੀ ਵਰਤੋਂ ਕਰਨਾ ਸੀ ਪਰ ਪ੍ਰੋਗਰਾਮ ਇੰਨੀ ਤੇਜ਼ੀ ਨਾਲ ਵਧਿਆ ਕਿ ਇਸਨੇ ਕਾਮਿਆਂ ਦੇ ਧੋਖੇ ਅਤੇ ਸ਼ੋਸ਼ਣ ਦੇ ਦਰਵਾਜ਼ੇ ਖੋਲ੍ਹ ਦਿੱਤੇ।

ਸਰਕਾਰ ਨੇ ਹਾਲ ਹੀ ਵਿਚ ਇਕ ਰੁਜ਼ਗਾਰਦਾਤਾ ਲਈ ਇੱਕ ਵਰਕ ਪਰਮਿਟ ਮਨਜ਼ੂਰ ਕਰਵਾਉਣਾ ਔਖਾ ਬਣਾਉਣ ਲਈ ਪ੍ਰੇਰਿਤ ਕੀਤਾ ਹੈ, ਅਤੇ ਭੂਗੋਲਿਕ ਖੇਤਰਾਂ ਵਿੱਚ ਘੱਟ ਤਨਖਾਹ ਵਾਲੀਆਂ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਜਾਵੇਗਾ ਜਿੱਥੇ ਬੇਰੁਜ਼ਗਾਰੀ ਛੇ ਪ੍ਰਤੀਸ਼ਤ ਤੋਂ ਵੱਧ ਹੈ। ਲੇਬਰ ਮਾਰਕੀਟ ਪ੍ਰਭਾਵ ਮੁਲਾਂਕਣ, ਵਿਦੇਸ਼ਾਂ ਤੋਂ ਕਾਮੇ ਲਿਆਉਣ ਵਿੱਚ ਮਦਦ ਲਈ ਜ਼ਰੂਰੀ ਕਾਗਜ਼ੀ ਕਾਰਵਾਈ, ਸਥਾਈ ਨਿਵਾਸੀਆਂ ਲਈ ਕੈਨੇਡਾ ਦੇ ਪੁਆਇੰਟ ਆਧਾਰਿਤ ਐਕਸਪ੍ਰੈਸ ਐਂਟਰੀ ਸਿਸਟਮ ਵਿੱਚ ਵੀ ਕੀਮਤੀ 50 ਤੋਂ 200 ਪੁਆਇੰਟ ਹਨ। ਸੀਬੀਸੀ ਨੇ ਹਾਲ ਹੀ ਵਿੱਚ ਇੱਕ ਜਾਂਚ ਪ੍ਰਕਾਸ਼ਿਤ ਕੀਤੀ ਜਿਸ ਵਿੱਚ ਉਹਨਾਂ ਮੁਲਾਂਕਣਾਂ ਦਾ ਪਰਦਾਫਾਸ਼ ਕੀਤਾ ਗਿਆ ਸੀ, ਜੋ ਕਈ ਵਾਰ ਹਜ਼ਾਰਾਂ ਡਾਲਰਾਂ ਵਿੱਚ ਵੇਚੇ ਜਾ ਰਹੇ ਸਨ।

# ਬਰਫ਼ ਦੇ ਤੋਦੇ ਡਿੱਗਣ ਕਾਰਨ ਪੰਜ ਲੋਕ ਹਾਦਸੇ ਦਾ ਸ਼ਿਕਾਰ




**ਸਰੀ, (ਸਿਮਰਨਜੀਤ ਸਿੰਘ):** ਸੋਮਵਾਰ ਨੂੰ ਬੀ.ਸੀ. ਦੇ ਉੱਤਰੀ ਇਲਾਕੇ 'ਚ ਇਕ ਭਿਆਨਕ ਬਰਫ਼ ਦੇ ਤੋਦੇ ਡਿੱਗਣ ਕਾਰਨ ਪੰਜ ਸਕੀਅਰ ਹਾਦਸੇ ਦਾ ਸ਼ਿਕਾਰ ਹੋ ਗਏ। ਇਸ ਦੌਰਾਨ ਐਮਰਜੈਂਸੀ ਅਮਲਾ ਤੇਜ਼ੀ ਨਾਲ ਮਦਦ ਲਈ ਤਾਇਨਾਤ ਕੀਤਾ ਗਿਆ। ਇਹ ਹਾਦਸਾ ਪੇਂਬਰਟਨ ਤੋਂ ਪੱਛਮ ਵੱਲ ਇਪਸੂਟ ਪਹਾੜ 'ਤੇ ਸਥਿਤ "ਮੀਡੋ" ਬੈਕਕੰਟਰੀ ਸਕੀਅਰ ਖੇਤਰ ਵਿੱਚ ਵਾਪਰਿਆ।

ਆਰ.ਸੀ.ਐਮ.ਪੀ. ਅਨੁਸਾਰ ਇਹ ਘਟਨਾ ਦੁਪਹਿਰ ਦੇ ਸਮੇਂ ਵਾਪਰੀ। ਘਟਨਾ ਵਿੱਚ ਪੰਜ ਸਕੀਅਰ ਅਤੇ ਇੱਕ ਗਾਈਡ ਬਰਫ਼ 'ਚ ਫਸ ਗਏ ਸਨ। ਸ਼ੁਰੂ ਵਿੱਚ ਪੰਜ ਲੋਕਾਂ ਨੂੰ ਲਾਪਤਾ ਹੋ ਗਏ ਸਨ, ਪਰ ਬਾਅਦ ਵਿੱਚ ਸਾਰਿਆਂ ਨੂੰ ਲੱਭ ਲਿਆ ਗਿਆ।

ਪੁਲਿਸ ਨੇ ਦੱਸਿਆ ਕਿ ਚਾਰ ਸਕੀਅਰ ਪੂਰੀ ਤਰ੍ਹਾਂ ਬਰਫ਼ ਵਿੱਚ ਫਸ ਗਏ ਸਨ, ਜਦਕਿ ਇੱਕ ਸਕੀਅਰ ਬਰਫ਼ 'ਚ ਦੱਬਿਆ ਹੋਇਆ ਸੀ। ਬਚਾਅ ਕਾਰਵਾਈ ਤੁਰੰਤ ਸ਼ੁਰੂ ਕੀਤੀ ਗਈ ਅਤੇ ਦੋ ਸਕੀਅਰਾਂ ਨੂੰ ਜਲਦੀ ਹੀ ਬਾਹਰ ਕੱਢਿਆ ਲਿਆ ਗਿਆ।

ਬੀ.ਸੀ. ਐਮਰਜੈਂਸੀ ਹੈਲਥ ਸਰਵਿਸਿਜ਼ ਨੇ ਦੱਸਿਆ ਕਿ ਜਲਦੀ ਹੀ ਪੈਰਾਮੈਡੀਕਸ ਅਤੇ ਖੋਜ ਅਤੇ ਬਚਾਅ ਟੀਮਾਂ ਨੂੰ ਮੌਕੇ 'ਤੇ ਭੇਜਿਆ ਗਿਆ। ਐਮਰਜੈਂਸੀ ਪੈਰਾਮੈਡੀਕ ਬ੍ਰਾਇਨ ਟਵੇਟਸ ਨੇ ਕਿਹਾ, "ਪੈਰਾਮੈਡੀਕਸ ਨੇ ਤਿੰਨ ਮਰੀਜ਼ਾਂ ਨੂੰ ਐਮਰਜੈਂਸੀ ਮੈਡੀਕਲ ਇਲਾਜ ਦਿੱਤਾ, ਜਿਨ੍ਹਾਂ ਨੂੰ ਹਸਪਤਾਲ ਵਿੱਚ ਸਥਿਰ ਹਾਲਤ ਵਿੱਚ ਭੇਜਿਆ ਗਿਆ।" ਉਸਨੇ ਇਹ ਵੀ ਕਿਹਾ ਕਿ ਹੋਰ ਦੋ ਮਰੀਜ਼ਾਂ ਨੂੰ ਹਸਪਤਾਲ ਲਿਜਾਣ ਦੀ ਲੋੜ ਨਹੀਂ ਪਈ ਕਿਉਂਕਿ ਉਹ ਠੀਕ ਮਹਿਸੂਸ ਕਰ ਰਹੇ ਸਨ। This report was written by Simranjit Singh as part of the Local Journalism Initiative.


ੴ ਸਤਿਗੁਰ ਪ੍ਰਸਾਦਿ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ, ਘੱਲੇ ਆਵੇ ਨਾਨਕਾ ਸਦੇ ਉਠੀ ਜਾਇ।



ਸਰਦਾਰ ਬਾਲ ਸਿੰਘ ਜੱਜ

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪੂਜਨੀਕ ਪਿਤਾ ਜੀ

**ਸਰਦਾਰ ਬਾਲ ਸਿੰਘ ਜੱਜ**

ਜਿਨ੍ਹਾਂ ਦਾ ਪਿਛਲਾ ਪਿੰਡ ਪੰਡੋਰੀ ਕੱਦ ਜ਼ਿਲ੍ਹਾ ਹੁਸ਼ਿਆਰਪੁਰ
ਜੋ ਹੁਣ ਸਰੀ ਵਿਖੇ ਆਪਣੇ ਪਰਿਵਾਰ ਨਾਲ ਲੰਮੇ ਸਮੇਂ ਤੋਂ ਰਹਿ ਰਹੇ ਸਨ, ਮੰਗਲਵਾਰ
18 ਦਸੰਬਰ 2024 ਨੂੰ ਅਕਾਲ ਚਲਾਣਾ ਕਰ ਗਏ ਹਨ, ਉਨ੍ਹਾਂ ਦਾ

**ਅੰਤਿਮ ਸੰਸਕਾਰ**

**28 ਦਸੰਬਰ ਦਿਨ ਸ਼ਨੀਵਾਰ ਨੂੰ ਦੁਪਹਿਰ 2:00 ਵਜੇ**
ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ

**ਸਹਿਜਪਾਠ ਦੇ ਭੋਗ**
**ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਵੈਨਕੂਵਰ**
**ਵਿਖੇ ਸ਼ਾਮ 4:00 ਵਜੇ ਪਾਏ ਜਾਣਗੇ।**

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ

| ਮਨਜੀਤ ਸਿੰਘ ਜੱਜ (ਪੁੱਤਰ) | ਰਣਜੀਤ ਸਿੰਘ ਸੋਹਲ (ਜਵਾਈ) | ਸੋਹਣ ਸਿੰਘ ਕੰਗ (ਜਵਾਈ) |
|---|---|---|
| 604-375-6488 | 778-389-8732 | 604-720-2034 |

ਸਫ਼ਾ 1 ਦਾ ਬਾਕੀ

## ਕੀ ਅਮਰੀਕਾ ਵਲੋਂ ਲਗਾਏ ਟੈਰਿਫ਼...

ਬਾਰੇ ਸਾਰਾ ਸੱਚ ਕਿਸੇ ਵੀ ਦੇਸ਼ ਦੇ ਹੱਕ ਵਿੱਚ ਨਹੀਂ ਹੈ। 25 ਫੀਸਦ ਟੈਰਿਫ ਕੇਵਲ ਕੈਨੇਡਾ ਦੇ ਅਰਥਚਾਰੇ ਲਈ ਵਿਨਾਸ਼ਕਾਰੀ ਹੋਵੇਗਾ, ਅਜਿਹਾ ਕਹਿ ਤੁਸੀਂ ਖੁਦ ਨੂੰ ਵਰਗਲਾ ਨਹੀਂ ਸਕਦੇ ਹਨ।"

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਸੀ, "ਇਸ ਨਾਲ ਅਮਰੀਕਾ ਦੇ ਲੋਕਾਂ ਨੂੰ ਵੀ ਮੁਸ਼ਕਲਾਂ ਹੋਣਗੀਆਂ। ਅਮਰੀਕਾ 65 ਫੀਸਦ ਕੱਚਾ ਤੇਲ ਕੈਨੇਡਾ ਤੋਂ ਦਰਾਮਦ ਕਰਦਾ ਹੈ। ਇਸ ਤੋਂ ਇਲਾਵਾ ਅਮਰੀਕਾ ਵੱਡੇ ਪੈਮਾਨੇ 'ਤੇ ਬਿਜਲੀ ਵੀ ਬਰਾਮਦ ਕਰਦਾ ਹੈ।"

"ਕੁਦਰਤੀ ਗੈਸ ਵੀ ਅਮਰੀਕਾ ਕੈਨੇਡਾ ਤੋਂ ਹੀ ਬਰਾਮਦ ਕਰਦਾ ਹੈ। ਅਮਰੀਕਾ ਸਾਡੇ ਸਟੀਲ ਅਤੇ ਐਲੂਮੀਨੀਅਮ 'ਤੇ ਨਿਰਭਰ ਹੈ। ਅਮਰੀਕਾ ਵੀ ਖੇਤੀ ਉਤਪਾਦਾਂ ਲਈ ਸਾਡੇ 'ਤੇ ਨਿਰਭਰ ਹੈ। ਜੇਕਰ 25 ਫੀਸਦੀ ਟੈਕਸ ਲਗਾਇਆ ਜਾਂਦਾ ਹੈ ਤਾਂ ਅਮਰੀਕਾ 'ਚ ਇਹ ਸਾਰੀਆਂ ਚੀਜ਼ਾਂ ਮਹਿੰਗੀਆਂ ਹੋ ਜਾਣਗੀਆਂ।"

ਜ਼ਿਕਰਯੋਗ ਹੈ ਕਿ ਟਰੰਪ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ 2018 ਵਿੱਚ ਕੈਨੇਡੀਅਨ ਸਟੀਲ ਅਤੇ ਐਲੂਮੀਨੀਅਮ 'ਤੇ ਟੈਰਿਫ ਲਗਾਇਆ ਸੀ। ਇਸ ਦੇ ਜਵਾਬ ਵਿੱਚ ਕੈਨੇਡਾ ਨੇ ਵੀ ਅਮਰੀਕੀ ਵਸਤਾਂ 'ਤੇ ਟੈਰਿਫ ਲਗਾ ਦਿੱਤਾ ਸੀ। ਖਾਸ ਤੌਰ 'ਤੇ ਅਮਰੀਕਾ ਤੋਂ ਆਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ 'ਤੇ।

ਅਮਰੀਕਾ ਦੇ ਨਵੇਂ ਬਣਨ ਵਾਲੇ ਰਾਸ਼ਟਰਪਤੀ ਟਰੰਪ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਬਾਰੇ ਸ਼ੋਸ਼ਲ ਮੀਡੀਆ 'ਤੇ ਉਦੋਂ ਬੋਲ ਰਹੇ ਹਨ ਜਦੋਂ ਟਰੂਡੋ ਅੰਦਰੂਨੀ ਅਤੇ ਬਾਹਰੀ ਤੌਰ 'ਤੇ ਸਿਆਸੀ ਸੰਕਟ ਵਿੱਚ ਫਸੇ ਹੋਏ ਹਨ। ਕਿਹਾ ਜਾ ਰਿਹਾ ਹੈ ਕਿ ਟਰੰਪ ਕੈਨੇਡਾ ਦੀ ਨਾਜ਼ੁਕ ਸਥਿਤੀ ਦਾ ਪੂਰਾ ਫਾਇਦਾ ਚੁੱਕ ਰਹੇ ਹਨ।

ਬਹੁਤ ਕੈਨੇਡੀਅਨ ਲੋਕਾਂ ਦਾ ਇਹ ਕਹਿਣਾ ਹੈ ਕਿ "ਟਰੰਪ ਦਾ ਇਹ ਬਿਆਨ ਇੱਕ ਪ੍ਰਭੂਸੱਤਾ ਸੰਪੰਨ ਰਾਸ਼ਟਰ ਵਜੋਂ ਕੈਨੇਡਾ ਦੀ ਸਥਿਤੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਹੈ।"

"ਟਰੰਪ ਜਿਨ੍ਹਾਂ ਸ਼ਬਦਾਂ ਦੀ ਚੋਣ ਕਰ ਰਹੇ ਹਨ, ਉਹ ਦੋਵਾਂ ਦੇਸ਼ਾਂ ਵਿਚਾਲੇ ਬਰਾਬਰੀ ਜੇ ਸਬੰਧ ਵਿੱਚ ਬਦਲਾਅ ਲਿਆਉਣ ਦੀ ਕੋਸ਼ਿਸ਼ ਕਰਦਾ ਦਿਖ ਰਿਹਾ ਹੈ। ਇਸ ਨੂੰ ਮਹਿਜ਼ ਮਜ਼ਾਕ ਵਜੋਂ ਨਹੀਂ ਦੇਖਿਆ ਜਾ ਸਕਦਾ ਹੈ।"

ਕੈਨੇਡਾ ਅਤੇ ਅਮਰੀਕਾ ਦਾ ਆਪਸੀ ਵਿਓਪਾਰ ਬਹੁਤ ਵੱਡੇ ਪੱਧਰ 'ਤੇ ਹੁੰਦਾ ਹੈ। ਕੈਨੇਡਾ ਦੀ ਕੁੱਲ ਬਰਾਮਦ ਦਾ 75 ਫੀਸਦੀ ਬਰਾਮਦਗੀ ਅਮਰੀਕਾ ਵਿੱਚ ਹੁੰਦਾ ਹੈ। ਟਰੰਪ ਨੇ ਕੈਨੇਡਾ 'ਤੇ 25 ਫੀਸਦੀ ਟੈਰਿਫ ਲਗਾਉਣ ਦੀ ਚੇਤਾਵਨੀ ਦਿੱਤੀ ਹੈ।

ਕਿਹਾ ਜਾ ਰਿਹਾ ਹੈ ਕਿ ਟਰੰਪ ਨੇ ਸਿੱਧੇ ਕੈਨੇਡਾ ਦੀ ਆਰਥਿਕ ਪ੍ਰਭੂਸੱਤਾ ਨੂੰ ਚੁਣੌਤੀ ਦਿੱਤੀ ਹੈ ਪਰ ਇਹ ਸਿਆਸੀ ਪ੍ਰਭੂਸੱਤਾ ਨੂੰ ਵੀ ਆਪਣੇ ਘੇਰੇ ਵਿੱਚ ਲੈ ਲਵੇਗੀ। ਕੈਨੇਡਾ ਦੀ ਲੀਡਰਸ਼ਿਪ ਲਈ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਟਰੰਪ ਦੀ ਧਮਕੀ ਤੋਂ ਬਾਅਦ ਆਰਥਿਕ ਖ਼ੁਦਮੁਖਤਿਆਰੀ ਦੀ ਰੱਖਿਆ ਕਿਵੇਂ ਕੀਤੀ ਜਾਵੇ।

ਜਿਵੇਂ ਕਿ "ਟਰੰਪ ਦਾ ਕਹਿਣਾ ਹੈ ਕਿ ਕੈਨੇਡਾ ਅਮਰੀਕੀ ਰਾਜ ਬਣ ਜਾਂਦਾ ਹੈ ਤਾਂ ਕੈਨੇਡੀਅਨ ਨਾਗਰਿਕਾਂ ਨੂੰ ਭਾਰੀ ਟੈਕਸਾਂ ਤੋਂ ਰਾਹਤ ਮਿਲੇਗੀ। ਪਰ ਕੈਨੇਡੀਅਨ ਲੋਕਾਂ ਦਾ ਕਹਿਣਾ ਹੈ ਕਿ

ਕੈਨੇਡਾ ਅਤੇ ਅਮਰੀਕਾ ਦੀਆਂ ਸਮਾਜਿਕ ਪ੍ਰਣਾਲੀਆਂ ਵਿੱਚ ਬੁਨਿਆਦੀ ਅੰਤਰ ਹੈ।"

ਜੇ ਕੈਨੇਡਾ ਵਿੱਚ ਟੈਕਸ ਵੀ ਜ਼ਿਆਦਾ ਹਨ ਅਤੇ ਅਮਰੀਕਾ ਦੇ ਮੁਕਾਬਲੇ ਸਹੂਲਤਾਂ ਵੀ ਜ਼ਿਆਦਾ ਹਨ ਅਤੇ ਹਿੰਸਾ-ਅਪਰਾਧ ਅਮਰੀਕਾ ਦੇ ਮੁਕਾਬਲੇ ਬਹੁਤ ਹੀ ਜ਼ਿਆਦਾ ਘੱਟ ਹੈ। ਇਥੇ ਸਾਰੇ ਲੋਕਾਂ ਲਈ ਬਰਾਬਰ ਮੈਡੀਕਲ ਸਹੂਲਤਾਂ ਹਨ ਅਤੇ ਇਹ ਕੈਨੇਡਾ ਦੀ ਸਮਾਜਿਕ ਸੁਰੱਖਿਆ ਦੀ ਤਰਜੀਹ ਨੂੰ ਦਰਸਾਉਂਦੀ ਹੈ।

ਜੇ ਟਰੰਪ ਨੂੰ ਲੱਗਦਾ ਹੈ ਕਿ ਟੈਕਸ ਬਚਤ ਦੀ ਪੇਸ਼ਕਸ਼ ਨਾਲ ਕੈਨੇਡਾ ਦੇ ਲੋਕ ਖਿੱਚੇ ਜਾਣਗੇ ਤਾਂ ਉਹ ਕੈਨੇਡਾ ਦੀਆਂ ਕਦਰਾਂ-ਕੀਮਤਾਂ ਨੂੰ ਸਮਝਣ ਵਿੱਚ ਭੁੱਲ ਕਰ ਰਹੇ ਹਨ। ਜ਼ਿਆਦਾਤਰ ਕੈਨੇਡੀਅਨ ਲੋਕਾਂ ਨੇ ਟਰੰਪ ਦੇ ਵਿਚਾਰ ਨੂੰ ਖਾਰਜ ਕਰ ਦਿੱਤਾ।

ਕੈਨੇਡੀਅਨ ਲੋਕਾਂ ਦੀ ਸਮਝ ਤੋਂ ਬਾਹਰ ਹੈ ਕਿ ਟਰੰਪ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਦੇਸ਼ ਦੇ ਮੋਹਰੀ ਨੇਤਾ ਹਨ ਅਤੇ ਕੈਨੇਡਾ ਤੇ ਅਮਰੀਕਾ ਇਤਿਹਾਸਕ ਤੌਰ 'ਤੇ ਦੋਸਤ ਰਹੇ ਹਨ। ਇਸੇ ਲਈ ਉਹ ਅਜਿਹੀਆਂ ਗੱਲਾਂ ਕਰ ਰਹੇ ਹਨ।

ਕੈਨੇਡਾ ਦੁਨੀਆ ਦਾ ਚੌਥਾ ਵੱਡਾ ਕੱਚੇ ਤੇਲ ਦਾ ਉਤਪਾਦਕ ਹੈ ਪਰ ਟਰੰਪ ਦਾ ਟੈਰਿਫ ਊਰਜਾ ਤੋਂ ਹਾਸਲ ਹੋਣ ਵਾਲੇ ਮਾਲੀਏ ਤੇ ਵੀ ਭਾਰੀ ਸੱਟ ਮਾਰੇਗਾ। ਦੂਜੇ ਪਾਸੇ ਟਰੰਪ ਅਮਰੀਕਾ ਵਿੱਚ ਘਰੇਲੂ ਊਰਜਾ ਦਾ ਉਤਪਾਦਨ ਵਧਾਉਣਾ ਚਾਹੁੰਦੇ ਹਨ।

ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਜੇ ਟਰੰਪ ਟਰੈਫਿ ਲਗਾ ਦਿੰਦੇ ਹਨ ਤਾਂ 2028 ਦੇ ਅੰਤ ਕੈਨੇਡਾ ਦੀ ਜੀਡੀਪੀ ਵਿੱਚ 1.7 ਫੀਸਦੀ ਤੱਕ ਗਿਰਾਵਟ ਆ ਸਕਦੀ ਹੈ।

ਡੋਨਲਡ ਟਰੰਪ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਮਗਰੋਂ ਯੂਐੱਸ-ਮੈਕਸੀਕ-ਕੈਨੇਡਾ ਦੇ ਸਮਝੌਤੇ ਦੀ ਸਮੀਖਿਆ ਬਾਰੇ ਵੀ ਗੱਲ ਕਹਿ ਰਹੇ ਹਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਵੀ ਕਹਿਣਾ ਹੈ ਕਿ ਟਰੰਪ ਦਾ ਦੂਜਾ ਕਾਰਜਕਾਲ ਪਹਿਲੇ ਕਾਰਜਕਾਲ ਨਾਲੋਂ ਜ਼ਿਆਦਾ ਚੁਣੌਤੀ ਭਰਿਆ ਹੋਵੇਗਾ।

## ਸਰਕਾਰ ਵਲੋਂ ਬਦਲੇ ਨਿਯਮਾਂ...

ਰਹੀ ਚੋਰ ਮੋਹਰੀਆਂ ਅਤੇ ਧੋਖਾਧੜੀ ਨੂੰ ਘਟਾਏਗਾ। ਸਰਕਾਰ ਵਲੋਂ ਕਿਹਾ ਗਿਆ ਹੈ ਇਹ ਇਸ ਲਈ ਕੀਤਾ ਗਿਆ ਤਾਂ ਜੋ ਕਿਸੇ ਉਮੀਦਵਾਰ ਦੇ ਸਥਾਈ ਨਿਵਾਸੀ ਵਜੋਂ ਕੈਨੇਡਾ ਆਉਣ ਲਈ ਚੁਣੇ ਜਾਣ ਵਜੋਂ ਕੈਨੇਡਾ ਆਉਣ ਦੀਆਂ ਸੰਭਾਵਨਾਵਾਂ ਨੂੰ ਬਿਹਤਰ ਬਣਾਇਆ ਜਾ ਸਕੇ।

ਇਸ ਨਾਲ ਕੈਨੇਡਾ ਦੀ ਆਰਥਿਕਤਾ ਲਈ ਲੋੜੀਂਦੇ ਹੁਨਰਮੰਦ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਮਹੱਤਵਪੂਰਨ ਕਦਮ ਚੁੱਕ ਰਹੇ ਹਾਂ। ਇਮੀਗ੍ਰੇਸ਼ਨ ਹਮੇਸ਼ਾ ਹੀ ਕੈਨੇਡਾ ਦੀ ਸਫ਼ਲਤਾ ਦਾ ਆਧਾਰ ਰਿਹਾ ਹੈ ਅਤੇ ਅਸੀਂ ਕੈਨੇਡਾ ਵਿੱਚ ਸਭ ਤੋਂ ਉਤਮ ਅਤੇ ਹੋਣਹਾਰ ਲੋਕਾਂ ਲਈ ਕੰਮ ਕਰਨ ਲਈ ਵਚਨਬੱਧ ਹਾਂ ਤਾਂ ਜੋ ਹਰ ਕਿਸੇ ਦੀ ਤਰੱਕੀਆਂ ਲਈ ਲੋੜੀਂਦੀਆਂ ਮਿਆਰੀ ਨੌਕਰੀਆਂ, ਘਰਾਂ ਤੱਕ ਪਹੁੰਚ ਹੋ ਸਕੇ।" ਬਿਆਨ ਵਿੱਚ ਕਿਹਾ ਗਿਆ, "ਸਾਡੇ ਦੇਸ਼ ਦੇ ਵਿਕਾਸ ਅਤੇ ਸਫਲ ਆਰਥਿਕ ਢਾਂਚੇ ਲਈ ਇਮੀਗ੍ਰੇਸ਼ਨ ਜ਼ਰੂਰੀ ਹੈ। ਅਸੀਂ ਮੁੱਖ ਖੇਤਰਾਂ ਵਿੱਚ ਕੰਮ ਕਰਨ ਲਈ ਆਉਣ ਵਾਲੇ ਨਵੇਂ ਲੋਕਾਂ ਦਾ ਸਵਾਗਤ ਕਰਨਾ ਜਾਰੀ ਰੱਖਦੇ ਹਾਂ।"

ਕੈਨੇਡਾ ਸਰਕਾਰ ਦੇ ਬਿਆਨ ਮੁਤਾਬਕ ਇਨ੍ਹਾਂ ਨਿਯਮਾਂ ਦੇ ਲਾਗੂ ਹੋਣ ਤੋਂ ਬਾਅਦ ਇਹ ਤਬਦੀਲੀਆਂ ਐਕਸਪ੍ਰੈੱਸ ਐਂਟਰੀ ਸਿਸਟਮ ਰਾਹੀਂ ਸਥਾਈ ਨਿਵਾਸ (ਪੀਆਰ) ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਪ੍ਰਭਾਵਿਤ ਕਰਨਗੀਆਂ। ਇਨ੍ਹਾਂ ਵਿੱਚ ਮੌਜੂਦਾ ਸਮੇਂ ਕੈਨੇਡਾ 'ਚ ਅਸਥਾਈ ਤੌਰ 'ਤੇ ਕੰਮ ਕਰਨ ਵਾਲੇ ਕਾਮੇ ਵੀ ਸ਼ਾਮਲ ਹਨ।

ਸਰਕਾਰ ਅਨੁਸਾਰ ਇਹ ਤਬਦੀਲੀਆਂ ਉਨ੍ਹਾਂ ਨੂੰ ਪ੍ਰਭਾਵਿਤ ਨਹੀਂ ਕਰਨਗੀਆਂ, ਜਿਨ੍ਹਾਂ ਨੂੰ ਪਹਿਲਾਂ ਹੀ ਅਰਜ਼ੀ ਦੇਣ ਲਈ ਸੱਦਾ ਦਿੱਤਾ ਗਿਆ ਜਾਂ ਜਿਨ੍ਹਾਂ ਦੀ ਅਰਜ਼ੀ ਲੱਗ ਚੁੱਕੀ ਹੈ। ਤਬਦੀਲੀ ਤੋਂ ਬਾਅਦ ਇਹ ਨਿਯਮ ਪੂਲ ਵਿੱਚ ਨੌਕਰੀ ਦੀ ਪੇਸ਼ਕਸ਼ ਕਰਨ ਵਾਲੇ ਸਾਰੇ ਉਮੀਦਵਾਰਾਂ ਦੇ ਨਾਲ-ਨਾਲ ਪੂਲ ਵਿੱਚ ਦਾਖਲ ਹੋਣ ਵਾਲੇ ਨਵੇਂ ਉਮੀਦਵਾਰਾਂ 'ਤੇ ਲਾਗੂ ਹੋਵੇਗਾ।

ਕੁਝ ਇੰਮੀਗਰੇਸ਼ਨ ਸਲਾਹਕਾਰਾਂ ਅਨੁਸਾਰ ਨਿਯਮਾਂ ਵਿੱਚ ਕੀਤੀਆਂ ਨਵੀਆਂ ਤਬਦੀਲੀਆਂ ਨਾਲ ਪੀਆਰ ਵਾਲੀਆਂ ਫਾਈਲਾਂ ਉਪਰ ਪ੍ਰਭਾਵ ਤਾਂ ਜ਼ਰੂਰ ਪਵੇਗਾ ਪਰ ਇਸ ਦਾ ਵਰਕ ਪਰਮਿਟ 'ਤੇ ਕੋਈ ਅਸਰ ਨਹੀਂ ਹੋਵੇਗਾ।"

"ਕੈਨੇਡਾ ਵਿੱਚ ਹੋਈ ਸਖ਼ਤੀ ਕਾਰਨ ਹੁਣ ਕਈ ਨੌਜਵਾਨ ਆਪਣੇ ਪੁਆਇੰਟ ਪੂਰੇ ਕਰਨ ਲਈ ਐੱਲਐੱਮਆਈਏ ਖਰੀਦ ਰਹੇ ਸਨ। ਇਸ ਪਿੱਛੇ ਕਾਰਨ ਇਹ ਹੈ ਕਿ ਕੈਨੇਡਾ ਵਿੱਚ ਪੀਆਰ ਲੈਣ ਦਾ ਸਕੋਰ ਕਾਫੀ ਵੱਧ ਗਿਆ ਹੈ। ਨੌਜਵਾਨਾਂ ਵਿੱਚ ਹੁਣ ਡਰ ਹੈ ਕਿ ਇਸ ਸਖ਼ਤੀ ਕਾਰਨ ਉਹ ਪੱਕੇ ਨਹੀਂ ਹੋਣਗੇ ਤੇ ਉਨ੍ਹਾਂ ਨੂੰ ਵਾਪਸ ਪਰਤਣਾ ਪਵੇਗਾ।"

ਜ਼ਿਕਰਯੋਗ ਹੈ ਕਿ ਕੈਨੇਡਾ ਸਰਕਾਰ ਦੀ ਸਖ਼ਤੀ ਕਾਰਨ ਕਈ ਨੌਜਵਾਨ ਕੈਨੇਡਾ ਤੋਂ ਅਮਰੀਕਾ ਵੱਲ ਵੀ ਪਰਵਾਸ ਕਰ ਚੁੱਕੇ ਹਨ ਤੇ ਕਈ ਵਾਪਸ ਭਾਰਤ ਪਰਤ ਗਏ ਹਨ। "ਐੱਲਐੱਮਆਈਏ ਦੇ ਨਾਂ ਉਪਰ ਕੈਨੇਡਾ ਵਿੱਚ ਕਈ ਨੌਜਵਾਨ ਲੜਕੇ-ਲੜਕੀਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਸੀ।

ਕਈ ਰੁਜ਼ਗਾਰਦਾਤਾ ਕੈਨੇਡਾ ਵਿੱਚ ਨੌਜਵਾਨਾਂ ਨਾਲ ਇਹ ਸਮਝੌਤਾ ਕਰਦੇ ਹਨ ਕਿ ਉਹ ਤਿੰਨ ਸਾਲ ਤੱਕ ਉਨ੍ਹਾਂ ਕੋਲ ਘੱਟ ਤਨਖ਼ਾਹ ਉਪਰ ਕੰਮ ਕਰਨ ਤਾਂ ਬਾਅਦ ਵਿੱਚ ਉਨ੍ਹਾਂ ਨੂੰ ਪੇਪਰ ਦਿੱਤੇ ਜਾਣਗੇ ਅਤੇ ਵੱਡੇ ਪੱਧਰ 'ਤੇ ਅਜਿਹੇ ਲੋਕਾਂ ਵਲੋਂ ਨੌਜਵਾਨਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਐਕਸਪ੍ਰੈੱਸ ਐਂਟਰੀ ਸਿਸਟਮ ਨੂੰ ਪੂਲ ਸਿਸਟਮ ਕਿਹਾ ਜਾਂਦਾ ਹੈ। ਇਹ ਇੱਕ ਪੋਰਟਲ ਹੈ, ਜਿਸ ਦੇ ਡਰਾਅ ਨਿਕਲਦੇ ਹਨ। ਇਸ ਵਿੱਚ ਵਿਅਕਤੀ ਕੋਲ ਜਿਸ ਸੂਬੇ ਵਿੱਚ ਵਿਅਕਤੀ ਦਾ ਰੁਜ਼ਗਾਰ ਹੈ ਉਸ ਨੂੰ ਉਥੋਂ ਦੀ ਪੀਐੱਨਪੀ ਮਿਲ ਜਾਂਦੀ ਹੈ। ਇਸ ਵਿੱਚ ਬਣੀਆਂ ਨੀਤੀਆਂ ਰਾਹੀਂ ਪੀਆਰ ਦੀਆਂ ਫਾਈਲਾਂ ਲਗਾਈਆਂ ਜਾਂਦੀਆਂ ਹਨ।"

"ਇਸ ਰਾਹੀਂ ਕੋਈ ਵੀ ਵਿਅਕਤੀ ਜੋ ਫੈਡਰਲ ਸਰਕਾਰ ਦੇ ਦਿੱਤੇ ਪੁਆਇੰਟਾਂ ਨੂੰ ਪੂਰਾ ਕਰਦਾ ਹੋਵੇ, ਪੀਆਰ ਲਈ ਅਪਲਾਈ ਕਰ ਸਕਦਾ ਹੈ।"

ਨੀਤੀਆਂ ਬਦਲਣ ਦੇ ਕਾਰਨ ਬਹੁਤ ਸਾਰੇ ਨੌਜਵਾਨ ਜੋ ਕੈਨੇਡਾ 'ਚ ਰਹਿ ਰਹੇ ਹਨ ਉਨ੍ਹਾਂ ਲਈ ਮੁਸ਼ਕਲਾਂ ਬਣ ਗਈਆਂ ਹਨ ਜਾਂ ਤਾਂ ਉਨ੍ਹਾਂ ਨੂੰ ਪੋਸਟ ਗ੍ਰੈਜੂਏਸ਼ਨ ਡਿਗਰੀਆਂ ਪ੍ਰਾਪਤ ਕਰਨੀਆਂ ਪੈਣਗੀਆਂ ਜਾਂ ਫਿਰ ਵਾਪਸ ਆਪਣੇ ਦੇਸ਼ ਜਾਣਾ ਪੈ ਸਕਦਾ ਹੈ।



# SABZI MANDI SUPERMARKET

*Serving our Community since 2003*

## Happy New Year

Wishing everyone a happy, healthy and prosperous 2025

HOT PRICE — US #1 SPINACH ਪਾਲਕ Bunch 1.79 ea

HOT PRICE — JUMBO EGGPLANT ਵੱਡੇ ਵਤਾਊਂ 88¢ ea

HOT PRICE — FRESH CILANTRO ਧਨੀਆਂ Bunch 2 for 99¢

HOT PRICE — INDIAN KARELA ਦੇਸੀ ਕਰੇਲੇ 1.99 /lb

GITS READY TO EAT ਗਿਟਸ ਰੈਡੀ ਟੂ ਈਟ 300g 2 for $6

## UNBEATABLE DEAL

BRAR'S PANEER ਬਰਾੜ ਪਨੀਰ 375g 3.99 ea

BC GREEN CABBAGE ਪੱਤ ਗੋਭੀ 69¢ /lb

PUNJABI BY NATURE SUJI RUSK ਪੰਜਾਬੀ ਬਾਈ ਨੇਚਰ ਸੂਜੀ ਰੱਸਕ 600g 4.99 ea

FRESH GINGER ਅੱਦਰਕ 1.89 /lb

LEHAR GACHAK ਲੈਹਰ ਗੱਚਕ 400g 3.49 ea

MERI CHAI TEA ਮੇਰੀ ਚਾਹ 216's 5.99 ea

BROWN SUGAR ਭੂਰੀ ਖੰਡ 8lb 6.99 ea

ROASTY TOASTY SNACKS ਰੋਸਟੀ ਟੋਸਟੀ ਨਮਕੀਨ Asst., 150g 1.49 ea

AMBROSIA APPLES ਐਮਬਰੋਜ਼ਾ ਸੇਬ 99¢ /lb

TATA AGNI TEA ਟਾਟਾ ਅੱਗਣੀ ਚਾਹ 1kg 9.99 ea

ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea

HEER DURUM FLOUR ਹੀਰ ਦੁਰਮ ਆਟਾ 20lb 12.99 ea

VERKA DESI GHEE ਵੇਰਕਾ ਦੇਸੀ ਘਿਉ 3kg 41.99 ea

US #1 POTATOES ਆਲੂ 10lb 3.99 ea

PUNJABI BY NATURE SOYA CHAAP ਪੰਜਾਬੀ ਬਾਈ ਨੇਚਰ ਸੋਯਾ ਚਾਪ 850g 3.99 ea

ROSHNI KACCHI GHANI MUSTARD OIL ਰੋਸ਼ਨੀ ਕੱਚੀ ਘਾਣੀ ਸਰੋਂ ਦਾ ਤੇਲ 4L Tin 24.99 ea

FRESH ZUCCHINI ਤੋਰੀ 79¢ /lb

BC GALA APPLES ਬੀ.ਸੀ. ਗੈਲਾ ਸੇਬ 88¢ /lb

INDIAN EGGPLANT ਦੇਸੀ ਵਤਾਊਂ 1.89 /lb

PROUDLY CANADIAN • PROUDLY PUNJABI!

Western Union

Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ

SALES DATES: Fri. December 27, 2024 - Wed. January 01, 2025

MasterCard VISA American Express Interac

American Express accepted at three locations.

Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.

STORES OPEN 7 DAYS A WEEK

Visit one of our great locations so we can serve you today!

| | |
|---|---|
| NEWTON STORE: #106 - 12568 72nd Ave., Surrey | 604-590-2400 |
| NEWTON 80th AVENUE: 13208 80th Ave., Surrey | 778-565-7880 |
| NEWTON EXCHANGE: 101-13753 72 Ave., Surrey | 604-581-2400 |
| NEWTON EAST: 15299 68th Ave., Surrey | 604-598-8006 |
| ABBOTSFORD: 31831 S. Fraser Way, Abbotsford | 604-864-9193 |
| KELOWNA: 284 Hwy 33W, Kelowna | 778-753-2800 |
| BURNABY: 7565 6th Street, Burnaby | 604-553-6603 |
| RICHMOND: 9371 No 5 Rd, Richmond | 604-285-2400 |
| NEWTON 64 AVE: 140-6350 120 st, Surrey | 778-565-1266 |
| LANGLEY: #50 – 20150 Langley Bypass, Langley | 604-427-3912 |
| ABBOTSFORD: 2777 Gladwin Road, Abbotsford | 604-744-2077 |

SABZI MANDI SUPERMARKET

You can also visit us online at www.sabzimandicanada.com